TARAKSHEEL SOCIETY PUNJAB (REGD.)

ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

# ਤਰਕਸ਼ੀਲ

ਸਤੰਬਰ-ਅਕਤੂਬਰ 2015



ਅੰਤਰਝਾਤ :

* ਹਵਾ ਮੇਂ ਰਹੇਗੀ ... (2)
* ਰਚਨਾਤਮਕ ਸੋਚ (5)
* ਇਤਿਹਾਸ ਦੇ ਨਕਸ਼ (13)
* ਸਿਹਤ ਅਤੇ ਬਜ਼ਾਰ (32)

20/-

ਮਜ਼ਹਬੀ ਵਹਿਮ ਅਤੇ ਤੁਅੱਸਬ ਸਾਡੀ ਤਰੱਕੀ ਦੇ ਰਾਹ ਵਿੱਚ ਵੱਡੀ ਰੁਕਾਵਟ ਹਨ। ...ਸ਼ਹੀਦ ਭਗਤ ਸਿੰਘ

# ਯੁੱਧ ਤੇ ਸ਼ਾਂਤੀ



ਪਾਸ਼
(ਜਨਮ 9 ਸਤੰਬਰ 1950)

ਅਸੀਂ ਜਿਨ੍ਹਾਂ ਨੇ ਯੁੱਧ ਨਹੀਂ ਕੀਤਾ
ਤੇਰੇ ਸਾਊ ਪੁੱਤ ਨਹੀਂ ਹਾਂ ਜ਼ਿੰਦਗੀ
ਉਂਜ ਅਸੀਂ ਸਦਾ ਹੀ ਸਾਊ ਬਣਨਾ ਲੋਚਦੇ ਰਹੇ
ਅਸੀਂ ਦੋ ਰੋਟੀਆਂ ਤੇ ਮਾੜੀ ਜਿਹੀ ਰਜਾਈ ਬਦਲੇ
ਯੁੱਧ ਦੇ ਆਕਾਰ ਨੂੰ ਸੁੰਗੇੜਨਾ ਚਾਹਿਆ
ਅਸੀਂ ਬੇਅਣਖੀ ਦੀਆਂ ਤੰਦਾਂ 'ਚ ਅਮਨ ਵਰਗਾ ਕੁਝ ਉਣਦੇ ਰਹੇ
ਅਸੀਂ ਬਰਛੀ ਦੇ ਵਾਂਗ ਹੱਡਾਂ ਵਿੱਚ ਖੁੱਭੇ ਹੋਏ ਸਾਲਾਂ ਨੂੰ ਉਮਰ ਕਹਿੰਦੇ ਰਹੇ
ਜਦ ਹਰ ਘੜੀ ਕਿਸੇ ਬਿਫਰੇ ਸ਼ਰੀਕ ਵਾਂਗ ਸਿਰ 'ਤੇ ਗੜਕਦੀ ਰਹੀ
ਅਸੀਂ ਸੰਦੂਕ ਵਿੱਚ ਲੁਕ ਲੁਕ ਕੇ ਯੁੱਧ ਨੂੰ ਟਾਲਦੇ ਰਹੇ।

ਯੁੱਧ ਤੋਂ ਬਚਣ ਦੀ ਲਾਲਸਾ 'ਚ ਬਹੁਤ ਨਿੱਕੇ ਹੋ ਗਏ ਅਸੀਂ
ਕਦੇ ਤਾਂ ਹੰਭੇ ਹੋਏ ਪਿਓ ਨੂੰ 'ਅੰਨ ਖਾਣੇ' ਬੁੜ੍ਹੇ' ਦਾ ਨਾਮ ਦਿੱਤਾ
ਕਦੇ ਫਿਕਰਾਂ ਗ੍ਰਸੀ ਤੀਵੀਂ ਨੂੰ 'ਚੁੜੇਲ' ਦਾ ਸਾਇਆ ਕਿਹਾ
ਸਦਾ ਦਿਸਹੱਦੇ 'ਤੇ ਨੀਲਾਮੀ ਦੇ ਦ੍ਰਿਸ਼ ਤਰਦੇ ਰਹੇ
ਤੇ ਅਸੀਂ ਸੁਬਕ ਜਹੀਆਂ ਧੀਆਂ ਦੀਆਂ ਅੱਖਾਂ 'ਚ ਅੱਖ ਪਾਉਣੋਂ ਡਰੇ
ਯੁੱਧ ਸਾਡੇ ਸਿਰਾਂ ਤੇ ਅਕਾਸ਼ ਵਾਂਗ ਛਾਇਆ ਰਿਹਾ
ਅਸੀਂ ਧਰਤੀ 'ਚ ਪੁੱਟੇ ਭੋਰਿਆਂ ਨੂੰ ਮੋਰਚੇ ਵਿੱਚ ਬਦਲਣੋਂ ਜਕਦੇ ਰਹੇ।

ਡਰ ਕਦੇ ਹੱਥਾਂ 'ਤੇ ਵਗਾਰ ਬਣ ਕੇ ਉੱਗ ਆਇਆ
ਡਰ ਕਦੇ ਸਿਰਾਂ ਉੱਤੇ ਪੱਗ ਬਣ ਕੇ ਸਜ ਗਿਆ
ਡਰ ਕਦੇ ਮਨਾਂ ਅੰਦਰ ਸੁਹਜ ਬਣ ਕੇ ਮਹਿਕਿਆ
ਡਰ ਕਦੇ ਰੂਹਾਂ 'ਚ ਸੱਜਣਤਾਈ ਬਣ ਗਿਆ
ਕਦੇ ਬੁੱਲ੍ਹਾਂ 'ਤੇ ਚੁਗਲੀ ਬਣ ਕੇ ਬੁੜਬੁੜਾਇਆ
ਅਸੀਂ ਹਾਂ ਜ਼ਿੰਦਗੀ, ਜਿਨ੍ਹਾਂ ਨੇ ਯੁੱਧ ਨਹੀਂ ਕੀਤਾ
ਤੇਰੇ ਬੜੇ ਮੱਕਾਰ ਪੁੱਤਰ ਹਾਂ।

ਤੇਲ ਘਾਟੇ ਸੜਦੀਆਂ ਫਸਲਾਂ
ਬੈਂਕ ਦੀਆਂ ਮਿਸਲਾਂ ਦੇ ਜਾਲ ਅੰਦਰ ਫੜਫੜਾਉਂਦੇ ਪਿੰਡ
ਤੇ ਸ਼ਾਂਤੀ ਲਈ ਫੈਲੀਆਂ ਬਾਹਾਂ
ਸਾਡੇ ਯੁੱਗ ਦਾ ਸਭ ਤੋਂ ਕਮੀਨਾ ਚੁਟਕਲਾ ਹੈ।

ਸ਼ਾਂਤੀ ਸੱਥਾਂ 'ਚ ਰੁਲਦੀਆਂ ਦਾਹੜੀਆਂ ਦਾ ਹਾਉਕਾ ਹੈ
ਸ਼ਾਂਤੀ ਦੁੱਖਾਂ ਤੇ ਸੁੱਖਾਂ ਵਿਚ ਬਣੀ ਸਰਹੱਦ ਉਤਲੇ ਸੰਤਰੀ ਦੀ ਰਫਲ ਹੈ
ਸ਼ਾਂਤੀ ਚਗਲੇ ਹੋਏ ਵਿਦਵਨਾਂ ਦੇ ਮੂੰਹ 'ਚ ਡਿਗਦੀ ਰਾਲ਼ ਹੈ
ਸ਼ਾਂਤੀ ਪੁਰਸਕਾਰ ਲੈਂਦੇ ਕਵੀਆਂ ਦੀਆਂ ਵਧੀਆਂ ਹੋਈਆਂ ਬਾਹਾਂ ਦਾ ਟੁੰਡ ਹੈ
ਸ਼ਾਂਤੀ ਵਜ਼ੀਰਾਂ ਦੇ ਪਹਿਨੇ ਹੋਏ ਖੱਦਰ ਦੀ ਚਮਕ ਹੈ
ਸ਼ਾਂਤੀ ਹੋਰ ਕੁਝ ਨਹੀਂ ਹੈ।

*(ਕਵਿਤਾ ਯੁੱਧ ਅਤੇ ਸ਼ਾਂਤੀ 'ਚੋਂ ਕੁਝ ਅੰਸ਼)*

*ਮੇਰਾ ਨਹੀਂ ਖਿਆਲ ਕਿ ਰੱਬ ਵਰਗੀ ਕਿਸੇ ਚੀਜ਼ ਦੀ ਮੇਰੇ ਜੀਵਨ 'ਚ ਕੋਈ ਜ਼ਰੂਰਤ ਹੈ। ...ਸਲਮਾਨ ਰਸ਼ਦੀ*


ਮੁੱਖ ਸੰਪਾਦਕ
ਬਲਬੀਰ ਚੰਦ ਲੌਂਗੋਵਾਲ
98153 17028
balbirchand1966@gmail.com

ਸੰਪਾਦਕੀ ਬੋਰਡ
ਹੇਮ ਰਾਜ ਸਟੈਨੋ
98769 53561
tarksheeloffice@gmail.com
ਰਾਮ ਸਵਰਨ ਲੱਖੇਵਾਲੀ
94173 62085
ramswarn@gmail.com
ਜਸਵੰਤ ਮੋਹਾਲੀ
98555 30721
jaswant_mohali@rediffmail.com
ਪਾਲ ਬਾਗਪੁਰ
94173 13738
pbaghpur@gmail.com

ਮੁੱਖ ਪ੍ਰਬੰਧਕ :
ਸੁਖਵਿੰਦਰ ਬਾਗਪੁਰ, 94174 27538
appuartpress@gmail.com

ਵਿਦੇਸ਼ੀ ਪ੍ਰਤੀਨਿਧ :
ਅਵਤਾਰ ਗਿੱਲ, ਕੈਨੇਡਾ
ਨਵਦੀਪ, ਲੈਸਟਰ (ਯੂ.ਕੇ.)
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ
(ਫੋਨ 001 416 681 7202)

ਸਰਵਰਕ : ਸਵਰਨਜੀਤ ਸਵੀ

ਚੰਦਾ
ਸਲਾਨਾ : 100 ਰੁਪਏ
ਵਿਦੇਸ਼ : 25 ਯੂ.ਐੱਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਫੋਨ : 01679-241466

ਬਲਵਿੰਦਰ ਬਰਨਾਲਾ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

# ਤਤਕਰਾ


| | |
|---|---|
| ਸੰਪਾਦਕੀ | 1 |
| ਹਵਾ ਮੇਂ ਰਹੇਂਗੀ ਮੇਰੇ ਖਿਆਲ ਕੀ ਬਿਜਲੀਆਂ | 2-4 |
| ਰਚਨਾਤਮਕ ਸੋਚ | 5-6 |
| ਬਲਾਤਕਾਰਾਂ ਦਾ ਵਧ ਰਿਹਾ ਘਿਣਾਉਣਾ ਵਰਤਾਰਾ | 7-10 |
| ਤਾਂ ਕਿ ਸਨਦ ਰਹੇ | 11-12 |
| ਇਤਿਹਾਸ ਦੇ ਨਕਸ਼ | 13-14 |
| ਖ਼ੋਜ ਖਬਰ | 15 |
| ਖਬਰ ਹੈ ਕਿ | 16 |
| ਲਫ਼ਜਾਂ ਦੀ ਲੋਅ | 17 |
| ਬ੍ਰਹਿਮੰਡ ਯਾਤਰਾ | 18-21 |
| ਮਨੋਰੋਗ ਮਾਹਿਰ ਦੀ ਕਲਮ ਤੋਂ | 22-24 |
| ਡਾ. ਦਭੋਲਕਰ ਦੀ ਸ਼ਹਾਦਤ ਤੇ | 25-28 |
| ਰਾਹ ਰੁਸ਼ਨਾਈ | 29 |
| ਵੰਨਗੀ | 30-31 |
| ਸਿਹਤ ਅਤੇ ਬਾਜ਼ਾਰ | 32-35 |
| ਹੱਡਬੀਤੀ | 36 |
| ਕੇਸ ਰਿਪੋਰਟ | 37-38 |
| ਬਾਲ ਕੋਨਾ | 39 |
| ਆਓ ਜਾਦੂ ਸਿੱਖੀਏ/ ਕਿਹੜੇ ਦਿਨ/ਕੀ | 40 |
| ਮਹਾਂਰਾਸ਼ਟਰ ਅੰਧ ਸ਼ਰਧਾ ਨਿਰਮੂਲਨ ਸਮਿਤੀ ਦੀ ਸਿਲਵਰ ਜੁਬਲੀ | 41 |
| ਸਾਡੇ ਵਿਗਿਆਨੀ(ਐਡੀਸਨ) | 42-43 |
| ਅੱਖਾਂ ਜੋ ਵੇਖਦੀਆਂ ਨਹੀਂ | 44 |
| ਪ੍ਰਤੀਕਰਮ | 45-46 |
| ਪੇਸ਼ ਕਦਮੀਆਂ/ ਤਰਕਸ਼ੀਲ ਸਾਹਿਤ ਵੈਨ ਦਾ ਸਫਰ | 47-52 |



ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ, (ਚੰਡੀਗੜ੍ਹ) ਮਿਤੀ 17-1-94 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।


# ਸੰਪਾਦਕੀ

ਐਫ਼.ਟੀ.ਆਈ.ਆਈ.(ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਆਫ ਇੰਡੀਆ) ਦੇ ਵਿਦਿਆਰਥੀਆਂ ਵੱਲੋਂ ਇਸ ਸੰਸਥਾ ਦੇ ਨਵ-ਨਿਯੁਕਤ ਚੇਅਰਮੈਨ ਗਜੇਂਦ੍ਰ ਚੌਹਾਨ ਦੀ ਨਿਯੁਕਤੀ ਖਿਲਾਫ਼ ਆਰੰਭੇ ਘੋਲ 'ਤੇ ਆਪਣਾ ਅਸਲੀ ਚਿਹਰਾ ਵਿਖਾਉਂਦਿਆਂ ਭਾਰਤ ਸਰਕਾਰ ਨੇ ਘੋਲ ਦੀ ਅਗਵਾਈ ਕਰ ਰਹੇ 30 ਵਿਦਿਆਰਥੀਆਂ ਨੂੰ ਹੋਸਟਲ ਖਾਲੀ ਕਰਨ ਦਾ ਹੁਕਮ ਦਿੱਤਾ ਅਤੇ ਭਵਿੱਖ ਵਿੱਚ ਹੋਰ ਵੱਡੀ ਕਾਰਵਾਈ ਕਰਨ ਦੀ ਧਮਕੀ ਦਿੱਤੀ।ਪੜ੍ਹਾਈ ਨਾ ਚੱਲਣ ਦਾ ਬਹਾਨਾ ਲਾ ਕੇ ਇਸ ਸੰਸਥਾ ਦੇ 82 ਕੱਚੇ ਮੁਲਾਜ਼ਮ ਵੀ ਨੌਕਰੀ ਤੋਂ ਹਟਾ ਦਿੱਤੇ।ਇਸ ਧਮਕੀ ਨੂੰ ਸੱਚ ਕਰਦਿਆਂ ਪੂਣੇ ਸਥਿਤ ਇਸ ਇੰਸਟੀਚਿਊਟ ਵਿੱਚ ਪੁਲਿਸ ਵੱਲੋਂ ਅੱਧੀ ਰਾਤ ਨੂੰ ਛਾਪਾ ਮਾਰ ਕੇ ਪੰਜ ਹੜਤਾਲੀ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਬਹੁਤ ਸਾਰਿਆਂ ਦੀ ਖਿੱਚ ਧੂਹ ਕੀਤੀ ਗਈ।ਬੀ.ਜੇ.ਪੀ. ਵੱਲੋਂ ਸੱਤਾ 'ਤੇ ਕਾਬਜ਼ ਹੋਣ ਬਾਅਦ ਅਹਿਮ ਸੰਸਥਾਵਾਂ ਵਿੱਚ ਨਿਯੁਕਤੀਆਂ ਦਾ ਆਧਾਰ ਅਕਾਦਮਿਕ ਜਾਂ ਪ੍ਰੋਫੈਸ਼ਨਲ ਯੋਗਤਾਵਾਂ ਨੂੰ ਨਹੀਂ, ਕਿਸ ਚੀਜ਼ ਨੂੰ ਬਣਾਇਆ ਜਾ ਰਿਹਾ? ਗਜੇਂਦ੍ਰ ਚੌਹਾਨ ਨੂੰ ਇਸ ਲਈ ਐਫ.ਟੀ.ਆਈ.ਆਈ. ਦਾ ਚੇਅਰਮੈਨ ਲਗਾਇਆ ਗਿਆ ਕਿ ਉਸਨੇ ਸੀਰੀਅਲ 'ਮਹਾਂਭਾਰਤ' ਵਿੱਚ 'ਯੁਧਿਸ਼ਟਰ' ਦਾ ਰੋਲ ਕੀਤਾ ਸੀ।ਉਸ ਦੀ ਵਿਚਾਰਧਾਰਾ ਭਗਵੀਂ ਹੈ।ਉਸ ਦੀ ਨਿਯੁਕਤੀ ਨਿਰੋਲ ਸਿਆਸੀ ਹੈ।ਇਸੇ ਤਰਜ 'ਤੇ ਹੋਰ ਸਿਆਸੀ ਨਿਯੁਕਤੀਆਂ ਹੋਈਆਂ ਹਨ।ਬਾਲ ਫਿਲਮ ਸੁਸਾਇਟੀ ਦਾ ਨਿਯੁਕਤ ਮੁਖੀ ਮੁਕੇਸ਼ ਖੰਨਾ ਭੀ ਗਜੇਂਦ੍ਰ ਚੌਹਾਨ ਵਾਂਗ 'ਮਹਾਂਭਾਰਤ' ਵਿੱਚ 'ਭੀਸ਼ਮ ਪਿਤਾਮਾ' ਦੀ ਭੂਮਿਕਾ ਨਿਭਾ ਚੁੱਕਾ ਹੈ।ਖੰਨੇ ਦਾ ਬੱਚਿਆਂ ਜਾਂ ਉਹਨਾਂ ਦੀਆਂ ਫਿਲਮਾਂ ਨਾਲ ਦੂਰ ਦਾ ਵੀ ਨਾਤਾ ਨਹੀਂ।ਫਿਲਮ ਸੈਂਸਰ ਪ੍ਰਮਾਣਨ ਬੋਰਡ ਦੇ ਪ੍ਰਮੁੱਖ ਪਹਲਾਜ ਨਿਹਲਾਨੀ ਭੀ ਕੁੱਝ ਪੂਰੀ ਤਰ੍ਹਾਂ ਪ੍ਰੋਫੈਸ਼ਨਲ ਫਿਲਮਾਂ ਦੇ ਔਸਤ ਨਿਰਦੇਸ਼ਕ ਰਹੇ ਹਨ, ਉਸ ਨੂੰ ਇਹ ਪਦ ਇਸ ਲਈ ਸੌਂਪਿਆ ਗਿਆ ਕਿ ਉਸ ਨੇ 2014 ਦੀਆਂ ਲੋਕ ਸਭਾ ਚੋਣਾਂ ਵਿੱਚ 'ਹਰ ਹਰ ਮੋਦੀ, ਘਰ ਘਰ ਮੋਦੀ' ਨਾਮੀ ਵੀਡੀਓ ਬਣਾਈ ਸੀ। ਨੈਸ਼ਨਲ ਬੁੱਕ ਟਰੱਸਟ ਦੇ ਮੁਖੀ ਪਦ 'ਤੇ ਬਲਦੇਵ ਭਾਈ ਸ਼ਰਮਾਂ ਨੂੰ ਬਿਠਾਇਆ ਗਿਆ, ਜੋ ਸੰਘ ਦੇ ਪ੍ਰਚਾਰਕ ਅਤੇ ਉਸਦੇ ਮੁੱਖ ਬੁਲਾਰੇ 'ਪਾਂਚਜੰਨਯ' ਦੇ ਸੰਪਾਦਕ ਰਹੇ ਹਨ।ਉਸ ਦੀ ਇੱਕ ਭੀ ਪੁਸਤਕ ਪ੍ਰਕਾਸ਼ਿਤ ਨਹੀਂ ਹੋਈ ਅਤੇ ਉਸ ਦੀ ਜਾਣ-ਪਛਾਣ ਵਿੱਚ ਇਹ ਭੀ ਦੱਸਿਆ ਗਿਆ ਹੈ ਕਿ ਉਹ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਤੇ ਇਹਨੀਂ ਦਿਨੀਂ ਰਾਜਸਥਾਨ ਦੇ ਰਾਜਪਾਲ ਕਲਿਆਣ ਸਿੰਘ ਨੂੰ ਭਾਜਪਾ ਵਿੱਚ ਲਿਆਏ ਸਨ।ਰਾਸ਼ਟਰੀ ਸੰਗ੍ਰਹਾਲਯ ਅਤੇ ਕੇਂਦਰੀ ਲਲਿਤ ਕਲਾ ਅਕਾਦਮੀ ਵਿੱਚ ਭੀ ਭਾਜਪਾ ਸਰਕਾਰ ਦੀ ਦਾਖਲ ਅੰਦਾਜ਼ੀ ਕਾਰਣ ਸਭਿਆਚਾਰਕ ਕਾਮਿਆਂ ਵਿੱਚ ਰੋਸ ਹੈ।ਕਈ ਸਾਲਾਂ ਬਾਅਦ ਇਹ ਸੰਸਥਾਵਾਂ ਇੱਕ ਆਈ.ਏ.ਐਸ. ਅਧਿਕਾਰੀ ਦੀਆਂ ਕੋਸ਼ਿਸਾਂ ਨਾਲ ਜੀਵੰਤ ਸੰਸਥਾਵਾਂ ਵਿੱਚ ਤਬਦੀਲ ਹੋ ਰਹੀਆਂ ਸਨ ਪਰ ਉਸ ਅਧਿਕਾਰੀ ਨੂੰ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਹੀ ਰਹੱਸਮਈ ਤਰੀਕੇ ਨਾਲ ਹਟਾ ਦਿੱਤਾ ਗਿਆ। ਸੰਘ ਪਰਿਵਾਰ ਦੀ ਸੰਸਥਾ 'ਅਖਿਲ ਭਾਰਤੀ ਇਤਿਹਾਸ ਸੰਕਲਨ ਯੋਜਨਾ' ਨਾਲ ਜੁੜੇ, ਜਾਤੀ ਪ੍ਰਬੰਧ ਦੇ ਕੱਟੜ ਸਮਰਥਕ ਸੁਦਰਸ਼ਨ ਰਾਵ ਨੂੰ ਪਹਿਲਾਂ ਹੀ 'ਭਾਰਤੀ ਇਤਿਹਾਸ ਖ਼ੋਜ ਪ੍ਰੀਸ਼ਦ' ਵਰਗੀ ਵੱਕਾਰੀ ਸੰਸਥਾ ਦਾ ਮੁਖੀ ਬਣਾਇਆ ਗਿਆ ਹੈ।ਅਹਿਮ ਸੰਸਥਾਵਾਂ ਦਾ ਇਹ ਭਗਵਾਕਰਨ ਅਤੇ ਕਬਜ਼ਾ ਬਾਕਾਇਦਾ ਤੌਰ 'ਤੇ ਫ਼ਾਸੀ ਏਜੰਡਿਆਂ ਨੂੰ ਲਾਗੂ ਕਰਨ ਲਈ ਯੋਜਨਾਬੱਧ ਰੂਪ ਵਿੱਚ ਕੀਤਾ ਜਾ ਰਿਹਾ ਹੈ।ਪੰਜਾਬ ਸਰਕਾਰ ਵੱਲੋਂ ਵੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਭਗਵਾਨ ਪਰਸ਼ੂ ਰਾਮ ਚੇਅਰ ਸਥਾਪਤ ਕਰਕੇ ਆਪਣੀ ਫਿਰਕਾਪ੍ਰਸ਼ਤ ਸੋਚ ਦਾ ਮੁਜ਼ਾਹਰਾ ਕਰਦਿਆਂ ਵੋਟ ਰਾਜਨੀਤੀ ਅਧੀਨ ਹਿੰਦੂ ਵੋਟ ਪਤਿਆਉਣ ਦਾ ਪੱਤਾ ਖੇਡਿਆ ਗਿਆ ਹੈ। ਵਿਦਿਆਰਥੀ ਜਥੇਬੰਦੀਆਂ ਵੱਲੋਂ ਇਸ ਦਾ ਵਿਰੋਧ ਇੱਕ ਸਵਾਗਤ ਯੋਗ ਕਦਮ ਹੈ।ਆਓ ਸੁਚੇਤ ਤੌਰ 'ਤੇ ਇਸ ਰਾਜਨੀਤੀ ਨੂੰ ਸਮਝੀਏ ਅਤੇ ਇਸ ਖਿਲਾਫ਼ ਆਵਾਜ਼ ਉਠਾਈਏ।

ਯਾਦ ਕਰਦਿਆਂ............ 

# ਹਵਾ ਮੇਂ ਰਹੇਂਗੀ ਮੇਰੇ ਖ਼ਿਆਲ ਕੀ ਬਿਜਲੀਆਂ

**(ਆਓ ਮਹਾਨ ਚਿੰਤਕ ਭਗਤ ਸਿੰਘ ਦੇ ਵਿਚਾਰਾਂ ਦਾ ਅਧਿਐਨ ਕਰੀਏ ਅਤੇ ਅਪਣਾਈਏ)**

ਅਨਾਰਕਿਜ਼ਮ ਦੇ ਮੁਤਾਬਕ ਜਿਸ ਆਦਰਸ਼ ਆਜ਼ਾਦੀ ਦੀ ਕਲਪਨਾ ਕੀਤੀ ਜਾਂਦੀ ਹੈ, ਉਹ ਪੂਰਨ ਆਜ਼ਾਦੀ ਹੈ, ਜਿਸ ਦੇ ਮੁਤਾਬਕ ਨਾ ਤਾਂ ਦਿਲ 'ਤੇ ਰੱਬ ਦਾ ਤੇ ਮਜ਼ਹਬ ਦਾ ਭੂਤ ਸਵਾਰ ਹੋਵੇ, ਅਤੇ ਨਾ ਸਿਰ ਵਿੱਚ ਮਾਇਆ ਜਾਂ ਦੌਲਤ ਦਾ ਲਾਲਚ ਜਾਂ ਖ਼ਫ਼ਤ ਸਮਾਇਆ ਹੋਵੇ, ਅਤੇ ਨਾ ਸਰੀਰ ਤੇ ਸਰਕਾਰੀ ਜਾਂ ਕਿਸੇ ਪ੍ਰਕਾਰ ਦੀ ਗਵਰਨਮੈਂਟ ਦੀਆਂ ਜ਼ੰਜੀਰਾਂ ਕਸੀਆਂ ਹੋਈਆਂ ਹੋਣ, ਇਸ ਦੇ ਮਾਹਨੇ ਹੋਏ ਕਿ ਉਹ ਤਿੰਨ ਮੋਟੀਆਂ ਗੱਲਾਂ ਨੂੰ ਦੁਨੀਆਂ ਦੇ ਸਾਹਮਣੇ ਤਖਤੇ ਤੋਂ ਮਿਟਾ ਦੇਣਾ ਚਾਹੁੰਦੇ ਹਨ :- (1) ਰੱਬ ਜਾਂ ਮਜ਼ਹਬ (2) ਗਵਰਨਮੈਂਟ (3) ਨਿੱਜੀ ਜਾਇਦਾਦ।



ਜੋ ਕੁੱਝ ਵੀ ਹੈ, ਰੱਬ ਹੀ ਹੈ, ਆਦਮੀ ਤਾਂ ਕੁੱਝ ਵੀ ਨਹੀਂ। ਮਿੱਟੀ ਦਾ ਪੁਤਲਾ ਹੈ। ਇਸ ਵਿਚਾਰ ਦੇ ਦਿਲ 'ਤੇ ਘਰ ਕਰਦਿਆਂ ਹੀ ਆਦਮੀ ਵਿੱਚ ਆਤਮ ਵਿਸ਼ਵਾਸ ਦਾ ਭਾਵ ਮਾਰਿਆ ਜਾਂਦਾ ਹੈ। ਉਸ ਨੂੰ ਮਲੂਮ ਹੋਣ ਲੱਗ ਪੈਂਦਾ ਹੈ ਕਿ ਉਹ ਬੜਾ ਕਮਜ਼ੋਰ ਹੈ। ਉਹ ਐਵੇਂ ਡਰਦਾ ਰਹਿੰਦਾ ਹੈ। ਜਿੰਨੀ ਦੇਰ ਇਹ ਡਰ ਮੌਜੂਦ ਹੈ, ਉਤਨੀ ਦੇਰ ਪੂਰਨ ਸੁੱਖ ਅਤੇ ਸ਼ਾਂਤੀ ਨਹੀਂ ਹੋ ਸਕਦੀ। ਅਨਾਰਕਿਸ਼ਟਾਂ ਦੇ ਸਿਰਤਾਜ ਬਾਕੂਨਿਨ ਨੇ ਆਪਣੀ ਕਿਤਾਬ God and State ਵਿੱਚ ਰੱਬ ਦੀ ਅੱਛੀ ਖ਼ਬਰ ਲਈ ਹੈ। ਫੇਰ ਸਵਾਲ ਤਾਂ ਇਹ ਉਠਦਾ ਹੈ ਕਿ ਰੱਬ ਨੇ ਇਹ ਦੁੱਖਾਂ ਦੀ ਭਰੀ ਹੋਈ ਦੁਨੀਆਂ ਬਣਾਈ ਕਿਉਂ? ਕੀ ਤਮਾਸ਼ਾ ਦੇਖਣ ਵਾਸਤੇ? ਤਾਂ ਉਹ ਰੋਮ ਦੇ ਜ਼ਾਲਮ ਨੀਰੋ ਸ਼ਹਿਨਸਾਹ ਨਾਲੋਂ ਵੱਧ ਜ਼ਾਲਮ ਹੋਇਆ। ਕੀ ਇਹ ਉਸ ਦੀ ਲੀਲਾ ਹੈ? ਇਸ ਲੀਲਾ ਵਾਲੇ ਰੱਬ ਦੀ ਕੀ ਲੋੜ ਹੈ?

ਹੁਣ ਤੱਕ ਪੂੰਜੀਦਾਰਾਂ ਤੇ ਖੁਦਗਰਜ਼ ਲੋਕਾਂ ਨੇ ਮਜ਼ਹਬ ਨੂੰ ਆਪਣਾ ਮਤਲਬ ਸਿੱਧ ਕਰਨ ਖਾਤਰ ਹਮੇਸ਼ਾ ਇਸਤੇਮਾਲ ਕੀਤਾ ਹੈ। ਇਤਿਹਾਸ ਇਸ ਦਾ ਗਵਾਹ ਹੈ। ਸਬਰ ਕਰੋ, ਆਪਣੇ ਕਰਮਾਂ ਨੂੰ ਬੈਠ ਕੇ ਰੋਵੋ। ਇਹੋ ਜਿਹੀ ਫਿਲਾਸਫੀ ਨੇ ਜੋ ਕਹਿਰ ਕੀਤਾ ਹੈ, ਉਹ ਸਭ ਨੂੰ ਪਤਾ ਹੀ ਹੈ। ਲੋਕੀ ਕਹਿੰਦੇ ਹਨ ਕਿ ਜੇ ਰੱਬ ਦੀ ਹਸਤੀ ਤੋਂ ਇਨਕਾਰ ਕਰ ਦਿੱਤਾ ਤਾਂ ਕੀ ਬਣੂੰਗਾ, ਦੁਨੀਆ ਵਿੱਚ ਪਾਪ ਵਧ ਜਾਵੇਗਾ। ਹਨੇਰ ਗਰਦੀ ਮੱਚ ਜਾਵੇਗੀ ਪ੍ਰੰਤੂ ਅਨਾਰਕਿਸਟ ਲੋਕੀ ਇਹ ਕਹਿੰਦੇ ਹਨ ਕਿ ਉਦੋਂ ਆਦਮੀ ਏਡਾ ਉੱਚਾ ਹੋ ਜਾਂਦਾ ਹੈ ਕਿ ਉਸ ਨੂੰ ਬਿਨ੍ਹਾਂ ਸੁਰਗ ਦੇ ਲਾਲਚ ਅਤੇ ਦੋਜ਼ਖ਼ ਜਾਂ ਨਰਕ ਦੇ ਡਰ ਦੱਸਿਆਂ ਹੀ ਉਹ ਬੁਰੇ ਕੰਮ ਕਰਨੋਂ ਹਟ ਜਾਵੇਗਾ ਅਤੇ ਨੇਕ ਕੰਮ ਕਰਨ ਲੱਗ ਪਵੇਗਾ।

ਗੱਲ ਇਹ ਹੈ ਕਿ ਹਿੰਦੁਸਤਾਨ ਦੇ ਸ੍ਰੀ ਕ੍ਰਿਸ਼ਨ ਨਿਸ਼ਕਾਮ ਕਰਮ ਕਰਨ ਦਾ ਬੜਾ ਉਪਦੇਸ਼ ਦੇ ਗਏ ਹਨ। ਗੀਤਾ ਸੰਸਾਰ ਦੀ ਇੱਕ ਪ੍ਰਸਿੱਧ ਪੁਸਤਕ ਸਮਝੀ ਜਾਂਦੀ ਹੈ ਪ੍ਰੰਤੂ ਸ੍ਰੀ ਕ੍ਰਿਸ਼ਨ ਨਿਸ਼ਕਰਮ ਭਾਵ ਨਾਲ ਕਰਮ ਕਰਨ ਦੀ ਪ੍ਰੇਰਣਾ ਕਰਦੇ ਹੋਏ ਵੀ ਅਰਜੁਨ ਨੂੰ ਮਰਨ ਪੁਰ ਸੁਰਗ ਦਾ ਅਤੇ ਜਿੱਤ ਜਾਣ ਪਰ ਰਾਜ ਭੋਗ ਦਾ ਲਾਲਚ ਦੋਣੋਂ ਨਾ ਰਹੇ ਪ੍ਰੰਤੂ ਅੱਜ ਅਸੀਂ ਅਨਾਰਕਿਸਟਾਂ ਦੀਆਂ ਕੁਰਬਾਨੀਆਂ ਦੇਖਦੇ ਹਾਂ ਤਾਂ ਚਿੱਤ ਵਿੱਚ ਆਉਂਦਾ ਹੈ ਕਿ ਉਹਨਾਂ ਦੇ ਪੈਰ ਚੁੰਮ ਲਈਏ। ਸਾਕੋ ਅਤੇ ਵੈਨਜ਼ਿਟੀ – ਨਾ ਖ਼ੁਦਾ ਨੂੰ ਖੁਸ਼ ਕਰਨ ਦਾ ਲਾਲਚ ਹੈ, ਨਾ ਸੁਰਗ ਵਿੱਚ ਜਾ ਕੇ ਮੌਜਾਂ ਮਾਨਣ ਦਾ ਲੋਭ ਹੈ, ਨਾ ਅਗਲੇ ਜਨਮ ਵਿੱਚ ਸੁਖ ਮਿਲਣ ਦੀ ਹੀ ਆਸ਼ਾ ਹੈ। ਫਿਰ ਵੀ ਹੱਸਦਿਆਂ–ਹੱਸਦਿਆਂ ਲੋਕਾਂ ਦੀ ਖਾਤਰ, ਸੱਚਾਈ ਦੀ ਖਾਤਰ ਜਾਨ ਵਾਰ ਦੇਣੀ, ਕੀ ਕੋਈ ਛੋਟੀ ਗੱਲ ਹੈ?

**(ਸ਼ਹੀਦ ਭਗਤ ਸਿੰਘ ਵੱਲੋਂ 'ਵਿਦ੍ਰੋਹੀ' ਨਾਮ ਹੇਠ ਲਿਖੀ, ਰਸਾਲੇ**

**'ਕਿਰਤੀ' ਵਿੱਚ ਮਈ 1928 ਵਿੱਚ ਛਪੀ ਲੇਖ ਲੜੀ 'ਅਨਾਰਕਿਜ਼ਮ ਕੀ ਹੈ?' ਵਿੱਚੋਂ**)

ਤੁਸੀਂ ਉਸ ਬਿਆਨ ਨੂੰ ਪੜ੍ਹੋ ਅਤੇ ਫਿਰ ਦੇਖੋ ਕਿ ਅਸੀਂ ਕੀ ਕਿਹਾ ਸੀ? ਅਸੀਂ ਇਨਕਲਾਬ ਨੂੰ ਸਦਾ ਅਤੇ ਹਰ ਮੌਕੇ 'ਤੇ ਹਥਿਆਰਬੰਦ ਇਨਕਲਾਬ ਦੇ ਮਤਲਬ ਨਾਲ ਨਹੀਂ ਜੋੜਦੇ । ਇਨਕਲਾਬ ਸਿਰਫ ਬੰਬਾਂ, ਪਿਸਤੌਲਾਂ ਨਾਲ ਹੀ ਅਕੀਦਤ ਨਹੀਂ ਰੱਖਦਾ ਬਲਕਿ ਇਹ ਬੰਬ ਤੇ ਪਿਸਤੌਲ ਤਾਂ ਕਦੀ ਕਦਾਈਂ ਇਸ ਇਨਕਲਾਬ ਦੇ ਵੱਖ-ਵੱਖ ਹਿੱਸਿਆਂ ਦੀ ਪੂਰਤੀ ਲਈ ਇੱਕ ਸਾਧਨ ਬਣ ਜਾਂਦੇ ਹਨ ਪਰ ਮੁਕੰਮਲ ਇਨਕਲਾਬ ਨਹੀਂ ਕਹਿਲਾ ਸਕਦੇ ।

ਸਾਨੂੰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਈ ਵਾਰ ਲਹਿਰਾਂ ਵਿੱਚ ਇੰਨ੍ਹਾਂ ਹਥਿਆਰਾਂ ਦਾ ਇੱਕ ਅਹਿਮ ਰੋਲ ਹੁੰਦਾ ਹੈ ਪਰ ਸਿਰਫ਼ ਏਹ ਕਾਫੀ ਨਹੀਂ ਹੁੰਦਾ, ਸਿਰਫ਼ ਬਗ਼ਾਵਤ ਨੂੰ ਇਨਕਲਾਬ ਕਹਿਣਾ ਗਲਤੀ ਹੈ । ਹਾਂ ਅਸੀਂ ਇਹ ਸਵੀਕਾਰ ਕਰਦੇ ਹਾਂ ਕਿ ਆਖਰਕਾਰ ਬਗ਼ਾਵਤਾਂ ਦਾ ਨਤੀਜਾ ਇਨਕਲਾਬ ਦੀ ਸ਼ਕਲ ਵਿੱਚ ਤਬਦੀਲ ਹੋ ਜਾਇਆ ਕਰਦਾ ਹੈ।

ਅਸੀਂ ਦੇਸ਼ ਵਿੱਚ ਬਿਹਤਰ ਤਬਦੀਲੀ ਦੀ ਸਪਿਰਿਟ ਤੇ ਉਨੱਤੀ ਦੀ ਖਾਹਸ਼ ਲਈ ਇਸ ਲਫਜ਼ ਇਨਕਲਾਬ ਦੀ ਵਰਤੋਂ ਕਰ ਰਹੇ ਹਾਂ । ਹੁੰਦਾ ਇਹ ਹੈ ਕਿ ਆਮ ਤੌਰ 'ਤੇ ਇੱਕ ਖੜੋਤ ਦੀ ਹਾਲਤ ਲੋਕਾਂ ਨੂੰ ਆਪਣੇ ਸਕੰਜ਼ੇ ਵਿੱਚ ਕਸ ਲੈਂਦੀ ਹੈ ਅਤੇ ਕਿਸੇ ਵੀ ਕਿਸਮ ਦੀ ਤਬਦੀਲੀ ਤੋਂ ਉਹ ਹਿਚਕਚਾਉਂਦੇ ਹਨ । ਬਸ ਇਸ ਜਮੂਦ ਤੇ ਬੇਹਰਕਤੀ ਨੂੰ ਤੋੜਣ ਲਈ ਇਨਕਲਾਬੀ ਸਪਿਰਟ ਪੈਦਾ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ । ਨਹੀਂ ਤਾਂ ਇੱਕ ਗਿਰਾਵਟ, ਬਰਬਾਦੀ ਦਾ ਵਾਯੂਮੰਡਲ ਕਾਬਜ਼ ਹੋ ਜਾਂਦਾ ਹੈ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੀਆਂ ਗੈਰ-ਤਰੱਕੀ ਪਸੰਦ ਤਾਕਤਾਂ ਉਹਨਾਂ ਨੂੰ ਗਲਤ ਰਾਹ ਲੈ ਜਾਣ ਵਿੱਚ ਕਾਮਯਾਬ ਹੋ ਜਾਂਦੀਆਂ ਹਨ ਜਿਸ ਨਾਲ ਇਨਸਾਨੀ ਤਰੱਕੀ ਰੁਕ ਜਾਂਦੀ ਹੈ ਅਤੇ ਉਸ ਵਿੱਚ ਖੜੋਤ ਆ ਜਾਂਦੀ ਹੈ ।

ਇਸ ਹਾਲਤ ਨੂੰ ਬਦਲਣ ਲਈ ਇਹ ਜ਼ਰੂਰੀ ਹੈ ਕਿ ਇਨਕਲਾਬ ਦੀ ਸਪਿਰਟ ਤਾਜ਼ਾ ਕੀਤੀ ਜਾਵੇ ਤਾਂ ਜੋ ਇਨਸਾਨੀਅਤ ਵਿੱਚ ਇੱਕ ਹਰਕਤ ਪੈਦਾ ਹੋ ਜਾਵੇ ਅਤੇ ਇਹ ਤਾਕਤਾਂ ਇਨਸਾਨੀ ਉੱਨਤੀ ਦੇ ਰਾਹ ਵਿੱਚ ਰੋੜਾ ਨਾ ਅਟਕਾ ਸਕਣ ਅਤੇ ਨਾ ਹੀ ਇਸ ਰਾਹ ਨੂੰ ਖਤਮ ਕਰਨ ਲਈ ਇਕੱਠੀਆਂ ਅਤੇ ਮਜ਼ਬੂਤ ਹੋ ਸਕਣ । ਇਨਸਾਨੀ ਉੱਨਤੀ ਦਾ ਲਾਜ਼ਮੀ ਅਸੂਲ ਇਹ ਹੈ ਕਿ ਪੁਰਾਣੀ ਚੀਜ਼, ਨਵੀਂ ਚੀਜ਼ ਲਈ ਥਾਂ ਖਾਲੀ ਕਰਦੀ ਚਲੀ ਜਾਵੇ ।

ਹੁਣ ਤੁਸੀਂ ਚੰਗੀ ਤਰ੍ਹਾਂ ਸਮਝ ਗਏ ਹੋਵੋਗੇ ਕਿ 'ਇਨਕਲਾਬ ਜਿੰਦਾਬਾਦ' ਦਾ ਨਾਹਰਾ ਜਿਸ ਦਾ ਤੁਸੀਂ ਮਾਖੌਲ ਉਡਾਇਆ ਹੈ, ਕਿਹੋ ਜਿਹੀ ਸਪਿਰਟ ਰੱਖਦਾ ਹੈ ਅਤੇ ਅਸੀਂ ਇਸ ਨੂੰ ਕਿਸ ਲਈ ਵਰਤਣ ਦੇ ਹੱਕ ਵਿੱਚ ਆਵਾਜ਼ ਉੱਚੀ ਕਰ ਰਹੇ ਹਾਂ ।

(**ਸ਼ਹੀਦ ਜਤਿਨ ਦਾਸ, 63 ਦਿਨ ਦੀ ਭੁੱਖ ਹੜਤਾਲ ਬਾਅਦ, ਸ਼ਹੀਦ ਹੋ ਗਏ । ਲਾਹੌਰ ਤੋਂ ਕਲਕੱਤੇ ਤੱਕ ਲੱਖਾਂ ਲੋਕਾਂ ਨੇ 'ਇਨਕਲਾਬ-ਜਿੰਦਾਬਾਦ' ਦੇ ਨਾਹਰੇ ਗੂੰਜਾਏ । 'ਮਾਡਰਨ ਰੀਵਿਊ' ਦੇ ਸੰਪਾਦਕ ਨੇ ਇਸ 'ਤੇ ਨੁਕਤਾਚੀਨੀ ਕੀਤੀ । ਉਸ ਦੇ ਜਵਾਬ ਵਿੱਚ ਭਗਤ ਸਿੰਘ, ਬੀ.ਕੇ. ਦੱਤ ਵੱਲੋਂ 22 ਦਸੰਬਰ, 1929 ਨੂੰ ਐਡੀਟਰ, ਮਾਡਰਨ ਰੀਵਿਊ ਦੇ ਨਾਮ ਲਿਖੇ ਖਤ ਵਿੱਚੋਂ**)

ਰੱਬ ਦਾ ਵਿਸ਼ਵਾਸ ਰਹੱਸਵਾਦ ਦਾ ਸਿੱਟਾ ਹੁੰਦਾ ਹੈ ਜੋ ਕਿ ਉਦਾਸੀ ਦਾ ਕੁਦਰਤੀ ਇਜ਼ਹਾਰ ਹੁੰਦਾ ਹੈ। ਇਹ ਕਹਿਣਾ ਕਿ ਇਹ ਦੁਨੀਆ 'ਮਾਇਆ' ਜਾਂ 'ਮਿਥਿਆ' ਹੈ, ਸੁਪਨਾ ਜਾਂ ਕਲਪਨਾ ਹੈ, ਸਰੀਹਣ ਰਹੱਸਵਾਦ ਹੈ, ਜਿਸਨੂੰ ਪੁਰਾਣੇ ਸਮਿਆਂ ਦੇ ਸ਼ੰਕਰਾਚਾਰਯ ਤੇ ਹੋਰ ਹਿੰਦੂ ਰਿਸ਼ੀਆਂ ਨੇ ਜਨਮ ਦੇ ਕੇ ਵਿਕਸਤ ਕੀਤਾ ਸੀ ਪਰ ਪਦਾਰਥਵਾਦੀ ਦਰਸ਼ਨ ਵਿੱਚ ਇਸ ਕਿਸਮ ਦੀ ਵਿਚਾਰ ਵਿਧੀ ਲਈ ਕੋਈ ਥਾਂ ਨਹੀਂ ।

ਉਸਾਰੀ ਵਾਸਤੇ ਤਬਾਹੀ ਜ਼ਰੂਰੀ ਹੀ ਨਹੀਂ, ਸਗੋਂ ਲਾਜ਼ਮੀ ਹੁੰਦੀ ਹੈ । ਇਹ ਇਨਕਲਾਬੀਆਂ ਦੇ ਪ੍ਰੋਗਰਾਮ ਦੀ ਜ਼ਰੂਰੀ ਮਦ ਹੁੰਦੀ ਹੈ । ਲੈਨਿਨ ਨੇ ਇੱਕ ਵਾਰ ਗੋਰਕੀ ਨੂੰ ਕਿਹਾ ਸੀ ਕਿ ਉਹ ਅਜਿਹਾ ਸੰਗੀਤ ਕਦੀ ਨਹੀਂ ਸੁਣ ਸਕੇਗਾ, ਜਿਸ ਨਾਲ ਉਹ ਉਤੇਜਿਤ ਮਹਿਸੂਸ ਕਰੇ ਅਤੇ ਉਨ੍ਹਾਂ ਦੀ ਇਹ ਖਾਹਸ਼ ਹੁੰਦੀ ਹੋਵੇ ਕਿ ਉਹ ਕਲਾਕਾਰਾਂ ਦੇ ਸਿਰਾਂ ਨੂੰ ਪਲੋਸਣ । ਪਰ ਨਾਲ ਹੀ ਉਨ੍ਹਾਂ ਕਿਹਾ ਸੀ ਕਿ "ਹੁਣ ਕਲਾਕਾਰਾਂ ਦੇ ਸਿਰ ਪਲੋਸਣ ਦਾ ਵੇਲਾ ਨਹੀਂ ਹੈ । ਹੁਣ ਖੋਪੜੀਆਂ ਨੂੰ ਫੇਹਣ ਦਾ ਸਮਾਂ ਹੈ, ਭਾਵੇਂ ਸਾਡਾ ਅੰਤਮ ਮਨੋਰਥ ਹਰ ਕਿਸਮ ਦੀ ਹਿੰਸਾ ਨੂੰ ਖਤਮ ਕਰਨ ਦਾ ਹੈ ।" ਜਦੋਂ ਇਨਕਲਾਬੀਆਂ ਨੂੰ ਸਖ਼ਤ ਜਰੂਰਤ ਵਜੋਂ ਹਿੰਸਕ ਤਰੀਕੇ ਅਪਨਾਉਣੇ ਪੈਂਦੇ ਹਨ, ਤਾਂ ਉਦੋਂ ਉਹ ਬਿਲਕੁਲ ਇਸੇ ਤਰ੍ਹਾਂ ਹੀ ਮਹਿਸੂਸ ਕਰਦੇ ਹਨ ।

ਮੈਂ ਇਹ ਗੱਲ ਨੋਟ ਕੀਤੀ ਹੈ ਕਿ ਕਵੀ ਦਾ ਅੰਦਾਜ਼-ਏ-ਬਿਆਂ ਮੰਝਿਆ ਹੋਇਆ ਨਹੀਂ । ਆਪਣੇ ਯੂਟੋਪੀਏ ਨੂੰ ਬਿਆਨ ਕਰਦਿਆਂ ਇਹ ਮੌਜੂਦਾ ਸਮਾਜ ਦੇ ਵਿਚਾਰਾਂ ਤੋਂ ਕਿਸੇ ਤਰ੍ਹਾਂ ਵੀ ਬਚ ਨਹੀਂ ਸਕੇ ।

"ਜਰੂਰਤਮੰਦਾਂ ਨੂੰ ਦਾਨ ਦੇਣਾ ।"

ਭਵਿੱਖ ਦੇ ਸਮਾਜ ਵਿੱਚ ਯਾਨੀ ਸਾਮਵਾਦੀ (ਕਮਿਊਨਿਸਟ) ਸਮਾਜ ਵਿੱਚ, ਜਿਸਨੂੰ ਅਸੀਂ ਉਸਾਰਣਾ ਚਾਹੁੰਦੇ ਹਾਂ, ਅਸੀਂ ਖੈਰਾਇਤੀ ਸੰਸਥਾਵਾਂ ਖੜ੍ਹੀਆਂ ਨਹੀਂ ਕਰਨੀਆਂ ਸਗੋਂ ਉਦੋਂ ਤਾਂ ਕੋਈ ਗ਼ਰੀਬ ਅਮੀਰ ਨਹੀਂ ਹੋਵੇਗਾ ਅਤੇ ਦਾਨ ਲੈਣ ਦੇਣ ਦਾ ਮਸਲਾ ਹੀ ਨਹੀਂ ਹੋਣਾ ।

ਇਨਕਲਾਬੀਆਂ ਨੂੰ ਇਸ ਗੱਲ ਦਾ ਸਭ ਤੋਂ ਬਿਹਤਰ ਪਤਾ ਹੈ ਕਿ ਸਮਾਜਵਾਦੀ ਸਮਾਜ ਸਿਰਫ਼ ਹਿੰਸਕ ਤਰੀਕਿਆਂ ਨਾਲ ਕਾਇਮ ਨਹੀਂ ਕੀਤਾ ਜਾ ਸਕਦਾ, ਸਗੋਂ ਇਸਨੂੰ ਆਪਣੇ ਅੰਦਰੋਂ ਉਗਮਣਾ ਅਤੇ ਵਿਗਸਣਾ ਪੈਣਾ ਹੈ । ਤਾਕਤ ਹਥਿਆਉਣ ਮਗਰੋਂ ਰਚਨਾਤਮਕ ਕੰਮ ਵਾਸਤੇ ਪੁਰਅਮਨ ਤਰੀਕੇ ਵਰਤੇ ਜਾਣਗੇ, ਤਾਕਤ ਦੀ ਵਰਤੋਂ ਰੁਕਾਵਟਾਂ ਹਟਾਉਣ ਲਈ ਕੀਤੀ ਜਾਵੇਗੀ ।

**(ਲਾਲਾ ਰਾਮ ਸ਼ਰਨ ਦਾਸ ਦੀ ਪੁਸਤਕ 'ਡਰੀਮਲੈਂਡ' ਦੀ ਸ਼ਹੀਦ ਭਗਤ ਸਿੰਘ ਵੱਲੋਂ ਲਿਖੀ ਗਈ ਭੂਮਿਕਾ ਵਿੱਚੋਂ)**

ਜਦ ਤੱਕ ਸਮਾਜਵਾਦੀ ਲੋਕ ਰਾਜ ਸਥਾਪਤ ਨਹੀਂ ਹੋ ਜਾਂਦਾ, ਤੇ ਸਮਾਜ ਦਾ ਵਰਤਮਾਨ ਢਾਂਚਾ ਖਤਮ ਕਰਕੇ ਉਸ ਦੀ ਥਾਂ ਸਮਾਜ ਖੁਸ਼ਹਾਲੀ 'ਤੇ ਆਧਾਰਤ ਨਵਾਂ ਸਮਾਜਿਕ ਢਾਂਚਾ ਨਹੀਂ ਉਸਰ ਜਾਂਦਾ, ਜਦ ਤੱਕ ਹਰ ਕਿਸਮ ਦੀ ਲੁੱਟ-ਖਸੁੱਟ ਅਸੰਭਵ ਬਣਾ ਕੇ ਮਨੁੱਖ ਉੱਤੇ ਅਸਲ ਤੇ ਸਥਾਈ ਅਮਨ ਦੀ ਛਾਂ ਨਹੀਂ ਹੁੰਦੀ, ਤਦ ਤੱਕ ਇਹ ਜੰਗ ਹੋਰ ਨਵੇਂ ਜੋਸ਼, ਹੋਰ ਵਧੇਰੀ ਨਿਡਰਤਾ, ਬਹਾਦਰੀ ਤੇ ਅਟੱਲ ਇਰਾਦੇ ਨਾਲ ਲੜੀ ਜਾਂਦੀ ਰਹੇਗੀ । ਨਿਕਟ ਭਵਿੱਖ ਵਿੱਚ ਆਖਰੀ ਯੁੱਧ ਲੜਿਆ ਜਾਵੇਗਾ ਤੇ ਉਹ ਫੈਸਲਾਕੁਨ ਹੋਵੇਗਾ ।

ਸਾਮਰਾਜੀ ਤੇ ਸਰਮਾਏਦਾਰ ਲੁੱਟ ਕੁੱਝ ਦਿਨਾਂ ਦੀ ਖੇਡ ਹੈ । ਇਹ ਜੰਗ ਨਾ ਅਸਾਂ ਤੋਂ ਸ਼ੁਰੂ ਹੋਈ ਤੇ ਨਾ ਹੀ ਸਾਡੇ ਜੀਵਨ ਨਾਲ ਖਤਮ ਹੋਵੇਗੀ । ਇਹ ਤਾਂ ਇਤਿਹਾਸਕ ਕਾਰਨਾਂ ਤੇ ਆਲੇ-ਦੁਆਲੇ ਪਸਰੇ ਹਾਲਾਤ ਦਾ ਜ਼ਰੂਰੀ ਨਤੀਜਾ ਹੈ । ਸਾਡੀ ਨਿਮਾਣੀ ਜਿਹੀ ਕੁਰਬਾਨੀ ਤਾਂ ਉਸ ਇਤਿਹਾਸਕ ਲੜੀ ਦੀ ਇੱਕ ਕੜੀ ਹੈ, ਜਿਸ ਨੂੰ ਜਤਿਨ ਦਾਸ ਦੀ ਬੇਮਿਸ਼ਾਲ ਕੁਰਬਾਨੀ ਨੇ, ਸ਼ਹੀਦ ਭਗਵਤੀ ਚਰਨ ਜੀ ਦੀ ਅਤਿ ਭਿਆਨਕ ਪਰ ਮਹਾਨ ਕੁਰਬਾਨੀ ਨੇ ਤੇ ਸਾਡੇ ਮਹਿਬੂਬ ਜਰਨੈਲ ਚੰਦਰ ਸ਼ੇਖਰ ਆਜ਼ਾਦ ਦੀ ਸ਼ਾਨਦਾਰ ਸ਼ਹਾਦਤ ਨੇ ਚਾਰ ਚੰਨ ਲਾਏ ਹਨ ।

ਤੁਹਾਡੀ ਹੀ ਅਦਾਲਤ ਦੇ ਫੈਸਲੇ ਅਨੁਸਾਰ ਸਾਡੇ ਉੱਤੇ ਯੁੱਧ ਵਿੱਢਣ ਦਾ ਦੋਸ਼ ਹੈ, ਇਸ ਕਰਕੇ ਅਸੀਂ ਜੰਗੀ ਕੈਦੀ ਹਾਂ ਅਤੇ ਅਸੀਂ ਮੰਗ ਕਰਦੇ ਹਾਂ ਕਿ ਸਾਡੇ ਨਾਲ ਜੰਗੀ ਕੈਦੀਆਂ ਵਾਲਾ ਹੀ ਸਲੂਕ ਕੀਤਾ ਜਾਵੇ । ਯਾਨਿ ਕਿ ਫ਼ਾਂਸੀ 'ਤੇ ਲਟਕਾਣ ਦੀ ਬਜਾਏ ਸਾਨੂੰ ਗੋਲੀ ਨਾਲ ਉਡਾਇਆ ਜਾਵੇ । ਹੁਣ ਇਹ ਸਿੱਧ ਕਰਨਾ ਤੁਹਾਡਾ ਕੰਮ ਹੈ ਕਿ ਜੋ ਤੁਹਾਡੀ ਅਦਾਲਤ ਨੇ ਕਿਹਾ ਹੈ, ਉਸ ਵਿੱਚ ਤੁਹਾਡਾ ਪੂਰਾ ਵਿਸ਼ਵਾਸ ਹੈ ਜਾਂ ਨਹੀਂ ।

**(20 ਮਾਰਚ, 1931 ਨੂੰ ਗਵਰਨਰ ਪੰਜਾਬ ਦੇ ਨਾਮ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਵੱਲੋਂ ਲਿਖੇ ਪੱਤਰ ਵਿੱਚੋਂ)**

**(ਅਦਾਰਾ 'ਤਰਕਸ਼ੀਲ')**

## ਹਾਲ ਫੰਡ

ਗੁਰਮੁਖ ਸਿੰਘ ਬੜੌਂਦੀ ਮੋਹਾਲੀ (ਰਾਹੀਂ ਰੋਪੜ ਇਕਾਈ) 10000

**ਇਕਾਈ ਸੁਧਾਰ ਰਾਹੀਂ**

ਅਵਤਾਰ ਸਿੰਘ, ਸੇਵਾ ਮੁਕਤ ਸੀ.ਐਚ.ਟੀ. ਗੌ:ਪ੍ਰਾ:ਸਕੂਲ, ਢੱਟ (ਆਪਣੀ ਸੇਵਾ ਮੁਕਤੀ 'ਤੇ) 3000

ਹਰਪ੍ਰੀਤ-ਗੁਰਪ੍ਰੀਤ ਢਿੱਲੋਂ, ਮੱਲ੍ਹੀਕੇ (ਮਾਤਾ ਰਣਜੀਤ ਕੌਰ ਦੀ ਯਾਦ 'ਚ) 1100

ਗੁਰਦੀਪ ਸਿੰਘ ਮਾਰਫਤ ਰੁਪਾਲ ਡਿਸਪੋਜਲ ਪਾਰਟਸ ਰਾਮਪੁਰਾ ਫੂਲ (ਰਾਮਪੁਰਾ ਫੂਲ ਇਕਾਈ ਰਾਹੀਂ) 1000

ਰਣਜੀਤ ਸਿੰਘ ਪੁੱਤਰ ਸ੍ਰੀ ਮੁਖਤਿਆਰ ਸਿੰਘ ਬੜੂੰਦੀ ਵਾਲੇ, ਨਿਹਾਲੂਵਾਲ 500

ਅਜੈਬ ਸਿੰਘ-ਸਤਪਾਲ ਕੌਰ ਵੱਲੋਂ ਆਪਣੇ ਲੜਕੇ ਅਜੀਤਪਾਲ ਸਿੰਘ ਦੀ ਸ਼ਾਦੀ 'ਤੇ 500

ਗੋਬਿੰਦਰ ਸਿੰਘ, ਮਹਿਲ ਕਲਾਂ (ਆਪਣੀ ਪੋਤੀ ਸੁਖਪਾਲ ਕੌਰ ਦੇ ਜਨਮ 'ਤੇ) 500

ਗੁਰਜੀਤ ਸਿੰਘ ਧਾਲੀਵਾਲ, ਹਮੀਰਗੜ੍ਹ ਢੈਪਈ (ਆਪਣੇ ਲੜਕੇ ਕੁਲਵਿੰਦਰ ਸਿੰਘ ਦੇ ਜਨਮ ਦਿਨ 'ਤੇ) 500

ਇੰਜਨੀਅਰ ਦਵਿੰਦਰ ਸਿੰਘ ਮੈਂਬਰ ਸੰਗਰੂਰ ਇਕਾਈ (ਆਪਣੇ ਪਿਤਾ ਬਚਨ ਸਿੰਘ ਦੀ ਯਾਦ 'ਚ) 500

# ਰਚਨਾਤਮਕ ਸੋਚ

- ਡਾ. ਕਾਵੂਰ

ਰਚਨਾਤਮਕ ਸੋਚ, ਉਸਾਰੂ ਤਰੀਕੇ ਨਾਲ ਸੋਚਣ ਦੀ ਯੋਗਤਾ ਹੈ, ਜੋ ਪਹਿਲਾਂ ਇਕੱਠੇ ਕੀਤੇ ਵਿਚਾਰਾਂ ਨੂੰ ਜੋੜਨ ਦੇ ਅਮਲ 'ਚ ਨਵੇਂ ਵਿਚਾਰਾਂ ਦੀ ਉਸਾਰੀ ਕਰਦੀ ਹੈ । ਸਾਡੇ ਸਾਰੇ ਅਗਾਂਹਵਧੂ ਵਿਚਾਰ ਭਾਵੇਂ ਉਹ ਅੰਦਰੋਂ ਪੈਦਾ ਹੋਏ ਹੋਣ ਜਾਂ ਉਹ ਪ੍ਰੇਰਨਾ ਕਾਰਨ ਬਣੇ ਹੋਣ, ਅਜਿਹੀ ਰਚਨਾਤਮਕ ਸੋਚ ਦਾ ਸਿੱਟਾ ਹੁੰਦੇ ਹਨ । ਬੇਸ਼ੱਕ ਇਹ ਅੰਤਰਮੁਖੀ ਰਿਣਾਤਮਕ ਸੋਚ ਤੋਂ ਵੱਖਰੇ ਹੁੰਦੇ ਹਨ, ਜਿਹੜੀ ਕਿ ਕਲਪਨਾਤਮਕ ਵਸਤਾਂ ਦੀਆਂ ਪਰੀ-ਕਹਾਣੀਆਂ ਤੋਂ ਪੈਦਾ ਹੁੰਦੀ ਹੈ ।

ਵਿਗਿਆਨੀ ਹੁੰਦੇ ਹੀ ਬਾਹਰਮੁਖੀ ਸੋਚ ਵਾਲੇ ਹਨ, ਕਿਉਂਕਿ ਉਹ ਆਪਣੇ ਵਿਚਾਰ ਪਹਿਲਾਂ ਪ੍ਰਾਪਤ ਕੀਤੇ ਗਿਆਨ ਤੋਂ ਬਣਾਉਂਦੇ ਹਨ । ਦੂਜੇ ਪਾਸੇ ਫਿਲਾਸਫਰ, ਕਵੀ, ਕਲਾਕਾਰ ਅਤੇ ਅਧਿਆਤਮਵਾਦੀ ਆਮ ਤੌਰ 'ਤੇ ਅੰਤਰ ਮੁਖੀ ਸੋਚ ਵਾਲੇ ਹੁੰਦੇ ਹਨ ਜਦੋਂ ਕਿ ਪਹਿਲੀ ਕਿਸਮ ਦੇ ਅਸਲੀਅਤ ਨੂੰ ਮੰਨਦੇ ਹਨ ਅਤੇ ਦੂਜੇ ਕਲਪਨਾਤਮਕ ਹੁੰਦੇ ਹਨ ।



ਉਹ ਕਿਹੜੀ ਵਸਤੂ ਹੈ, ਜਿਹੜੀ ਲੋਕਾਂ ਨੂੰ ਭੇਦ ਭਰੇ ਅਤੇ ਅੰਤਰ ਧਿਆਨੀ ਬਣਾ ਦਿੰਦੀ ਹੈ? ਸਰੀਰਕ ਕ੍ਰਿਆਵਾਂ, ਦਿਮਾਗ ਅਤੇ ਮਨ ਨਾਲ ਸਬੰਧਿਤ ਵਿਗਿਆਨੀ ਹੁਣ ਜਾਣਦੇ ਹਨ ਕਿ ਮਾਨਸਿਕ ਉਲਝਣਾਂ ਅਤੇ ਗਲਤ ਧਾਰਨਾਵਾਂ ਦਾ ਕੀ ਕਾਰਨ ਹੁੰਦਾ ਹੈ । ਭੁਲੇਖਾ ਪਾਊ ਅਨੁਭਵ, ਗਲਤ ਧਾਰਨਾਵਾਂ ਅਤੇ ਭਰਮਾਂ ਕਾਰਨ ਹੁੰਦੇ ਹਨ । ਵਹਿਮ, ਗਲਤ ਧਾਰਨਾਵਾਂ ਕਾਰਨ ਜਾਂ ਗਿਆਨ ਇੰਦਰੀਆਂ ਦੇ ਗਲਤ ਤਜ਼ਰਬਿਆਂ ਕਾਰਨ ਹੁੰਦੇ ਹਨ । ਵਹਿਮ ਪੰਜ ਤਰ੍ਹਾਂ ਦੇ ਹੁੰਦੇ ਹਨ । ਇਹ ਵਹਿਮ ਵੇਖ ਕੇ, ਸੁਣ ਕੇ, ਸੁੰਘ ਕੇ, ਸੁਆਦ ਚੱਖਣ ਅਤੇ ਸਪਰਸ਼ ਕਰਕੇ ਹੋ ਜਾਂਦੇ ਹਨ ।

ਸਰੀਰਕ ਕ੍ਰਿਆਵਾਂ ਰਾਹੀਂ ਸਾਡੇ ਸਰੀਰ ਵਿੱਚ ਹਾਰਮੋਨਾਂ, ਵਿਟਾਮਿਨਾਂ ਅਤੇ ਜੀਭ ਰਸਾਂ ਦੇ ਸੰਤੁਲਨ ਦੇ ਭੰਗ ਹੋਣ ਕਾਰਨ ਝੂਠੇ ਅਨੁਭਵ ਹੋ ਸਕਦੇ ਹਨ । ਬੇਰੀ-ਬੇਰੀ, ਪਲੇਗਰਾ, ਸ਼ੀਜ਼ੋ ਫਰੇਨੀਆ (ਮਾਨਸਿਕ ਰੋਗ) ਵਰਗੀਆਂ ਬਿਮਾਰੀਆਂ, ਜੋ ਵਿਟਾਮਿਨਾਂ ਦੀ ਘਾਟ ਕਾਰਨ ਹੁੰਦੀਆਂ ਹਨ, ਦੇ ਸਧਾਰਨ ਚਿੰਨ੍ਹ ਹਨ । ਉਹਨਾਂ ਬਿਮਾਰ ਲੋਕਾਂ ਦੇ ਜਿਹੜੀ ਕਿ ਬੇਹੋਸ਼ੀ ਦੀ ਹਾਲਤ ਵਿੱਚ ਹੁੰਦੇ ਹਨ, ਦੇ ਝੂਠੇ ਅਨੁਭਵਾਂ ਦੇ ਅਨਜਾਣ ਲੋਕਾਂ ਦੁਆਰਾ ਗਲਤ ਅਰਥ ਕੱਢ ਲਏ ਜਾਂਦੇ ਹਨ ਕਿ ਉਹ ਮਰੇ ਹੋਏ ਰਿਸ਼ਤੇਦਾਰਾਂ ਦੀਆਂ ਰੂਹਾਂ ਨਾਲ ਗੱਲਾਂ ਬਾਤਾਂ ਕਰਨ ਤੇ ਦੇਖਣ ਦੀ ਯੋਗਤਾ ਰੱਖਦੇ ਹਨ ।

ਜਦੋਂ ਮੈਂ 1942 ਵਿੱਚ ਕੇਰਲਾ ਵਿਖੇ ਮੇਰੀ ਮਾਤਾ ਦੀ ਮੌਤ ਤੋਂ ਪਿੱਛੋਂ ਆਪਣੇ ਜੱਦੀ ਘਰ ਗਿਆ ਤਾਂ ਮੇਰਾ ਧਿਆਨ ਮੇਰੀ ਪਤਨੀ ਨੇ ਸਾਡੇ ਗੁਆਂਢ ਤੋਂ ਬਹੁਤ ਸਾਰੀਆਂ ਇਸਾਈ ਔਰਤਾਂ ਦੁਆਰਾ ਹਰ ਰੋਜ਼ ਕੀਤੀ ਜਾ ਰਹੀ ਉਸ ਪ੍ਰਾਰਥਨਾ ਵੱਲ ਦਿਵਾਇਆ, ਜੋ ਸਾਡੇ ਘਰ ਦੇ ਬਾਗ ਵਿੱਚ ਮੇਰੇ ਵੱਡੇ ਭਰਾ ਦੀ ਲੜਕੀ ਐਨੀ ਨੂੰ ਮੱਧ ਵਿਚਕਾਰ ਖੜ੍ਹਾ ਕਰਕੇ ਹੁੰਦੀ ਸੀ । ਜਦੋਂ ਮੈਂ ਆਪਣੇ ਭਰਾ ਨੂੰ ਪੁੱਛਿਆ ਕਿ ਮੇਰੀ ਮਾਤਾ ਦੀ ਮੌਤ ਪਿੱਛੋਂ ਉਸਦੀ ਪੁੱਤਰੀ ਐਨੀ ਆਪਣੀ ਦਾਦੀ ਨੂੰ, ਬਹੁਤ ਸਾਰੇ ਦੇਵੀ-ਦੇਵਤਿਆਂ ਦੁਆਰਾ ਜਿਹਨਾਂ ਕੋਲ ਜਗਦੀਆਂ ਮੋਮਬੱਤੀਆਂ ਹੁੰਦੀਆਂ ਹਨ, ਸਵਰਗ ਵੱਲ ਲਿਜਾਂਦੇ ਦੇਖਦੀ ਹੈ । ਜਦੋਂ ਦੀ ਉਹ ਅਕਾਸ਼ ਵੱਲ ਵੇਖਣ ਲੱਗੀ ਹੈ, ਗੁਆਂਢ ਦੀਆਂ ਇਸਾਈ ਇਸਤਰੀਆਂ ਐਨੀ ਨੂੰ ਇੱਕ ਪੂਜਣ ਯੋਗ ਕੁੜੀ ਸਮਝਣ ਲੱਗੀਆਂ ਹਨ, ਜਿਸ ਕੋਲ ਆਪਣੀ ਦਾਦੀ ਦੇ ਦਰਸ਼ਨ ਕਰਨ ਦੀ ਅਧਿਆਤਮਕ ਸ਼ਕਤੀ ਸੀ । ਉਸ ਦਾਦੀ ਦੀ ਜਿਹੜੀ ਕਿ ਮਾਲਾਬਾਰ ਦੇ ਗਿਰਜਾ ਘਰ ਸੀਰੀਆਈ ਮਾਰਥੋਮਾਂ ਦੇ ਵਾਈਸ ਕਾਥਾਨਾਰ ਦੀ ਪਤਨੀ ਸੀ - ਜਿਸਨੂੰ ਦੇਵਤੇ ਸਵਰਗ ਵੱਲ ਲਿਜਾ ਰਹੇ ਹਨ ।

ਮੈਂ ਆਪਣੇ ਭਰਾ ਨੂੰ ਚੇਤਾਵਨੀ ਦਿੱਤੀ ਕਿ ਜੇ ਇਹੀ ਕਿਰਿਆ ਜਾਰੀ ਰਹੀ ਤਾਂ ਸ਼ਾਇਦ ਉਸਦੀ ਪੁੱਤਰੀ ਅਖੀਰ ਪਾਗਲਖਾਨੇ ਪਹੁੰਚ ਜਾਵੇ । ਭਾਵੇਂ ਮੇਰਾ ਭਰਾ ਮੇਰੇ ਵਾਂਗ ਤਰਕਸ਼ੀਲ ਨਹੀਂ ਸੀ, ਪ੍ਰੰਤੂ ਉਹ ਮੇਰੀ ਸਲਾਹ ਦੀ ਬੜੀ ਕਦਰ ਕਰਦਾ ਸੀ । ਉਸਨੇ ਉਸ ਦਿਨ ਤੋਂ ਪ੍ਰਾਰਥਨਾਂ ਸਭਾਵਾਂ ਬੰਦ ਕਰ ਦਿੱਤੀਆਂ । ਮੈਂ ਐਨੀ ਨੂੰ ਆਪਣੇ ਨਾਲ ਸ੍ਰੀ ਲੰਕਾ ਲੈ ਆਇਆ ਤੇ ਉਸਦਾ ਚੰਗੀ ਤਰ੍ਹਾਂ ਡਾਕਟਰੀ ਮੁਆਇਨਾ ਕਰਵਾਇਆ । ਇਹ ਪਤਾ ਲੱਗਾ ਕਿ ਉਸਦੇ ਗਲੇ ਦੀ ਗ੍ਰੰਥੀ ਠੀਕ ਤਰ੍ਹਾਂ ਕੰਮ ਨਹੀਂ ਕਰਦੀ ਸੀ । ਇੱਕ ਹਫਤੇ ਦੇ ਹਾਰਮੋਨਾਂ ਦੇ ਇਲਾਜ ਨੇ ਮੇਰੀ ਮਾਤਾ ਅਤੇ ਦੇਵਤਿਆਂ ਨੂੰ ਅਸਮਾਨ ਵਿੱਚੋਂ ਅਲੋਪ ਕਰ ਦਿੱਤਾ ।

ਜੇਕਰ ਮੈਂ ਐਨੀ ਨੂੰ ਸ੍ਰੀ ਲੰਕਾ ਨਾ ਲਿਆਉਂਦਾ ਤੇ ਉਸਦਾ ਇਲਾਜ ਨਾ ਕਰਵਾਉਂਦਾ ਤਾਂ ਉਸਨੂੰ ਹੋਰ 'ਭਰਮ' ਅਤੇ 'ਦਰਸ਼ਨ' ਹੁੰਦੇ ਰਹਿੰਦੇ ਕਿਉਂਕਿ ਉਹ ਝੂਠੇ ਵਿਸ਼ਵਾਸਾਂ ਵਿੱਚ ਪਾਲੀ ਜਾ ਰਹੀ ਸੀ ਅਤੇ ਅਖੀਰ ਉਹ ਵੀ ਕੇਰਲਾ ਦੀ 'ਸੰਤ ਐਨੇ' ਬਣ ਜਾਂਦੀ ਤੇ ਉਸ ਤੋਂ ਆਸ਼ੀਰਵਾਦ ਲੈਣ ਲਈ ਲੋਕ ਆਪਣੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਮੇਰੇ ਜੱਦੀ ਘਰ 'ਪਵਿੱਤਰ' ਯਾਤਰਾ ਕਰਨ ਜਾਂਦੇ । ਅੱਜ ਕੱਲ੍ਹ ਉਹ ਇੱਕ ਖੁਸ਼ਹਾਲ ਦਾਦੀ ਮਾਂ ਹੈ ਕਿਉਂਕਿ ਉਸਦਾ ਠੀਕ ਸਮੇਂ ਸਿਰ ਇਲਾਜ ਕੀਤਾ ਗਿਆ ਸੀ ।

ਭਰਮ ਮਨੋਵਿਗਿਆਨਕ ਤੌਰ 'ਤੇ ਸੰਮੋਹਣੀ ਨੀਂਦ ਨਾਲ ਵੀ ਪੈਦਾ ਕੀਤੇ ਜਾ ਸਕਦੇ ਹਨ । ਆਪਾ ਸੁਝਾਅ ਅਤੇ ਬਾਹਰੀ ਸੁਝਾਅ ਦੋਹਾਂ ਰਾਹੀਂ ਹਿਪਨਾਟਿਕ ਭਰਮ ਪੈਦਾ ਕੀਤੇ ਜਾ ਸਕਦੇ ਹਨ । ਕਿਸੇ ਦੂਜੇ ਆਦਮੀ ਦੇ ਜਾਦੂਈ ਅਸਰ ਥੱਲੇ ਕੋਈ ਆਦਮੀ ਜਾਦੂ ਕਰਨ ਵਾਲੇ ਦੇ ਸੁਝਾਵਾਂ ਮੁਤਾਬਕ ਸੰਮੋਹਿਤ ਹੋ ਜਾਵੇਗਾ । ਜੇ ਇੱਕ ਹਿੰਦੂ ਜਾਂ ਬੋਧੀ ਜਿਹੜਾ ਕਿ ਪੁਨਰ ਜਨਮ ਦੇ ਅੰਧਵਿਸ਼ਵਾਸ ਵਿੱਚ ਪਾਲਿਆ ਗਿਆ ਹੈ, ਨੂੰ ਸੰਮੋਹਿਤ ਕੀਤਾ ਜਾਵੇ ਅਤੇ ਉਸਨੂੰ ਦੱਸਿਆ ਜਾਵੇ ਕਿ ਉਹ ਆਪਣੇ ਪਹਿਲੇ ਜਨਮ ਵਿੱਚ ਹੈ ਤਾਂ ਉਹ ਕਾਲਪਨਿਕ ਪਹਿਲੀ ਜ਼ਿੰਦਗੀ ਦੀ ਘੜੀ ਘੜਾਈ ਕਹਾਣੀ ਦੱਸੇਗਾ । ਇਸੇ ਤਰ੍ਹਾਂ ਇੱਕ ਵਿਅਕਤੀ ਜਿਸਦੀ ਪਾਲਣਾ ਸਵਰਗ ਜਾਂ ਨਰਕ ਦੇ ਇਸਲਾਮੀ ਜਾਂ ਇਸਾਈ ਵਿਸ਼ਵਾਸ ਅਨੁਸਾਰ ਹੋਈ ਹੈ, ਨੂੰ ਸੰਮੋਹਿਤ ਕੀਤਾ ਜਾਵੇ ਕਿ ਉਹ ਸਵਰਗ ਵਿੱਚ ਹੈ ਤਾਂ ਉਹ ਸਵਰਗ ਦੀ ਘੜੀ ਘੜਾਈ ਸਪੱਸ਼ਟ ਵਿਆਖਿਆ ਕਰੇਗਾ । ਹਿਮਨੋਟਿਜ਼ਮ ਦੇ ਪ੍ਰਭਾਵ ਥੱਲੇ ਕਿਸੇ ਵਿਅਕਤੀ ਦੀਆਂ ਗੱਲਾਂ ਤੋਂ ਅਸਲੀਅਤ ਜਾਂ ਸੱਚਾਈ ਮੰਨਣੀ ਮੂਰਖਤਾ ਹੁੰਦੀ ਹੈ, ਭਾਵੇਂ ਅਜਿਹੀਆਂ ਗੱਲਾਂ ਮਨੋਵਿਗਿਆਨੀਆਂ ਲਈ ਬਹੁਤ ਹੀ ਮਹੱਤਵਪੂਰਨ ਹੁੰਦੀਆਂ ਹਨ ।

(ਅਦਾਰਾ 'ਤਰਕਸ਼ੀਲ')

## ਬਜੁਰਗ ਨਾਸਤਿਕ ਲੀਡਰ ਅਤੇ ਸਮਾਜਿਕ ਆਗੂ ਜੀ. ਲਵਣਮ ਨਹੀਂ ਰਹੇ



ਨਾਸਤਿਕ ਕੇਂਦਰ ਵਿਜਯਵਾੜਾ ਦੇ ਬਾਨੀ Goparaju Ramachandra Rao (ਗੋਪਾਰਾਜੂ ਰਾਮਾਚੰਦਰਾ ਰਾਓ) 'ਗੋਰਾ' ਦੇ ਵੱਡੇ ਪੁੱਤਰ, ਗੋਪਾਰਾਜੂ ਲਵਣਮ ਜੋ ਕਿ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਆਖਰ 14 ਅਗਸਤ ਨੂੰ ਸਦੀਵੀ ਵਿਛੋੜਾ ਦੇ ਗਏ। ਆਪ ਦੀ ਉਮਰ 86 ਸਾਲ ਦੀ ਸੀ, ਆਪ ਦਾ ਜਨਮ 1930 ਨੂੰ ਹੋਇਆ ਸੀ। ਉਸ ਸਮੇਂ ਮਹਾਤਮਾ ਗਾਂਧੀ ਦਾ ਨਮਕ ਅੰਦੋਲਨ ਚਲ ਰਿਹਾ ਸੀ। ਗੋਰਾ ਨਾਸਤਿਕ ਹੋਣ ਦੇ ਨਾਲ ਨਾਲ ਮਹਾਤਮਾ ਗਾਂਧੀ ਦੀ ਵਿਚਾਰਧਾਰਾ ਦਾ ਸਮਰਥਕ ਵੀ ਸੀ। ਇਸ ਕਾਰਣ ਉਹਨਾਂ ਇਸ ਬੱਚੇ ਦਾ ਨਾਮ ਨਮਕ ਦੇ ਨਾਮ ਤੇ ਲਵਣਮ ਰੱਖਿਆ ਸੀ। ਪਿਤਾ ਦੇ ਨਾਲ ਹੀ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਵਿੱਚ ਵੀ ਭਾਗ ਲੈਂਦੇ ਰਹੇ। ਜੀ. ਲਵਣਮ ਇੱਕ ਉਘੇ ਨਾਸਤਿਕ, ਮਾਨਵਤਾਵਾਦੀ ਅਤੇ ਸਮਾਜਿਕ ਲੀਡਰ ਸਨ। ਉਹਨਾਂ ਦਾ ਵਿਆਹ ਵੀ ਅੰਤਰਜਾਤੀ ਹੋਇਆ ਸੀ। ਉਹਨਾਂ ਦੇ ਛੋਟੇ ਭਰਾ ਡਾ. ਜੀ. ਵਿਯਿਅਮ ਨਾਲ ਹੋਈ ਫੋਨ ਤੇ ਗੱਲਬਾਤ ਦੋਰਾਨ, ਉਹਨਾਂ ਦੱਸਿਆ ਕਿ ਜੀ. ਲਵਣਮ ਦੀ ਇਛਾ ਮੁਤਾਬਿਕ ਉਹਨਾਂ ਦੀਆਂ ਅੱਖਾਂ ਤੇ ਮ੍ਰਿਤਕ ਸਰੀਰ ਹਸਪਤਾਲ ਨੂੰ ਪ੍ਰਦਾਨ ਕਰ ਦਿੱਤਾ ਗਿਆ ਸੀ। ਹਜਾਰਾਂ ਦੀ ਗਿਣਤੀ ਵਿੱਚ ਹਰ ਵਰਗ ਦੇ ਲੋਕ ਉਹਨਾਂ ਨੂੰ ਸਰਧਾਂਜਲੀ ਦੇਣ ਪਹੁੰਚੇ ਹੋਏ ਸਨ। ਇਸ ਦੇ ਨਾਲ ਹੀ ਵਿਸ਼ੇਸ ਗੱਲ ਇਹ ਕਿ 9ਵੀਂ ਸੰਸਾਰ ਪੱਧਰੀ ਨਾਸਤਿਕ ਕਾਨਫਰੰਸ ਮਿਥੇ ਸਮੇਂ 6-7 ਜਨਵਰੀ 2016 ਨੂੰ ਹੋਵੇਗੀ। ਉਹਨਾਂ ਦੇ ਪ੍ਰਵਾਰ ਨਾਲ ਤਰਕਸ਼ੀਲ ਸੁਸਾਇਟੀ ਦੇ ਕੌਮੀ ਤੇ ਕੌਮਾਂਤਰੀ ਵਿਭਾਗ ਦੇ ਆਗੂ ਬਲਵਿੰਦਰ ਬਰਨਾਲਾ ਅਤੇ 'ਫਿਰਾ' ਦੇ ਵਿੱਤ ਸਕੱਤਰ ਹਰਚੰਦ ਭਿੰਡਰ ਨੇ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਵੱਲੋਂ ਹਮਦਰਦੀ ਪ੍ਰਗਟਾਈ।

**ਹਰਚੰਦ ਭਿੰਡਰ**

# ਬਲਾਤਕਾਰਾਂ ਦਾ ਵਧ ਰਿਹਾ ਘਿਣਾਉਣਾ ਵਰਤਾਰਾ

.... ਹੇਮ ਰਾਜ ਸਟੈਨੋ



ਅੱਜ-ਕੱਲ ਬਲਾਤਕਾਰਾਂ ਦੀਆਂ ਖਬਰਾਂ ਹਰ ਤਰ੍ਹਾਂ ਦੇ ਮੀਡੀਆ ਵਿੱਚ ਹਰ ਰੋਜ਼ ਆਉਂਦੀਆਂ ਰਹਿੰਦੀਆਂ ਹਨ। ਇਹ ਖਬਰਾਂ ਰੋਜ਼ ਦੀ ਰੋਜ਼ ਵਧ ਵੀ ਰਹੀਆਂ ਹਨ। ਹਰ ਸੂਝਵਾਨ ਇਨਸਾਨ ਲਈ ਇਹ ਚਿੰਤਾ ਦਾ ਵਿਸ਼ਾ ਹੈ। ਬਲਾਤਕਾਰ ਦੀ ਕਾਨੂੰਨੀ ਵਿਆਖਿਆ ਕੁੱਝ ਵੀ ਹੋਵੇ, ਸਾਡੀ ਪ੍ਰੀਭਾਸ਼ਾ ਇਹ ਹੈ ਕਿ **"ਕਿਸੇ ਵੀ ਇਨਸਾਨ ਵੱਲੋਂ ਸਮਾਜਕ ਰੁਤਬੇ ਦੇ ਰੋਹਬ 'ਤੇ, ਕਿਸੇ ਪਦ ਦੀ ਦੁਰਵਰਤੋਂ ਕਰਕੇ, ਫੁਸਲਾਕੇ, ਧੋਖਾ ਦੇਕੇ, ਮਜ਼ਬੂਰੀ ਦਾ ਫਾਇਦਾ ਉਠਾਕੇ, ਵਰਗਲਾਕੇ, ਬਿਨਾਂ ਸਹਿਮਤੀ ਦੇ, ਜ਼ੋਰ-ਜਬਰਦਸਤੀ ਬਣਾਏ ਸਰੀਰਕ ਸਬੰਧ ਬਲਾਤਕਾਰ ਹੈ।"**

ਇਹ ਵਰਤਾਰਾ ਕਿਉਂ ਹੈ ਅਤੇ ਅੱਜ ਇਸ ਦੇ ਵਧੇਰੇ ਪੱਧਰ 'ਤੇ ਫੈਲਣ ਦੇ ਕੀ ਕਾਰਨ ਹਨ, ਇਸ ਬਾਰੇ ਚਰਚਾ ਕਰਨ ਤੋਂ ਪਹਿਲਾਂ ਇਸ ਵਰਤਾਰੇ ਨਾਲ ਸਬੰਧਤ ਕੁੱਝ ਹੋਰ ਗੱਲ ਕਰਦੇ ਹਾਂ।

ਸਾਡੇ ਸਮਾਜ ਦਾ ਇੱਕ ਹਿੱਸਾ ਅਜਿਹਾ ਹੈ ਜੋ ਇਸ ਵਰਤਾਰੇ ਨੂੰ ਅੱਜ-ਕੱਲ ਦਾ ਵਰਤਾਰਾ ਕਹਿ ਰਿਹਾ ਹੈ। ਉਹ ਇਹ ਪ੍ਰਚਾਰ ਰਿਹਾ ਹੈ ਕਿ ਪ੍ਰਾਚੀਨ ਸਮਿਆਂ 'ਚ ਮਨੁੱਖ ਦੀਆਂ ਇਖਲਾਕੀ ਕਦਰਾਂ-ਕੀਮਤਾਂ ਉੱਚੀਆਂ ਤੇ ਸੁੱਚੀਆਂ ਸਨ, ਇਸ ਲਈ ਅਜਿਹੇ ਘਿਣਾਉਣੇ ਅਪਰਾਧ ਨਹੀਂ ਹੁੰਦੇ ਸਨ। ਇਖਲਾਕੀ ਕਦਰਾਂ-ਕੀਮਤਾਂ ਕਿਸ ਆਧਾਰ 'ਤੇ ਉੱਸਰਦੀਆਂ ਅਤੇ ਬਦਲਦੀਆਂ ਹਨ, ਇਸ ਗੱਲ ਨੂੰ ਪਾਸੇ ਰੱਖਦਿਆਂ ਦੇਖਦੇ ਹਾਂ ਕਿ ਕੀ ਪੁਰਾਣੀਆਂ ਕਦਰਾਂ-ਕੀਮਤਾਂ ਬਹਾਲ ਕਰਕੇ ਇਹ ਵਰਤਾਰਾ ਰੁਕ ਸਕਦਾ ਹੈ?

ਅੱਜ ਤੋਂ 2400 ਸਾਲ ਦੇ ਲਗਭਗ ਪਹਿਲਾਂ ਲਿਖੇ ਚਾਣਕੀਯ ਦੇ ਅਰਥ-ਸ਼ਾਸ਼ਤਰ ਵਿੱਚ ਅੱਠ ਤਰ੍ਹਾਂ ਦੇ ਵਿਆਹਾਂ ਦਾ ਜ਼ਿਕਰ ਕੀਤਾ ਗਿਆ ਹੈ। ਜਿਸ ਵਿੱਚ ਤਿੰਨ ਕਿਸਮ ਦੇ ਵਿਆਹ ਇਸ ਤਰ੍ਹਾਂ ਹਨ:

ਵਰ ਦੁਆਰਾ ਕੰਨਿਆ ਜਾਂ ਉਸ ਦੇ ਪਿਤਾ ਆਦਿ ਨੂੰ ਪੈਸਾ ਆਦਿ ਦੇਣ ਉਪਰੰਤ ਕੀਤੇ ਜਾਣ ਵਾਲੇ ਵਿਆਹ ਨੂੰ 'ਅਸੁਰ' ਵਿਆਹ ਕਿਹਾ ਜਾਂਦਾ ਹੈ; ਕੰਨਿਆ ਨੂੰ ਸਰੀਰਕ ਤਾਕਤ ਨਾਲ (ਕੰਨਿਆ ਪਰਿਵਾਰ ਦੇ ਵਿਰੋਧ ਦੇ ਬਾਵਜੂਦ) ਚੁੱਕ ਕੇ ਲੈ ਜਾਣ ਨੂੰ ਰਾਕਸ਼ਸ਼ ਵਿਆਹ ਕਿਹਾ ਜਾਂਦਾ ਹੈ ਅਤੇ ਤੀਸਰਾ, ਸੁੱਤੀ ਹੋਈ ਜਾਂ (ਨਸ਼ੇ ਆਦਿ ਕਾਰਣ ਬੇਹੋਸ਼) ਕੰਨਿਆ ਨੂੰ ਜ਼ੋਰ-ਜ਼ਬਰਦਸਤੀ ਨਾਲ ਚੁੱਕ ਕੇ ਲੈ ਜਾਣ ਨੂੰ 'ਪਿਸ਼ਾਚ' ਵਿਆਹ ਕਿਹਾ ਜਾਂਦਾ ਹੈ।

ਹੁਣ ਦੇਖੋ, ਇਨ੍ਹਾਂ ਤਿੰਨੇ ਹੀ ਕਿਸਮ ਦੇ ਵਿਆਹਾਂ ਵਿੱਚ ਲੜਕੀ ਦੀ ਕਿਸੇ ਕਿਸਮ ਦੀ ਕੋਈ ਸਹਿਮਤੀ ਨਹੀਂ ਹੈ। ਇਹ ਬਲਾਤਕਾਰ ਦੇ ਘੇਰੇ ਅੰਦਰ ਹੀ ਆਉਂਦੇ ਹਨ। ਪਰ ਚਾਣਕੀਯ ਇਨ੍ਹਾਂ ਬਲਾਤਕਾਰਾਂ ਨੂੰ ਵਿਆਹ ਕਹਿੰਦਿਆਂ ਇਨ੍ਹਾਂ 'ਤੇ ਪਰਦਾ ਪਾ ਦਿੰਦਾ ਹੈ ਅਤੇ ਇਸਨੂੰ ਸਮਾਜਕ ਪ੍ਰਵਾਨਗੀ ਦੇ ਦਿੰਦਾ ਹੈ। ਇਸ ਲਈ ਜਿਹੜੇ ਹਿੱਸੇ ਪ੍ਰਾਚੀਨ ਕਦਰਾਂ-ਕੀਮਤਾਂ ਬਹਾਲ ਕਰਨ ਦੀ ਗੱਲ ਕਰਦੇ ਹਨ ਉਨ੍ਹਾਂ ਨੂੰ ਸਾਡਾ ਸਵਾਲ ਹੈ ਕਿ ਕੀ ਉਹ ਅਜਿਹੀਆਂ ਕਦਰਾਂ-ਕੀਮਤਾਂ ਨੂੰ ਅੱਜ ਫਿਰ ਲਾਗੂ ਕਰਨਾ ਚਾਹੁੰਦੇ ਹਨ? ਕੀ ਬਲਾਤਕਾਰ ਨੂੰ ਸਮਾਜਕ ਪ੍ਰਵਾਨਗੀ ਦੇਣੀ ਬਲਾਤਕਾਰਾਂ ਨੂੰ ਰੋਕਣਾ ਬਣਦਾ ਹੈ? ਸਾਡਾ ਜਵਾਬ ਨਾਂਹ ਵਿੱਚ ਹੈ। ਇਸ ਲਈ ਅਸੀਂ ਪ੍ਰਾਚੀਨ ਇਖਲਾਕੀ ਕਦਰਾਂ-ਕੀਮਤਾਂ ਲਾਗੂ ਕਰਦਿਆਂ ਬਲਾਤਕਾਰ ਰੋਕਣ ਵਾਲੀ ਦਲੀਲ ਨੂੰ ਰੱਦ ਕਰਦੇ ਹਾਂ।

ਇੱਥੇ ਇਹ ਦੇਖਣਾ ਜ਼ਰੂਰ ਬਣਦਾ ਹੈ ਕਿ ਮੁਢਲੇ ਮਨੁੱਖੀ ਸਮਾਜ, ਜਿਸਨੂੰ ਕਮਿਊਨ ਭਾਈਚਾਰਾ ਕਿਹਾ ਜਾਂਦਾ ਹੈ, ਵੇਲੇ ਇਹ ਵਰਤਾਰਾ ਚਾਲੂ ਨਹੀਂ ਸੀ। ਉਸ ਵੇਲੇ ਇਹ ਵਰਤਾਰਾ ਇਸ ਲਈ ਨਹੀਂ ਸੀ ਕਿਉਂਕਿ ਉਦੋਂ ਔਰਤ-ਮਰਦ ਬਰਾਬਰਤਾ 'ਤੇ ਆਧਾਰ 'ਤੇ ਵਿਚਰਦੇ ਸਨ। ਪਰ ਇਸ ਤੋਂ ਬਾਅਦ ਮਰਦ ਜਾਇਦਾਦ 'ਤੇ ਭਾਰੂ ਹੁੰਦਾ ਗਿਆ ਅਤੇ ਜਾਇਦਾਦ ਮਰਦ ਦੀ ਨਿੱਜੀ ਮਾਲਕੀ ਬਣ ਗਈ। ਨਾਲ ਦੀ ਨਾਲ ਹੀ ਔਰਤ, ਦੂਸਰੇ ਨੰਬਰ 'ਤੇ ਹੀ ਨਹੀਂ ਚਲੀ ਗਈ ਬਲਕਿ ਮਰਦ ਦੀ ਨਿੱਜੀ ਜਾਇਦਾਦ ਬਣਦਿਆਂ ਮਰਦ ਦੇ ਜ਼ਾਇਜ਼ ਵਾਰਸ ਪੈਦਾ ਕਰਨ ਭਾਵ ਬੱਚੇ ਪੈਦਾ ਕਰਨ ਅਤੇ ਹੋਰ ਘਰੇਲੂ ਕੰਮ-ਕਾਰ ਕਰਨ ਤੱਕ ਸੀਮਤ ਹੋ ਗਈ। ਇਸ ਦਾ ਤਰਕਪੂਰਣ **(logically)** ਸਿੱਟਾ ਇਹ ਬਣਦਾ ਹੈ ਕਿ ਇਹ ਵਰਤਾਰਾ ਔਰਤ-ਮਰਦ 'ਚ ਗੈਰ-ਬਰਾਬਰੀ ਆ ਜਾਣ 'ਤੇ ਹੀ ਚਾਲੂ ਹੋਇਆ। ਇਹ ਗੈਰ-ਬਰਾਬਰੀ ਦੇ ਆ ਜਾਣ ਤੋਂ ਬਾਅਦ ਮਰਦ ਵੱਲੋਂ ਔਰਤ ਨੂੰ ਆਪਣੀ ਕਾਮੁਕ ਹਵਸ ਲਈ ਇਸਨੂੰ ਸਿਰਫ ਭੋਗ ਦੀ ਵਸਤੂ

ਸਮਝਣ ਦੀ ਸਮਝ ਨੇ ਜਨਮ ਲਿਆ।

ਸਾਡਾ ਭਾਰਤੀ ਸਮਾਜ ਜਦੋਂ ਜਗੀਰਦਾਰੀ ਦੌਰ 'ਚ ਸੀ ਤਾਂ ਰਾਜੇ-ਰਜਵਾੜਿਆਂ ਅਤੇ ਜਗੀਰਦਾਰਾਂ ਵੱਲੋਂ ਸੈਂਕੜੇ ਪਤਨੀਆਂ ਰੱਖਣ ਦੀਆਂ ਮਿਸਾਲਾਂ ਆਮ ਹਨ। ਇਹ ਪਤਨੀਆਂ, ਪਤੀ-ਪਤਨੀ ਵਾਲੇ ਬਰਾਬਰਤਾ ਦੇ ਆਧਾਰ 'ਤੇ ਨਹੀਂ ਬਲਕਿ ਉਨ੍ਹਾਂ ਨੂੰ ਖੇਡਣ (ਭੋਗਣ) ਲਈ ਖਿਡੌਣਿਆਂ ਦੇ ਰੂਪ 'ਚ ਰੱਖਣ ਦੀ ਇੱਕ ਘਿਣਾਉਣੀ ਮਿਸਾਲ ਹੈ ਜੋ ਕਿ ਔਰਤ ਜਾਤੀ ਦੀ ਇੱਕ ਦਾਸਤਾਨ ਹੈ। ਇਹ ਸਾਰਾ ਕੁੱਝ ਖੁੱਲੇ-ਰੂਪ 'ਚ ਚੱਲਦਾ ਸੀ। ਪਰ ਇਸਦਾ ਮਤਲਬ ਇਹ ਵੀ ਨਹੀਂ ਕਿ ਔਰਤ ਦਾ ਸਤਿਕਾਰ ਬਿਲਕੁਲ ਹੀ ਮਨਫੀ ਸੀ। ਮਹਿਮੂਦ ਗਜ਼ਨਵੀ ਦੇ ਦੇਸ਼ 'ਚ ਜਾ ਕੇ ਉੱਥੋਂ ਸਾਡੇ ਦੇਸ਼ ਦੀਆਂ ਔਰਤਾਂ ਨੂੰ ਛੁਡਾਕੇ ਲਿਆਕੇ ਉਨ੍ਹਾਂ ਨੂੰ ਘਰੋ-ਘਰੀ ਵਾਪਿਸ ਭੇਜਣ ਦਾ ਵੀ ਇਤਿਹਾਸ ਰਿਹਾ ਹੈ। ਭਾਵ ਜਗੀਰੂ ਸੋਚ 'ਚ "ਜ਼ਰ(ਧਨ), ਜ਼ੋਰੋ (ਔਰਤ) ਅਤੇ ਜ਼ਮੀਨ" 'ਤੇ ਲੜਾਈਆਂ ਹੋਣ ਦੀਆਂ ਮਿਸਾਲਾਂ ਵੀ ਇਹ ਸਾਬਤ ਕਰਦੀਆਂ ਹਨ ਕਿ ਔਰਤ ਦਾ ਸਤਿਕਾਰ ਵੀ ਸੀ ਭਾਵੇਂ ਭਾਰੂ ਰੂਪ 'ਚ ਔਰਤ ਨੂੰ ਭੋਗਣ ਵਾਲੀ ਵਸਤੂ ਵਜੋਂ ਹੀ ਦੇਖਿਆ ਜਾਂਦਾ ਸੀ।

ਔਰਤ ਨੂੰ ਵਸਤੂ ਸਮਝਣ ਦੀ ਜਗੀਰੂ ਮਾਨਸਿਕਤਾ ਅੱਜ ਵੀ ਕੰਮ ਕਰ ਰਹੀ ਹੈ। ਮਿਸਾਲ ਦੇ ਤੌਰ 'ਤੇ ਭਾਜਪਾ ਐਮ.ਪੀ. ਸਾਕਸ਼ੀ ਮਹਾਰਾਜ ਹਿੰਦੂ ਔਰਤਾਂ ਨੂੰ ਚਾਰ-ਚਾਰ ਬੱਚੇ ਪੈਦਾ ਕਰਨ ਲਈ ਕਹਿ ਰਿਹਾ ਹੈ। ਵਾਸੁਦੇਵਾ ਨੰਦ ਸਰਸਵਤੀ ਹਿੰਦੂ ਔਰਤਾਂ ਨੂੰ 10 ਬੱਚੇ ਪੈਦਾ ਕਰਨ ਦਾ ਸੰਦੇਸ਼ ਦੇ ਰਿਹਾ ਹੈ। ਕਹਿਣ ਤੋਂ ਭਾਵ ਕਿ ਔਰਤ ਨੂੰ ਇਨਸਾਨ ਨਹੀਂ ਬਲਕਿ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਹੀ ਸਮਝਿਆ ਜਾ ਰਿਹਾ ਹੈ। ਇਸੇ ਲਈ ਜਦੋਂ ਔਰਤ ਨਾਲ ਕਦੇ ਬਲਾਤਕਾਰ ਹੁੰਦਾ ਹੈ ਤਾਂ ਔਰਤਾਂ ਨੂੰ ਹੀ ਦੋਸ਼ੀ ਠਹਿਰਾ ਦਿੱਤਾ ਜਾਂਦਾ ਹੈ ਜਿਵੇਂ ਇਹ ਕਹਿਣਾ ਕਿ ਜੇਕਰ ਕੋਈ ਔਰਤ ਸਜ-ਸੰਵਰ ਕੇ ਬਾਹਰ ਜਾਂਦੀ ਹੈ ਤਾਂ ਉਸਦੇ ਮਨ ਵਿੱਚ ਆਪਣੇ ਲਈ ਅਸ਼ਲੀਲ ਟਿੱਪਣੀਆਂ ਸੁਨਣ ਦੀ ਇੱਛਾ ਹੁੰਦੀ ਹੈ ਅਤੇ ਜੇਕਰ ਕੋਈ ਔਰਤ ਛੋਟੇ ਕੱਪੜੇ ਪਾ ਕੇ ਬਾਹਰ ਜਾਂਦੀ ਹੈ ਤਾਂ ਉਸਦੇ ਮਨ ਵਿੱਚ ਸਰੀਰਕ ਸਬੰਧ ਬਣਾਉਣ ਦੀ ਇੱਛਾ ਹੁੰਦੀ ਹੈ, ਜਾਂ ਔਰਤਾਂ ਨੂੰ ਰਾਤ ਦੇ ਵਕਤ ਬਾਹਰ ਨਹੀਂ ਨਿਕਲਣਾ ਚਾਹੀਦਾ। ਪਰ ਮਰਦ ਨੂੰ ਕਿਸੇ ਨੇ ਕਦੇ ਨਹੀਂ ਕਿਹਾ ਕਿ ਜਦੋਂ ਉਹ ਸੋਹਣੇ-ਸੋਹਣੇ ਕੱਪੜੇ ਪਾ ਕੇ, ਬਣ-ਫਬਕੇ ਘਰੋਂ ਬਾਹਰ ਨਿਕਲਦਾ ਹੈ, ਤਾਂ ਉਹ ਬਲਾਤਕਾਰ ਕਰਨ ਲਈ ਹੀ ਜਾਂਦਾ ਹੈ। ਇਸਤੋਂ ਸਾਡੇ ਸਮਾਜ ਦੇ ਇਸ ਹਿੱਸੇ ਦਾ ਇਹ ਰਵੱਈਆ ਔਰਤ ਪ੍ਰਤੀ ਜਗੀਰੂ-ਮਾਨਸਿਕਤਾ ਦਾ ਸਪੱਸ਼ਟ ਸਬੂਤ ਹੈ।

ਪਰ ਸਾਡੇ ਸਮਾਜ ਦਾ ਦੁਖਾਂਤ ਇਹ ਹੈ ਕਿ ਇਨ੍ਹਾਂ ਔਰਤ-ਵਿਰੋਧੀ ਬਿਆਨਾਂ ਦਾ ਸਮਾਜ ਵਿੱਚ ਕੋਈ ਵਿਆਪਕ ਆਪ-ਮੁਹਾਰਾ ਜਾਂ ਜਥੇਬੰਦ ਵਿਰੋਧ ਵੇਖਣ ਨੂੰ ਨਹੀਂ ਮਿਲ ਰਿਹਾ। ਕਿਉਂ? ਕਿਉਂਕਿ ਸਮਾਜ ਦਾ ਬਹੁਤ ਵੱਡਾ ਹਿੱਸਾ ਕਿਤੇ ਨਾ ਕਿਤੇ ਕਿਸੇ ਨਾ ਕਿਸੇ ਹੱਦ ਤੱਕ ਇਹਨਾਂ ਵਿਚਾਰਾਂ ਨਾਲ ਸਹਿਮਤੀ ਰੱਖਦਾ ਹੈ।

ਇਸ ਲਈ ਔਰਤ ਨਾਲ ਬਲਾਤਕਾਰ ਜਿਹੇ ਘਿਣਾਉਣੇ ਜੁਰਮ ਕਰਨ ਵਾਲਿਆਂ 'ਤੇ ਕਿਸੇ ਕਿਸਮ ਦਾ ਕੋਈ ਸਮਾਜਿਕ ਦਬਾਅ ਨਹੀਂ ਬਣ ਰਿਹਾ। ਜਿਸ ਕਰਕੇ ਬਲਾਤਕਾਰਾਂ ਦਾ ਵਰਤਾਰਾ ਵਧਦਾ ਜਾ ਰਿਹਾ ਹੈ।

ਅੱਜ ਜਗੀਰੂ ਪ੍ਰਬੰਧ ਨੰਗੇ-ਚਿੱਟੇ ਰੂਪ 'ਚ ਨਹੀਂ ਰਿਹਾ ਅਤੇ ਇੱਥੇ ਸਰਮਾਏਦਾਰੀ ਨੇ ਵਿਕਾਸ ਕੀਤਾ ਹੈ। ਸਰਮਾਏਦਾਰੀ ਦੇ ਵਿਕਾਸ ਨੇ ਔਰਤ ਨੂੰ ਤਾਂ ਮਰਦ ਦੇ ਗਲਬੇ ਅਧੀਨ ਹੀ ਰੱਖਿਆ ਹੋਇਆ ਹੈ। ਕਿਉਂਕਿ ਸਰਮਾਏਦਾਰੀ ਦਾ ਉਦੇਸ਼ ਤਾਂ ਮਨੁੱਖਤਾ ਦੀ ਕੀਮਤ 'ਤੇ ਸਿਰਫ ਮੁਨਾਫਾ ਕਮਾਉਣਾ ਹੀ ਹੁੰਦਾ ਹੈ। ਉਸ ਲਈ ਮਨੁੱਖੀ ਗੁਣਾਂ ਦਾ ਕੋਈ ਮਤਲਬ ਨਹੀਂ ਹੁੰਦਾ। ਸਰਮਾਏਦਾਰੀ ਪੂਰੀ ਤਰ੍ਹਾਂ ਸੰਵੇਦਨਹੀਣ ਹੁੰਦੀ ਹੈ। ਇਸ ਦੀ ਇੱਕ ਮਿਸਾਲ ਲਵੋ। "ਮੁੰਬਈ ਦੇ ਕਿੰਗ ਐਡਵਰਡ ਮੈਮੋਰੀਅਲ ਹਸਪਤਾਲ ਵਿੱਚ ਕੰਮ ਕਰਦੀ ਨਰਸ ਅਰੁਣਾ ਸ਼ਾਨਬਾਗ ਨਾਲ 27 ਨਵੰਬਰ 1973 ਨੂੰ ਸੋਹਨ ਲਾਲ ਭਾਰਥਾ ਵਾਲਮੀਕੀ ਨਾਮੀ ਵਾਰਡ ਬੁਆਏ ਨੇ ਉਸਦੇ ਗਲ ਵਿੱਚ ਕੁੱਤੇ ਦੀ ਸੰਗਲੀ ਪਾ ਕੇ ਉਸਦਾ ਗਲਾ ਘੁੱਟਿਆ, ਉਸ ਨਾਲ ਬਿਆਨੋਂ ਬਾਹਰੇ ਭਿਆਨਕ ਢੰਗ ਨਾਲ ਬਲਾਤਕਾਰ ਕੀਤਾ ਤੇ ਸਰੀਰਕ ਤਸੀਹੇ ਦਿੱਤੇ। ਉਸਨੂੰ ਬੇਹੋਸ਼ੀ ਦੀ ਹਾਲਤ ਵਿੱਚ ਉੱਥੇ ਛੱਡ ਦਿੱਤਾ। ਇਹ ਅਰੁਣਾ 42 ਸਾਲ ਕੋਮਾ ਵਿੱਚ ਰਹੀ।" ਇਹ ਤਾਂ ਬਲਾਤਕਾਰੀ ਨੇ ਕੀਤਾ। ਹੁਣ ਅੱਗੇ ਸੁਣੋ। "ਹਸਪਤਾਲ ਦੇ ਮਾਲਕਾਂ ਨੇ ਆਪਣੇ ਹਸਪਤਾਲ ਦੀ "ਸਾਖ" ਬਚਾਉਣ ਲਈ ਇਹ ਮਾਮਲਾ ਪੇਤਲਾ ਪਾਇਆ ਤੇ ਪੁਲਿਸ ਕੋਲ ਸਿਰਫ ਲੁੱਟ-ਖੋਹ ਦੀ ਵਾਰਦਾਤ ਦੇ ਰੂਪ ਵਿੱਚ ਹੀ ਦਰਜ ਕਰਵਾਇਆ ਗਿਆ, ਜਦਕਿ ਬਲਾਤਕਾਰ ਤੇ ਕਤਲ ਦੀ ਕੋਸ਼ਿਸ਼ ਜਿਹੇ ਸੰਗੀਨ ਜੁਰਮਾਂ ਨੂੰ ਲੁਕਾ ਲਿਆ ਗਿਆ। ਇਸ ਪਿੱਛੇ ਉਹਨਾਂ ਨੇ

ਸ਼ਾਨਬਾਗ ਦੀ ਇੱਜਤ ਬਣਾਈ ਰੱਖਣ ਦਾ ਬਹਾਨਾ ਵੀ ਘੜਿਆ। ..ਹਸਪਤਾਲ ਦੇ ਮਾਲਕਾਂ ਨੇ ਸਰਕਾਰੀ ਪ੍ਰਸ਼ਾਸ਼ਨ ਦੀ ਮੱਦਦ ਨਾਲ ਅਰੁਣਾ ਸ਼ਾਨਬਾਗ ਨੂੰ ਵਾਰ-ਵਾਰ ਹਸਪਤਾਲ ਵਿੱਚੋਂ ਬਾਹਰ ਕੱਢਣ ਦੀਆਂ ਕੋਸ਼ਿਸ਼ਾਂ ਕੀਤੀਆਂ ਤਾਂ ਜੋ ਉਸਦੇ ਖਾਲੀ ਹੋਏ ਬੈਡ ਨੂੰ ਹੋਰਨਾਂ ਮਰੀਜ਼ਾਂ ਦੀਆਂ ਜੇਬਾਂ ਛਿੱਲਣ ਲਈ ਵਰਤਿਆ ਜਾ ਸਕੇ। ਸਾਲ 1980 'ਚ ਅਜਿਹੀ ਕੋਸ਼ਿਸ਼ ਦੋ ਵਾਰ ਹੋਈ, ਪਰ ਦੋਵੇਂ ਵਾਰ ਹਸਪਤਾਲ ਦੀਆਂ ਨਰਸਾਂ ਦੀ ਬਗਾਵਤ ਕਾਰਨ ਅਜਿਹਾ ਨਾ ਹੋ ਸਕਿਆ।" (ਲਲਕਾਰ ਜੂਨ 2015) ਸੋ ਸਰਮਾਏਦਾਰੀ ਲਈ ਮਨੁੱਖੀ ਗੁਣਾਂ ਦੀ ਕੋਈ ਮਤਲਬ ਨਹੀਂ ਹੁੰਦਾ। ਅਮਰੀਕਾ ਅੰਦਰ ਅਸ਼ਲੀਲ ਫਿਲਮਾਂ ਬਣਾਉਣ ਦੀ ਸਭ ਤੋਂ ਵੱਡੀ ਸਨਅਤ ਹੈ। ਉਹ ਇਹ ਫਿਲਮਾਂ ਦਾ ਪ੍ਰਚਾਰ-ਪ੍ਰਸਾਰ ਕਰਦਿਆਂ ਵੀ ਮੁਨਾਫਾ ਕਮਾ ਰਹੀ ਹੈ। ਇਹ ਸਾਰਾ ਕੁੱਝ ਸਰਮਾਏਦਾਰੀ ਦੀ ਆਤਮਕ ਸੜੇਹਾਣ ਹੈ। ਉਹ ਇਸਨੂੰ ਸਮਾਜ 'ਤੇ ਲੱਦਣ ਲਈ ਇੰਟਰਨੈਟ, ਅਖਬਾਰ, ਮੈਗਜ਼ੀਨ, ਟੀ.ਵੀ. ਦੀ ਤਕਨੀਕ ਵਰਤ ਰਹੀ ਹੈ ਅਤੇ ਪ੍ਰੋਗਰਾਮਾਂ ਰਾਹੀਂ ਔਰਤ ਨੂੰ ਇੱਕ ਜਿਨਸ ਬਣਾਕੇ ਪੇਸ਼ ਕਰ ਰਹੀ ਹੈ। ਇਸ ਤਰ੍ਹਾਂ ਕਰਦਿਆਂ ਉਹ ਆਪਣੀ ਆਤਮਕ **(spritual not soul)** ਸੜੇਹਾਣ ਦਾ ਆਮ ਮਨੁੱਖ 'ਤੇ ਪ੍ਰਭਾਵ ਪਾ ਰਹੀ ਹੈ। ਉਹ ਆਮ ਮਨੁੱਖਾਂ ਦੀਆਂ ਖੁਸ਼ੀਆਂ ਖਾਣ, ਪੀਣ, ਪਾਰਟੀਆਂ, ਖਰੀਦੋ-ਫਰੋਖਤ, ਚਕਾਚੌਂਧ, ਦਿਖਾਵੇਬਾਜ਼ੀ, ਫਰੇਬ, ਸਾਜਿਸ਼ ਅਤੇ ਭੋਗ-ਵਿਲਾਸ ਤੱਕ ਹੀ ਸੀਮਤ ਕਰ ਰਹੀ ਹੈ। ਇਨ੍ਹਾਂ ਮਨੁੱਖੀ ਮੂਰਤਾਂ ਅੰਦਰ ਇਖਲਾਕੀ ਸੜ੍ਹਾਂਦ ਨਿਵਾਣ ਤੋਂ ਨਿਵਾਣ ਵੱਲ ਚਲੀ ਜਾ ਰਹੀ ਹੈ। ਇਹ ਨਿਘਾਰ ਔਰਤਾਂ ਨਾਲ ਹੁੰਦੇ ਬਲਾਤਕਾਰਾਂ ਦੇ ਰੂਪ 'ਚ ਨਿਕਲਦਾ ਹੈ।

ਇੱਥੋਂ ਤੱਕ ਤਾਂ ਆਪਾਂ ਆਮ ਰੂਪ 'ਚ ਹੁੰਦੇ ਬਲਾਤਕਾਰਾਂ ਬਾਰੇ ਗੱਲ ਕੀਤੀ ਹੈ। ਹੁਣ ਆਪਾਂ ਬਲਾਤਕਾਰਾਂ ਨੂੰ ਦਹਿਸ਼ਤ ਬਣਾਈ ਰੱਖਣ ਦੇ ਇੱਕ ਹਥਿਆਰ ਵਜੋਂ ਵਰਤੋਂ ਦੇ ਦੂਸਰੇ ਰੂਪ ਦੀ ਗੱਲ ਕਰਦੇ ਹਾਂ।

**ਹਕੂਮਤੀ ਦਹਿਸ਼ਤ ਬਣਾਈ ਰੱਖਣ ਲਈ ਕੀਤੇ ਜਾਂਦੇ ਬਲਾਤਕਾਰ:**

ਸੁਰੱਖਿਆ ਦੇਣ ਵਾਲੀਆਂ ਏਜੰਸੀਆਂ ਔਰਤਾਂ ਨਾਲ ਬਲਾਤਕਾਰ ਨਹੀਂ ਕਰ ਰਹੀਆਂ? ਕਰ ਰਹੀਆਂ ਹਨ। ਮਿਸਾਲ ਦੇ ਤੌਰ 'ਤੇ ਜੰਮੂ ਕਸ਼ਮੀਰ 'ਚ 1990 'ਚ ਬੀ.ਐਸ.ਐਫ. ਦੇ ਜਵਾਨਾਂ ਰਾਹੀਂ ਮੁਬੀਨਾ ਗਨੀ ਅਤੇ ਉਸ ਦੀ ਚਾਚੀ ਦਾ ਬਲਾਤਕਾਰ, ਫੌਜ ਦੀ ਚੌਥੀ ਰਾਜਪੂਤਾਨਾ ਰਾਈਫਲਜ਼ ਦੇ ਜਵਾਨਾਂ ਵੱਲੋਂ ਕੁਨਾਨ ਪੋਸ਼ਪੋਰਾ ਦੀਆਂ ਔਰਤਾਂ ਨਾਲ ਬਲਾਤਕਾਰ, ਆਸਾਮ ਰਾਈਫਲਜ਼ ਦੇ ਜਵਾਨਾਂ ਦੁਆਰਾ ਮਨੀਪੁਰ 'ਚ ਮਨੋਰਮਾ ਦਾ ਬਲਾਤਕਾਰ, ਜਿਸ ਦੇ ਵਿਰੋਧ ਵਜੋਂ ਮਨੀਪੁਰ ਦੀਆਂ ਔਰਤਾਂ ਨੇ ਨੰਗੇਜ਼ ਅਵਸਥਾ 'ਚ ਵਿਰੋਧ ਪ੍ਰਗਟਾਇਆ ਅਤੇ ਉਨ੍ਹਾਂ ਦੀਆਂ ਹੱਥਾਂ 'ਚ ਫੜੀਆਂ ਤਖਤੀਆਂ 'ਤੇ ਲਿਖਿਆ ਹੋਇਆ ਸੀ "ਭਾਰਤੀ ਫੌਜ, ਆਓ ਸਾਡੇ ਨਾਲ ਬਲਾਤਕਾਰ ਕਰੋ**(Indian Army, Rape Us)**" ਇਸੇ ਤਰ੍ਹਾਂ ਪੁਲਿਸ ਵੱਲੋਂ ਬਲਾਤਕਾਰ ਕਰਨ ਦੀਆਂ ਰਿਪੋਰਟਾਂ ਵੀ ਆਉਂਦੀਆਂ ਰਹਿੰਦੀਆਂ ਹਨ ਮਿਸਾਲ ਦੇ ਤੌਰ 'ਤੇ ਛੱਤੀਸ਼ਗੜ੍ਹ ਦੀ ਇੱਕ ਅਧਿਆਪਕਾ ਸੋਨੀ ਸ਼ੋਰੀ ਨੂੰ ਉਸਦੇ ਮਾਓਵਾਦੀਆਂ ਨਾਲ ਸੰਪਰਕ ਹੋਣਾ ਕਹਿਕੇ ਪੁਲਿਸ ਹਿਰਾਸਤ ਵਿੱਚ ਲੈ ਲਿਆ ਗਿਆ। ਉਸ ਨਾਲ ਦੰਤੇਵਾੜਾ ਪੁਲਿਸ ਸਟੇਸ਼ਨ 'ਚ ਬਲਾਤਕਾਰ ਕੀਤਾ ਗਿਆ ਅਤੇ ਉਸ ਦੇ ਗੁਪਤ ਅੰਗ ਵਿੱਚ ਪੱਥਰ ਪਾਏ ਗਏ।

ਉਪਰੋਕਤ ਵਰਨਣ ਕੀਤੇ ਗਏ ਬਲਾਤਕਾਰ ਉਹ ਹਨ ਜੋ ਹਕੂਮਤੀ ਦਹਿਸ਼ਤ ਨੂੰ ਬਣਾਈ ਰੱਖਣ ਲਈ ਕੀਤੇ ਜਾਂਦੇ। ਜਿੱਥੇ ਮਰਦਾਂ ਨੂੰ ਗ੍ਰਿਫਤਾਰ ਕਰਕੇ ਤਸੀਹੇ ਦਿੱਤੇ ਜਾਂਦੇ ਹਨ ਉੱਥੇ ਆਮ ਲੋਕਾਂ 'ਤੇ ਹੋਰ ਵਿਆਪਕ ਦਹਿਸ਼ਤ ਪਾਉਣ ਲਈ ਉਨ੍ਹਾਂ ਦੀਆਂ ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤੇ ਜਾਂਦੇ ਹਨ। ਕੀ ਰਾਜ-ਪ੍ਰਬੰਧ ਇਨ੍ਹਾਂ ਨੂੰ ਰੋਕਣਾ ਚਾਹੁੰਦਾ ਹੈ? ਨਹੀਂ। ਲਓ ਦੇਖੋ।

ਸੋਨੀ ਸ਼ੋਰੀ ਨਾਲ ਬਲਾਤਕਾਰ ਦੀ ਮਿਸਾਲ ਲਵੋ। ਉਸ ਨਾਲ ਬਲਾਤਕਾਰ ਕਰਨ ਵਾਲੇ ਸੁਰੱਖਿਆ ਕਰਮੀ ਅੰਕਿਤ ਗਰਗ ਨੂੰ ਇਸ ਰਾਜ-ਪ੍ਰਬੰਧ ਨੇ, ਇਹ ਜੁਰਮ ਕਰਨ ਤੋਂ ਬਾਅਦ, ਸੰਨ 2012 'ਚ ਪੇਸ਼ਾਵਰ ਉਤਮਤਾ ਲਈ ਰਾਸ਼ਟਰਪਤੀ ਮੈਡਲ ਨਾਲ ਨਿਵਾਜਿਆ। ਇਹੀ ਨਹੀਂ ਬਲਕਿ 26 ਜਨਵਰੀ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਲਾਲ ਕਿਲੇ ਤੋਂ ਆਪਣੇ ਭਾਸ਼ਣ ਦੌਰਾਨ ਇਸ ਘਿਣਾਉਣੇ ਵਰਤਾਰੇ ਦੇ ਹੱਲ ਦਾ ਨੁਸਖਾ ਪੇਸ਼ ਕਰਦਿਆਂ ਕਿਹਾ ਕਿ ਜੇਕਰ ਮਾਂ-ਬਾਪ ਆਪਣੇ ਬੱਚਿਆਂ ਨੂੰ ਚੰਗੇ ਸੰਸਕਾਰ ਦੇਣ ਤਾਂ ਇਹ ਵਰਤਾਰਾ ਬੰਦ ਹੋ ਸਕਦਾ ਹੈ ਭਾਵ ਕਿ ਰਾਜ-ਪ੍ਰਬੰਧ ਦੀ ਕੋਈ ਜ਼ਿੰਮੇਵਾਰੀ ਨਹੀਂ ਅਤੇ ਨਾ ਹੀ ਕੋਈ ਕਸੂਰ ਹੈ, ਜੇਕਰ ਜ਼ਿੰਮੇਵਾਰੀ ਤੇ ਕਸੂਰ ਹੈ ਤਾਂ ਨੌਜਵਾਨਾਂ ਦੇ ਮਾਪਿਆਂ ਦਾ ਹੈ।

ਸੋ ਭਾਵੇਂ ਸਾਡੇ ਭਾਰਤ ਦੇ ਹਾਕਮ ਇਹ ਪ੍ਰਚਾਰ ਰਹੇ ਹਨ ਕਿ ਜਗੀਰੂ ਵੇਲਿਆਂ 'ਚ ਤਾਂ ਔਰਤ ਦੀ ਸੁਰੱਖਿਆ ਲਈ ਕੋਈ ਕਾਨੂੰਨ ਨਹੀਂ ਸਨ, ਅੱਜ ਅਸੀਂ ਔਰਤ ਦੀ ਸੁਰੱਖਿਆ ਲਈ ਤਰ੍ਹਾਂ ਤਰ੍ਹਾਂ ਦੇ ਕਾਨੂੰਨ ਬਣਾਏ ਹੋਏ ਹਨ। ਜਿਵੇਂ ਦਿੱਲੀ 'ਚ ਦਾਮਿਨੀ ਕਾਂਡ ਵਾਪਰਨ 'ਤੇ ਕਾਨੂੰਨ ਸਖਤ ਬਣਾਇਆ। ਇਹ ਠੀਕ ਹੈ ਕਿ ਕਈ ਕਾਨੂੰਨ ਬਣਾਏ ਗਏ ਹਨ। ਪਰ ਹੋ ਕੀ ਰਿਹਾ ਹੈ? ਕਾਨੂੰਨਾਂ ਨੂੰ ਸਖਤ ਕਰਨ ਦੇ ਬਾਵਜੂਦ ਇਸ ਪ੍ਰਬੰਧ ਅੰਦਰ ਬਲਾਤਕਾਰ ਦਿਨੋਂ-ਦਿਨ ਵਧ ਰਹੇ ਹਨ। ਪਿਛਲੀਆਂ ਚੋਣਾਂ ਦੌਰਾਨ ਕਿੰਨੇ ਹੀ ਉਮੀਦਵਾਰਾਂ ਨੇ ਹਲਫੀਆ ਬਿਆਨ ਦਿੱਤੇ ਸਨ ਕਿ ਉਨ੍ਹਾਂ 'ਤੇ ਬਲਾਤਕਾਰ ਜਾਂ ਔਰਤਾਂ ਨਾਲ ਛੇੜ-ਛਾੜ ਕਰਨ ਦੇ ਕੇਸ ਚੱਲ ਰਹੇ ਹਨ)। ਸੋ ਫੌਜ, ਪੁਲਿਸ, ਨਿਆਂ-ਪ੍ਰਬੰਧ ਤੇ ਪਾਰਲੀਮਾਨੀ ਸੰਸਥਾਵਾਂ ਆਦਿ 'ਚ ਔਰਤ-ਵਿਰੋਧੀ ਮਧ-ਯੁੱਗੀ ਵਿਚਾਰਧਾਰਾ ਹਾਵੀ ਹੈ ਜਿਸਨੂੰ ਇਨ੍ਹਾਂ ਸੰਸਥਾਵਾਂ ਦੇ ਚਾਲਕ ਬਲਾਤਕਾਰ ਨੂੰ ਹਕੂਮਤੀ ਧੌਂਸ ਜਮਾਉਣ ਲਈ ਵੀ ਵਰਤਦੇ ਹਨ। ਬਲਾਤਕਾਰ ਵਧਣ ਦਾ ਇੱਕ ਵੱਡਾ ਕਾਰਨ ਇਹ ਵੀ ਹੈ। ਸੋ ਰਾਜ-ਪ੍ਰਬੰਧ ਦੀ ਬਲਾਤਕਾਰਾਂ ਨੂੰ ਰੋਕਣ ਦੀ ਨਾ ਹੀ ਨੀਤੀ ਹੈ ਅਤੇ ਨਾ ਹੀ ਨੀਤ ਹੈ, ਨਾ ਹੀ ਇਸਦਾ ਇਸ ਵਿੱਚ ਕੋਈ ਹਿਤ ਹੈ। ਇਸ ਕਰਕੇ ਇਹ ਬਲਾਤਕਾਰਾਂ ਵਾਲਾ ਵਰਤਾਰਾ ਇਸ ਗਲੇ-ਸੜੇ ਪ੍ਰੰਬਧ ਦੀ ਹੀ ਦੇਣ ਹੈ ਅਤੇ ਵਧ ਰਿਹਾ ਹੈ। ਇੱਥੇ ਔਰਤਾਂ ਦੇ ਹੱਕ 'ਚ ਬਣੇ ਕਾਨੂੰਨ ਜ਼ਿਆਦਾ ਮਾਮਲਿਆਂ 'ਚ ਸਿਰਫ ਕਾਗਜ਼ੀ ਬਣ ਕੇ ਰਹਿ ਜਾਂਦੇ ਹਨ।

ਸੋ ਲੋਕ-ਪੱਖੀ ਸ਼ਕਤੀਆਂ ਦਾ ਇਹ ਕਾਰਜ ਬਣਦਾ ਹੈ ਕਿ ਉਹ ਇਸ ਔਰਤ-ਵਿਰੋਧੀ ਮਾਨਸਿਕਤਾ ਖਿਲਾਫ ਇੱਕ ਲਹਿਰ ਉਸਾਰਨ ਅਤੇ ਇਸ ਲਹਿਰ ਨੂੰ ਇਸ ਲੁਟੇਰੇ ਪ੍ਰਬੰਧ ਨੂੰ ਬਦਲਕੇ ਬਰਾਬਰਤਾ ਵਾਲਾ ਸਮਾਜ ਸਿਰਜਣ ਵਾਲੀ ਲਹਿਰ ਦੇ ਅੰਗ ਵਜੋਂ ਚਲਾਉਣ। ਬਰਾਬਰਤਾ ਵਾਲੇ ਸਮਾਜ ਤੋਂ ਭਾਵ ਹੈ ਕਿ ਹਰ ਕਿਸਮ ਦੇ ਲੁੱਟ ਤੇ ਦਾਬੇ ਤੋਂ ਮੁਕਤ ਸਾਰੀਆਂ ਸੰਸਥਾਵਾਂ ਵਿੱਚ ਮਰਦ-ਔਰਤ ਦਰਮਿਆਨ ਬਰਾਬਰਤਾ ਦਾ ਹੋਣਾ। ਫਿਰ ਹੀ ਬਲਾਤਕਾਰਾਂ ਦਾ ਮੁਕੰਮਲ ਖਾਤਮਾ ਹੋ ਸਕੇਗਾ।

***ਸਥਾਨ ਦੀ ਸੀਮਤਾਈ ਕਾਰਨ ਇਸ ਵਰਤਾਰੇ ਦੇ ਜੈਵਿਕ ਪੱਖ ਨੂੰ ਛੂਹਿਆ ਨਹੀਂ ਗਿਆ।***

98769-53561

## ਮੈਗਜ਼ੀਨ ਫੰਡ

| | |
|---|---|
| ਅਜੈਬ ਸਿੰਘ-ਸਤਪਾਲ ਕੌਰ ਵੱਲੋਂ | |
| ਆਪਣੇ ਲੜਕੇ ਅਜੀਤਪਾਲ ਸਿੰਘ ਦੀ ਸ਼ਾਦੀ 'ਤੇ | 500 |
| ਦਰਪ੍ਰੀਤ ਸਿੰਘ, ਮੋਗਾ | 150 |

# ਜਦੋਂ ਤਾਂਤਰਿਕਾਂ ਨੇ ਠੱਗਿਆ 75000/- ਰੁਪਿਆ ਵਾਪਸ ਕੀਤਾ

ਘਰ ਵਿੱਚੋਂ ਦੱਬਿਆ ਖਜ਼ਾਨਾ ਕੱਢਣ ਅਤੇ ਘਰੇਲੂ ਸਮੱਸਿਆਵਾਂ ਦੂਰ ਕਰਨ ਦਾ ਅਡੰਬਰ ਕਰਕੇ 75000/-ਰੁਪਏ ਠੱਗਣ ਵਾਲੇ ਤਾਂਤਰਿਕਾਂ ਨੇ ਤਰਕਸ਼ੀਲਾਂ ਦੇ ਦਖਲ ਕਾਰਨ ਸਾਰਾ ਰੁਪਿਆ ਵਾਪਸ ਕਰਕੇ ਆਪਣਾ ਖਹਿੜਾ ਛੁਡਵਾਇਆ। ਲੁਧਿਆਣੇ ਵਿਖੇ ਚੰਡੀਗੜ੍ਹ ਰੋਡ 'ਤੇ ਜਮਾਲਪੁਰ ਲਾਗੇ ਸਥਿਤ ਗੁਰੂ ਤੇਗ ਬਹਾਦਰ ਨਗਰ ਵਿੱਚ ਅਵਤਾਰ ਸਿੰਘ ਨੇ ਆਪਣੀਆਂ ਘਰੇਲੂ ਸਮੱਸਿਆਵਾਂ ਦਾ ਹੱਲ ਕਰਵਾਉਣ ਲਈ ਇੱਕ ਤਾਂਤਰਿਕ ਦਾ ਅਖ਼ਬਾਰੀ ਇਸ਼ਤਿਹਾਰ ਪੜ੍ਹਕੇ ਸੰਪਰਕ ਕਰ ਲਿਆ। ਤਾਂਤਰਿਕ ਜਾਲੀਸ ਅਹਿਮਦ ਅਤੇ ਆਲਿਮ ਜੋ ਕਿ ਸਮਰਾਲਾ ਚੌਂਕ ਲਾਗੇ ਆਪਣੀ ਦੁਕਾਨ ਚਲਾ ਕੇ ਭੋਲੇ-ਭਾਲੇ ਲੋਕਾਂ ਨੂੰ ਠੱਗ ਰਹੇ ਸਨ, ਨੇ ਅਵਤਾਰ ਸਿੰਘ ਨੂੰ ਉਸ ਦੀਆਂ ਘਰੇਲੂ ਸਮੱਸਿਆਵਾਂ ਹੱਲ ਕਰਨ ਦੇ ਬਹਾਨੇ ਇਹ ਲਾਲਚ ਵੀ ਦੇ ਦਿੱਤਾ ਕਿ ਤੁਹਾਡੇ ਘਰ ਵਿੱਚ ਬਹੁਤ ਵੱਡਾ ਖਜ਼ਾਨਾ ਦੱਬਿਆ ਹੋਇਆ ਹੈ। ਇਸ ਖਜ਼ਾਨੇ ਨੂੰ ਕੱਢਣ ਬਦਲੇ ਤਾਂਤਰਿਕਾਂ ਨੇ ਵੱਖ-ਵੱਖ ਦਿਨਾਂ 'ਤੇ ਕੁੱਲ 75000/-ਰੁਪਏ ਅਵਤਾਰ ਸਿੰਘ ਪਾਸੋਂ ਬਟੋਰ ਲਏ। ਖਜ਼ਾਨਾ ਕੱਢਣ ਲਈ 17 ਅਪ੍ਰੈਲ 2015 ਰਾਤ 10:00 ਵਜੇ ਦਾ ਸਮਾਂ ਵੀ ਤਹਿ ਕਰ ਲਿਆ। ਅਵਤਾਰ ਸਿੰਘ ਦੀ ਪਤਨੀ ਰਵਿੰਦਰ ਕੌਰ ਜੋ ਤਾਂਤਰਿਕਾਂ ਦਾ ਵਿਰੋਧ ਕਰ ਰਹੀ ਸੀ, ਨੇ ਆਪਣੇ ਰਿਸ਼ਤੇਦਾਰਾਂ ਰਾਹੀਂ ਤਰਕਸ਼ੀਲ ਸੁਸਾਇਟੀ ਦੇ ਆਗੂਆਂ ਨਾਲ ਸੰਪਰਕ ਕਰਕੇ ਸਾਰੀ ਕਹਾਣੀ ਸਪੱਸ਼ਟ ਕਰਦਿਆਂ ਇੱਛਾ ਪ੍ਰਗਟਾਈ ਕਿ ਤਾਂਤਰਿਕਾਂ ਦਾ ਭਾਂਡਾ ਭੰਨਿਆ ਜਾਵੇ। ਇਸ ਲਈ ਸੁਸਾਇਟੀ ਦੇ ਜ਼ੋਨ ਲੁਧਿਆਣਾ ਮੁਖੀ ਜਸਵੰਤ ਜੀਰਖ, ਵਿੱਤ ਮੁਖੀ ਆਤਮਾ ਸਿੰਘ, ਪ੍ਰੈੱਸ ਮੁਖੀ ਦਲਬੀਰ ਕਟਾਣੀ, ਯੂਨਿਟ ਮੁਖੀ ਸਤੀਸ਼ ਕੁਮਾਰ ਸੱਚਦੇਵਾ, ਪ੍ਰਿੰਸੀਪਲ (ਰਿਟਾ:) ਹਰਭਜਨ ਸਿੰਘ, ਮੋਹਣਜੀਤ ਥਰੀਕੇ, ਹਰਚੰਦ ਸਿੰਘ ਥਰੀਕੇ, ਦਲਜੀਤ ਸਿੰਘ 'ਤੇ ਅਧਾਰਤ ਟੀਮ ਮਿੱਥੇ ਸਮੇਂ 'ਤੇ ਅਵਤਾਰ ਸਿੰਘ ਦੇ ਘਰ ਪਹੁੰਚ ਗਈ। ਟੀਮ ਦੇ ਪਹੁੰਚਣ ਤੋਂ ਪਹਿਲਾਂ ਹੀ ਦੋਵੇਂ ਤਾਂਤਰਿਕ ਵੀ ਪਹੁੰਚੇ ਹੋਏ ਸਨ। ਤਾਂਤਰਿਕਾਂ ਨੇ ਅਵਤਾਰ ਸਿੰਘ ਨੂੰ ਕਿਹਾ ਹੋਇਆ ਸੀ ਕਿ ਖਜ਼ਾਨਾ ਕੱਢਣ ਸਮੇਂ ਤੁਹਾਡੇ ਪਰਿਵਾਰ ਤੋਂ ਬਿਨਾਂ ਹੋਰ ਕੋਈ ਵੀ ਬੰਦਾ ਨਹੀਂ ਆਉਣਾ ਚਾਹੀਦਾ। ਜਦੋਂ ਤਾਂਤਰਿਕਾਂ ਨੇ ਬਾਹਰਲੇ ਬੰਦੇ ਵੇਖੇ ਤਾਂ ਘਬਰਾ ਗਏ। ਤਰਕਸ਼ੀਲ ਆਗੂਆਂ ਨੇ ਪਹਿਲਾਂ ਤਾਂ ਉਹਨਾਂ ਨਾਲ ਸਰਸਰੀ ਗੱਲਬਾਤ ਕੀਤੀ ਜਿਸ ਦੌਰਾਨ ਉਹ ਇਹ ਗੱਲ ਆਖ ਗਏ ਕਿ ਉਹਨਾਂ ਕੋਲ ਰੂਹਾਨੀ ਸ਼ਕਤੀ ਹੈ। ਪਰ ਜਦੋਂ ਤਰਕਸ਼ੀਲ ਟੀਮ ਨੇ ਉਹਨਾਂ ਦੀ ਰੂਹਾਨੀ ਤਾਕਤ ਅਤੇ ਤਾਂਤਰਿਕ ਵਿੱਦਿਆ ਨੂੰ ਚੈਲੰਜ ਕਰਦਿਆਂ ਸੁਸਾਇਟੀ ਵੱਲੋਂ ਰੱਖਿਆ ਇਨਾਮ ਜਿੱਤਣ ਦੀ ਪੇਸ਼ਕਸ ਕੀਤੀ ਤਾਂ ਉਹ ਸਾਰੀ ਠੱਗੀ ਬਾਰੇ ਮੰਨ ਗਏ ਅਤੇ ਸਾਰੇ ਰੁਪਏ ਵਾਪਸ ਕਰਨ ਦਾ ਲਿਖਤੀ ਇਕਰਾਰ ਨਾਮਾ ਵੀ ਕਰ ਲਿਆ। ਤਰਕਸ਼ੀਲ ਟੀਮ ਨੇ ਮੌਕੇ 'ਤੇ 100 ਨੰ: 'ਤੇ ਫੋਨ ਕਰਕੇ ਪੁਲਿਸ ਵੀ ਬੁਲਾ ਲਈ ਜਿਸ ਦੀ ਹਾਜ਼ਰੀ ਵਿੱਚ ਤਹਿ ਹੋਇਆ ਕਿ ਤਾਂਤਰਿਕਾਂ ਦੀ ਟਿਓਟਾ ਇਟੀਓਜ ਕਾਰ ਓਦੋਂ ਤੱਕ ਅਵਤਾਰ ਸਿੰਘ ਦੇ ਘਰ ਉਸ ਦੇ ਕਬਜ਼ੇ ਵਿੱਚ ਰਹੇਗੀ, ਜਦੋਂ ਤੱਕ ਤਾਂਤਰਿਕ ਸਾਰੇ ਠੱਗੇ ਰੁਪਏ ਵਾਪਸ ਨਹੀਂ ਕਰਦੇ। ਅਖੀਰ ਚਾਰ ਦਿਨ ਬਾਅਦ ਉਹਨਾਂ ਨੇ ਪੁਲਿਸ ਰਾਹੀਂ ਹੀ ਸਾਰੇ ਰੁਪਏ ਅਵਤਾਰ ਸਿੰਘ ਦੇ ਘਰ ਪਹੁੰਚਾ ਕੇ ਆਪਣਾ ਖਹਿੜਾ ਛੁਡਵਾਇਆ ਅਤੇ ਕਾਰ ਵਾਪਸ ਲੈ ਗਏ।

**- ਜਸਵੰਤ ਜੀਰਖ**

ਬਿਨ੍ਹਾਂ ਕਿਸੇ ਟਿੱਪਣੀ ਤੋਂ

# ਤਾਂ ਕਿ ਸਨਦ ਰਹੇ.......

**(ਇਨ੍ਹਾਂ 'ਤੇ ਫਿਰਕੂ ਸਦਭਾਵਨਾ ਦੀ ਜ਼ਿੰਮੇਵਾਰੀ ਹੈ)**

**ਹਿੰਦੁਸਤਾਨ ਟਾਈਮਜ਼ 13/1/2015**

7 ਜਨਵਰੀ ਨੂੰ ਸੰਤਾਂ ਦੀ ਇੱਕ ਕਾਨਫਰੰਸ ਵਿੱਚ ਭਾਗ ਲੈਂਦਿਆਂ ਮੇਰਠ ਵਿਖੇ ਕੇਸਰੀ ਕੱਪੜਿਆਂ ਵਿੱਚ ਲਿਪਟੇ ਬੀ.ਜੇ.ਪੀ. ਦੇ ਐਮ.ਪੀ. ਸਾਕਸ਼ੀ ਮਹਾਰਾਜ ਨੇ ਕਿਹਾ ਕਿ ਮੁਸਲਮਾਨਾਂ ਦੀ ਆਬਾਦੀ ਦਾ ਮੁਕਾਬਲਾ ਕਰਨ ਲਈ ਹਿੰਦੂ ਔਰਤਾਂ ਨੂੰ ਘੱਟੋ-ਘੱਟ ਚਾਰ ਬੱਚੇ ਪੈਦਾ ਕਰਨੇ ਚਾਹੀਦੇ ਹਨ । .....ਹਾਲਾਂਕਿ ਬੀ.ਜੇ.ਪੀ. ਨੇ ਇਸ ਬਿਆਨ ਨੂੰ ਉਸਦਾ ਨਿੱਜੀ ਬਿਆਨ ਕਹਿਕੇ ਉਸ ਤੋਂ ਟਾਲਾ ਵੱਟ ਲਿਆ ਹੈ ।

.....ਉਸ ਤੋਂ ਪਹਿਲਾਂ ਸਾਕਸ਼ੀ ਮਹਾਰਾਜ ਨੇ ਮਹਾਤਮਾ ਗਾਂਧੀ ਦੇ ਕਾਤਲ ਨੱਥੂ ਰਾਮ ਗੋਡਸੇ ਨੂੰ 'ਦੇਸ਼ ਭਗਤ' ਕਹਿਕੇ ਵਿਵਾਦ ਛੇੜ ਦਿੱਤਾ ਸੀ ਜਿਸਤੇ ਉਸਨੂੰ ਲੋਕ ਸਭਾ ਵਿੱਚ ਮਾਫੀ ਮੰਗਣੀ ਪਈ ਸੀ ।

.....ਭੀਲਵਾੜਾ ਵਿਖੇ ਵਿਸ਼ਵ ਹਿੰਦੂ ਪ੍ਰੀਸਦ ਦੇ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਸਾਧਵੀ ਪ੍ਰਾਚੀ ਨੇ ਕਿਹਾ, "ਸ਼ੇਰ ਦਾ ਇੱਕ ਬੱਚਾ ਨਹੀਂ ਹੁੰਦਾ । .....ਸਾਨੂੰ ਵੀ ਹਰ ਪ੍ਰਵਾਰ ਵਿੱਚ ਚਾਰ ਬੱਚੇ ਪੈਦਾ ਕਰਨੇ ਚਾਹੀਦੇ ਹਨ । ਇੱਕ ਸਰਹੱਦ 'ਤੇ ਦੁਸ਼ਮਣ ਨਾਲ ਲੜੇਗਾ । ਦੂਜਾ ਸੰਤਾਂ ਨੂੰ ਅਤੇ ਤੀਜਾ ਵੀ.ਐਚ.ਪੀ. (ਵਿਸ਼ਵ ਹਿੰਦੂ ਪ੍ਰੀਸ਼ਦ) ਨੂੰ ਸਮਾਜ ਸੇਵਾ ਲਈ ਦੇ ਦਿਉ ।"

.....2014 ਦੀਆਂ ਚੋਣਾਂ ਵਿੱਚ ਬੀ.ਜੇ.ਪੀ. ਲਈ ਪ੍ਰਚਾਰ ਕਰਦਿਆਂ ਬਿਹਾਰ ਦੇ ਆਗੂ ਗਿਰੀਰਾਜ ਸਿੰਘ ਨੇ ਕਿਹਾ ਕਿ ਜੋ ਮੋਦੀ ਵਿਰੋਧੀ ਹਨ ਚੋਣਾਂ ਮੁੱਕਣ ਤੋਂ ਬਾਅਦ ਉਨ੍ਹਾਂ ਨੂੰ ਪਾਕਿਸਤਾਨ ਭੇਜ ਦਿੱਤਾ ਜਾਏਗਾ ।

**2 ਦਸੰਬਰ 2014 ਐਕਸਪ੍ਰੈਸ ਨਿਊਜ ਸਰਵਿਸ**

ਕੇਂਦਰੀ ਮੰਤਰੀ ਨਿਰੰਜਨ ਜੋਤੀ ਨੇ ਪੱਛਮੀ ਦਿੱਲੀ ਦੇ ਸ਼ਿਆਮ ਨਗਰ ਇਲਾਕੇ ਵਿੱਚ ਇੱਕ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ, " .....ਆਪਕੋ ਤੈਅ ਕਰਨਾ ਹੈ ਕਿ ਦਿੱਲੀ ਮੇਂ ਸਰਕਾਰ ਰਾਮਜ਼ਾਦੋਂ ਕੀ ਬਨੇਗੀ ਯਾ ਹਰਾਮਜ਼ਾਦੋਂ ਕੀ, ਯੇ ਆਪਕਾ ਫੈਸਲਾ ਹੈ।"

.....ਧੀਰਪੁਰ ਵਿੱਚ ਇੱਕ ਹੋਰ ਰੈਲੀ ਨੂੰ ਸੰਬੋਧਨ ਕਰਦਿਆਂ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਕਿਹਾ, " .....ਕੇਜਰੀਵਾਲ ਨਕਲੀ ਹਨੂੰਮਾਨ ਹੈ...ਵਹ ਉਨ ਰਾਕਸ਼ਸ਼ੋਂ ਮੇਂ ਭੀ ਮਰੀਚ ਹੈ, ਜੋ ਵੇਸ਼ ਬਦਲਤਾ ਹੈ ਪਰ ਕਭੀ ਨਾ ਕਭੀ ਪਕੜਾ ਜਾਤਾ ਹੈ ।"

**7 ਦਸੰਬਰ 2014 ਦ ਹਿੰਦੂ**

ਗੀਤਾ ਪ੍ਰੇਰਨਾ ਮਹਾਉਤਸ਼ਵ ਮੌਕੇ 'ਤੇ ਦਿੱਲੀ ਦੇ ਲਾਲ ਕਿਲੇ ਦੇ ਮੈਦਾਨ ਤੋਂ ਬੋਲਦਿਆਂ ਵਿਦੇਸ਼ ਮਾਮਲਿਆਂ ਦੀ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ, "ਗੀਤਾ ਵਿੱਚ ਹਰ ਇੱਕ ਦੀਆਂ ਸਮੱਸਿਆਵਾਂ ਦਾ ਉੱਤਰ ਹੈ । ਇਸੇ ਲਈ ਮੈਂ ਲੋਕ ਸਭਾ ਵਿੱਚ ਖੜ੍ਹੇ ਹੋ ਕੇ ਕਿਹਾ ਸੀ ਭਗਵਦ ਗੀਤਾ ਨੂੰ "ਕੌਮੀ ਪਵਿੱਤਰ ਕਿਤਾਬ" ਦਾ ਦਰਜਾ ਦਿੱਤਾ ਜਾਵੇ । ਗੀਤਾ ਦੇ ਦੋ ਸ਼ਲੋਕ ਹਰੇਕ ਨੂੰ ਰੋਜ਼ਾਨਾ ਪੜ੍ਹਨੇ ਚਾਹੀਦੇ ਹਨ ।....."

ਤ੍ਰਿਨਾਮੂਲ ਕਾਂਗਰਸ ਨੇ ਇਸ 'ਤੇ ਪ੍ਰਤੀਕਿਰਿਆ ਕਰਦਿਆਂ ਕਿਹਾ ਕਿ ਲੋਕਤੰਤਰ ਵਿੱਚ ਸੰਵਿਧਾਨ ਹੀ ਇੱਕ ਪਵਿੱਤਰ ਕਿਤਾਬ ਹੈ ।

**28 ਜਨਵਰੀ 2015 ਇੰਡੀਅਨ ਐਕਸਪ੍ਰੈਸ**

ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਪ੍ਰਵੀਨ ਤੋਗੜੀਆ ਨੇ ਪੱਛਮੀ ਬੰਗਾਲ ਦੇ ਵੀਰਭੂਮ ਜ਼ਿਲ੍ਹੇ ਵਿੱਚ ਦੂਜੇ ਵਿਰਾਟ ਹਿੰਦੂ ਸੰਮੇਲਨ ਦੌਰਾਨ ਕਿਹਾ ਕਿ ਅਗਲੇ ਦਸ ਸਾਲਾਂ ਵਿੱਚ 50 ਲੱਖ ਲੋਕਾਂ ਨੂੰ ਹਿੰਦੂ ਧਰਮ ਵਿੱਚ ਵਾਪਸ ਲਿਆਂਦਾ ਜਾਵੇਗਾ ਅਤੇ ਇਹ ਦੇਸ਼ ਹਿੰਦੂ ਰਾਸ਼ਟਰ ਰਹੇਗਾ ।

**2 ਫਰਵਰੀ 2015 ਜ਼ੀ ਨਿਊਜ਼. ਇੰਡੀਆ.ਕੌਮ ਪੀ.ਟੀ.ਆਈ.**

"ਲਵ ਜਿਹਾਦ ਰਾਹੀਂ ਉਹ ਸਾਡੀਆਂ ਬੇਟੀਆਂ ਨੂੰ ਫਸਾ ਰਹੇ ਹਨ.....ਇਹ ਲੋਕ ਜਿਹੜੇ ਪੈਂਤੀ ਤੋਂ ਚਾਲੀ ਬੱਚਿਆਂ ਨੂੰ ਜਨਮ ਦਿੰਦੇ ਹਨ 'ਲਵ ਜਿਹਾਦ' ਫੈਲਾ ਰਹੇ ਹਨ । ਉਹ ਹਿੰਦੁਸਤਾਨ ਨੂੰ ਦਾਰੁਲ ਇਸਲਾਮ ਬਣਾ ਦੇਣਾ ਚਾਹੁੰਦੇ ਹਨ।.....ਮੈਂ ਹਿੰਦੂਆਂ ਲਈ ਸਿਰਫ਼ ਚਾਰ ਬੱਚਿਆਂ ਦੀ ਗੱਲ ਕੀਤੀ ਹੈ ਚਾਲੀਆਂ ਦੀ ਨਹੀਂ।" ਸਾਧਵੀ ਪਰਾਚੀ ਨੇ ਚਾਰ ਤੋਂ ਵੱਧ ਬੱਚਿਆਂ ਵਾਲੇ 20 ਲੋਕਾਂ ਨੂੰ ਵਿਰਾਟ ਹਿੰਦੂ ਸੰਮੇਲਨ ਵਿੱਚ ਸਨਮਾਨਤ ਕੀਤਾ । ਦਵਾਰਕਾ ਸਿੰਘ ਜਿਸਦੇ ਗਿਆਰਾਂ ਬੱਚੇ ਹਨ, ਰਾਮਪਾਲ ਸਿੰਘ ਅਤੇ ਸੁਰਨਾਮ ਸਿੰਘ ਜਿਸਦੇ ਨੌਂ-ਨੌਂ ਬੱਚੇ ਹਨ, ਸਨਮਾਨਤ ਕੀਤੇ ਗਿਆਂ ਵਿੱਚ ਸ਼ਾਮਲ ਸਨ ।

**8 ਜੂਨ 2015 ਆਈ.ਬੀ.ਐਨ. ਲਾਈਵ ਪੀ.ਟੀ.ਆਈ.**

" 'ਸੂਰਯ ਨਮਸਕਾਰ' ਦਾ ਵਿਰੋਧ ਕਰਨ ਵਾਲਿਆਂ ਨੂੰ ਸਮੁੰਦਰ 'ਚ ਡੁੱਬ ਮਰਨਾ ਚਾਹੀਦਾ ਹੈ" :

ਕੁੱਝ ਘੱਟ ਗਿਣਤੀਆਂ ਵੱਲੋਂ 21 ਜੂਨ ਨੂੰ ਹੋਣ ਵਾਲੇ ਯੋਗਾ

ਦਿਵਸ ਸਮੇਂ ਸੂਰਯ ਨਮਸਕਾਰ ਨੂੰ ਸ਼ਾਮਲ ਕਰਨ ਦਾ ਵਿਰੋਧ ਕਰਨ 'ਤੇ ਗੋਰਖਪੁਰ ਤੋਂ ਐਮ.ਪੀ. ਯੋਗੀ ਅਦਿੱਤਿਆ ਨਾਥ ਦਾ ਬਿਆਨ।"ਮੇਰੀ ਅਜਿਹੇ ਲੋਕਾਂ ਨੂੰ ਬੇਨਤੀ ਹੈ ਕਿ ਉਹ ਸੂਰਜ ਤੋਂ ਮਿਲਣ ਵਾਲੀ ਰੌਸ਼ਨੀ ਤੇ ਨਿੱਘ ਲੈਣਾ ਬੰਦ ਕਰ ਦੇਣ।"

**28 ਜੂਨ 2015 ਬਿਜ਼ਨੈਸ ਸਟੈਂਡਰਡ ਬੈਂਗਕੌਕ ਪੀ.ਟੀ.ਆਈ.**

60 ਦੇਸ਼ਾਂ ਤੋਂ ਆਏ ਸੰਸਕ੍ਰਿਤ ਵਿਦਵਾਨਾਂ ਦੀ ਪੰਜ ਦਿਨਾਂ ਕਾਨਫਰੰਸ ਦੇ ਉਦਘਾਟਨੀ ਭਾਸ਼ਣ ਦੌਰਾਨ ਸੁਸ਼ਮਾ ਸਵਰਾਜ ਨੇ ਕਿਹਾ, "ਇਹ (ਸੰਸਕ੍ਰਿਤ) ਲੋਕਾਂ ਦੇ ਦਿਲਾਂ ਨੂੰ ਸਾਫ ਕਰਦੀ ਹੈ ਅਤੇ ਇਸ ਤਰ੍ਹਾਂ ਪੂਰੀ ਦੁਨੀਆ ਪਾਪ ਮੁਕਤ ਹੋ ਸਕਦੀ ਹੈ। ਜਿਵੇਂ ਗੰਗਾ ਆਪਣੇ ਸ਼ੁਰੂ ਤੋਂ (ਗੋਮੁਖ ਤੋਂ) ਲੈ ਕੇ ਮਹਾਂਸਾਗਰ ਵਿੱਚ ਸਮਾਉਣ ਤੱਕ ਪਵਿੱਤਰ ਰਹਿੰਦੀ ਹੈ, ਇਹ ਆਪਣੇ ਵਿੱਚ ਡਿੱਗਣ ਵਾਲੀ ਹਰ ਛੋਟੀ ਨਦੀ ਨੂੰ ਸਾਫ ਕਰ ਦਿੰਦੀ ਹੈ। ਇਸੇ ਤਰ੍ਹਾਂ ਸੰਸਕ੍ਰਿਤ ਹੈ। ਇਹ ਆਪਣੇ ਸੰਪਰਕ ਵਿੱਚ ਆਉਣ ਵਾਲੇ ਹਰੇਕ ਨੂੰ ਪਵਿੱਤਰ ਕਰ ਦਿੰਦੀ ਹੈ।" 16ਵੀਂ ਵਿਸ਼ਵ ਸੰਸਕ੍ਰਿਤ ਕਾਨਫਰੰਸ ਮੌਕੇ ਮੁੱਖ ਮਹਿਮਾਨ ਸੁਸਮਾ ਸਵਰਾਜ ਨੇ ਵਿਦੇਸ਼ ਮਾਮਲਿਆਂ ਦੇ ਵਿਭਾਗ ਵਿੱਚ ਸੰਸਕ੍ਰਿਤ ਲਈ ਜੋਇੰਟ ਸੈਕਰੇਟਰੀ ਦੀ ਪੋਸਟ ਬਣਾਉਣ ਦਾ ਐਲਾਨ ਕੀਤਾ।

"ਹੁਣ ਤਾਂ ਵਿਗਿਆਨੀ ਵੀ ਮੰਨਦੇ ਹਨ ਕਿ ਸੰਸਕ੍ਰਿਤ ਸਾਈਬਰ ਸਕਿਊਰਿਟੀ ਅਤੇ ਸੌਫਟਵੇਅਰ ਭਾਸ਼ਾ ਦੇ ਤੌਰ 'ਤੇ ਮਹੱਤਵਪੂਰਨ ਹੋ ਸਕਦੀ ਹੈ। ਸੰਸਕ੍ਰਿਤ ਦੇ ਗਿਆਨ ਨਾਲ ਗ਼ਰੀਬੀ, ਅੱਤਵਾਦ ਅਤੇ ਗਲੋਬਲ ਵਾਰਮਿੰਗ ਜਿਹੀਆਂ ਸਮੱਸਿਆਵਾਂ ਦਾ ਹੱਲ ਲੱਭਿਆ ਜਾ ਸਕਦਾ ਹੈ।.....ਸਾਡੇ ਯਤਨ ਪ੍ਰਾਚੀਨ ਸ਼ਾਸਤਰ ਅਤੇ ਵਿਗਿਆਨ ਦੀ ਪੜ੍ਹਾਈ ਵਿੱਚ ਪਾੜਾ ਘੱਟ ਕਰਨ ਵੱਲ ਸੇਧਤ ਹਨ।"

.....ਭਾਰਤ 'ਚੋਂ ਭਾਗ ਲੈਣ ਵਾਲੇ 250 ਸੰਸਕ੍ਰਿਤ ਵਿਦਵਾਨਾਂ 'ਚੋਂ 30 ਆਰ.ਐਸ.ਐਸ. ਦੀ ਇੱਕ ਹੋਰ ਸੰਸਥਾ ਸੰਸਕ੍ਰਿਤ ਭਾਰਤੀ ਨਾਲ ਸਬੰਧਤ ਸਨ।

**20 ਜੁਲਾਈ 2015 ਇੰਡੀਅਨ ਐਕਸਪ੍ਰੈਸ ਪੀ.ਟੀ.ਆਈ.**

"2020 ਤੱਕ ਇਹ ਦੇਸ਼ ਹਿੰਦੂ ਰਾਸ਼ਟਰ ਬਣ ਜਾਏਗਾ ਅਤੇ 2030 ਤੱਕ ਸਾਰਾ ਵਿਸ਼ਵ ਹਿੰਦੂ ਹੋਏਗਾ।" ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਅਸ਼ੋਕ ਸਿੰਘਲ ਨੇ ਬੀ.ਜੇ.ਪੀ. ਦੀ ਅਗਵਾਈ ਵਿੱਚ 2014 ਦੀਆਂ ਚੋਣਾਂ ਵਿੱਚ ਹੋਈ ਜਿੱਤ ਨੂੰ ਇਸ ਦਿਸ਼ਾ ਵਿੱਚ ਹੋਈ ਸ਼ੁਰੂਆਤ ਕਿਹਾ। ਇਸ ਦੌਰਾਨ ਵਿਦੇਸ਼ ਮਾਮਲਿਆਂ ਦੀ ਮੰਤਰੀ ਸੁਸ਼ਮਾ ਸਵਰਾਜ ਅਤੇ ਹੋਰ ਆਰ.ਐਸ.ਐਸ. ਦੇ ਮੈਂਬਰ ਵੀ ਹਾਜ਼ਰ ਸਨ। ਅਸ਼ੋਕ ਸਿੰਘਲ ਨੇ ਅੱਗੇ ਕਿਹਾ, "ਇਸ ਜਿੱਤ ਨਾਲ 800 ਸਾਲਾਂ ਦੀ ਗੁਲਾਮੀ ਦਾ ਖਾਤਮਾ ਹੋ ਗਿਆ ਹੈ।"

**ਪੀ.ਐਮ. ਮੋਦੀ ਨੇ ਚੁੱਕਿਆ ਬਤਰਾ ਦੀ ਕਿਤਾਬ ਇੱਕ ਪੱਤਰਾ : ਮਹਾਂਭਾਰਤ ਸਮੇਂ ਜਨੈਟਿਕ, ਅਤੇ ਸ੍ਰੀ ਗਣੇਸ਼ ਦੀ ਸਰਜਰੀ**

**28 ਅਕਤੂਬਰ 2014 ਐਕਸਪ੍ਰੈਸ ਨਿਊਜ਼ ਸਰਵਿਸ**

**ਮੁੰਬਈ** Sir H.N. Reliance Foundation Hospital and Research Centre ਵਿਖੇ ਫੰਕਸ਼ਨ ਵਿੱਚ ਬੋਲਦਿਆਂ ਸ੍ਰੀ ਮੋਦੀ ਨੇ ਕਿਹਾ, "ਮੈਡੀਕਲ ਕੀ ਦੁਨੀਆਂ ਮੇਂ ਹਮ ਗਰਵ ਕਰ ਸਕਤੇ ਹੈਂ ਕਿ ਹਮਾਰਾ ਦੇਸ਼ ਕਿਸੀ ਸਮਯ ਕਿਯਾ ਥਾ.....ਮਹਾਂਭਾਰਤ ਕਾ ਕਹਿਨਾ ਹੈ ਕਿ ਕਰਨ ਮਾਂ ਕੀ ਗੋਦ ਸੇ ਪੈਦਾ ਨਹੀਂ ਹੂਆ ਥਾ, ਇਸਕਾ ਮਤਲਬ ਯੇ ਹੂਆ ਕਿ ਉਸ ਸਮਯ ਜੈਨੈਟਿਕ ਸਾਇੰਸ ਮੌਜੂਦ ਥਾ, ਤਭੀ ਤੋ ਮਾਂ ਕੀ ਗੋਦ ਕੇ ਬਿਨਾਂ ਉਸਕਾ ਜਨਮ ਹੂਆ ਹੋਗਾ।"

ਪੀ.ਐਮ.ਓ. ਦੀ ਵੈਬੱਸਾਈਟ 'ਤੇ ਪਾਈ ਸਪੀਚ ਦੀ ਪੋਸਟ ਅਨੁਸਾਰ ਉਸਨੇ ਕਿਹਾ, "ਹਮ ਗਣੇਸ਼ ਜੀ ਕੀ ਪੂਜਾ ਕਰਤੇ ਹੈਂ, ਕੋਈ ਤੋ ਪਲਾਸਟਿਕ ਸਰਜਨ ਹੋਗਾ ਉਸ ਜ਼ਮਾਨੇ ਮੇਂ ਜਿਸਨੇ ਮਨੁੱਸ਼ਯ ਕੇ ਸ਼ਰੀਰ ਪਰ ਹਾਥੀ ਕਾ ਸਰ ਰੱਖ ਕਰਕੇ ਪਲਾਸਟਿਕ ਸਰਜਰੀ ਕਾ ਪ੍ਰਾਰੰਭ ਕੀਆ ਹੋਗਾ।"

ਸਿਕਸ਼ਾ ਬਚਾਉ ਅੰਦੋਲਨ ਸਮਿਤੀ ਦੇ ਕਨਵੀਨਰ ਦੀਨਾ ਨਾਥ ਬਤਰਾ ਨੇ ਆਪਣੀ ਕਿਤਾਬ "ਤੇਜੋਮਯ ਭਾਰਤ" ਜੋ ਗੁਜਰਾਤ ਦੇ ਸਾਰੇ ਸਕੂਲਾਂ ਵਿੱਚ ਲਾਗੂ ਕੀਤੀ ਹੈ ਵਿੱਚ ਕਿਹਾ ਹੈ, "ਅਮਰੀਕਾ ਸਟੈਮ ਸੈੱਲ ਦੀ ਖੋਜ ਦਾ ਸਿਹਰਾ ਆਪਣੇ ਸਿਰ ਲੈਣਾ ਚਾਹੁੰਦਾ ਹੈ। ਪਰ ਸੱਚ ਇਹ ਹੈ ਕਿ ਭਾਰਤ ਦਾ ਡਾਕਟਰ ਬਾਲਕ੍ਰਿਸ਼ਨ ਧਨਪੱਤ ਮਾਤਾਪੁਰਕਰ ਸਰੀਰ ਦੇ ਹਿੱਸਿਆਂ ਦੇ ਪੁਨਰ-ਨਿਰਮਾਣ ਕਰਨ ਦਾ ਪੇਟੈਂਟ ਪਹਿਲਾਂ ਹੀ ਲੈ ਚੁੱਕਾ ਹੈ। ਤੁਹਾਨੂੰ ਹੈਰਾਨੀ ਹੋਵੇਗੀ ਕਿ ਇਹ ਖੋਜ ਨਵੀਂ ਨਹੀਂ ਹੈ ਅਤੇ ਇਸ ਲਈ ਡਾ. ਮਾਤਾਪੁਰਕਰ ਨੂੰ ਮਹਾਂਭਾਰਤ ਤੋਂ ਪ੍ਰੇਰਣਾ ਮਿਲੀ ਸੀ।.....ਰਿਸ਼ੀ ਵਿਆਸ ਨੇ ਸਖ਼ਤ ਮਾਸ ਦਾ ਟੁੱਕੜਾ ਇੱਕ ਖਾਸ ਤਰ੍ਹਾਂ ਦੀ ਦਵਾਈ ਲਾ ਕੇ ਇੱਕ ਠੰਢੇ ਟੈਂਕ ਵਿੱਚ ਰੱਖ ਦਿੱਤਾ। ਫਿਰ ਇਸਦੇ ਸੌ ਟੁਕੜੇ ਦੋ ਸਾਲਾਂ ਲਈ ਘਿਉ ਨਾਲ ਭਰੇ ਸੌ ਅਲੱਗ-ਅਲੱਗ ਟੈਂਕਾਂ ਵਿੱਚ ਰੱਖ ਦਿੱਤੇ। ਦੋ ਸਾਲਾਂ ਬਾਅਦ ਸੌ ਕੌਰਵਾਂ ਨੇ ਜਨਮ ਲਿਆ। ਇਹ ਪੜ੍ਹਕੇ ਮਾਤਾਪੁਰਕਰ ਨੂੰ ਅਹਿਸਾਸ ਹੋਇਆ ਕਿ ਸਟੈਮ ਸੈੱਲ ਉਸ ਦੀ ਖੋਜ ਨਹੀਂ ਹਨ। ਇਹ ਤਾਂ ਹਜ਼ਾਰਾਂ ਸਾਲ ਪਹਿਲਾਂ ਭਾਰਤ ਵਿੱਚ ਲੱਭੇ ਗਏ ਸਨ।"

**(ਤਰਕਸ਼ੀਲ ਫੀਚਰ)**

# ਇਤਿਹਾਸ ਦੇ ਨਕਸ਼

-ਸੁਰਿੰਦਰ ਸਿੰਘ ਤੇਜ

ਰੀਮਾ ਅੱਬਾਸੀ ਪਾਕਿਸਤਾਨੀ ਪੱਤਕਰਾਰ ਹੈ। ਉਹ ਹਾਲੈਂਡ ਵਿੱਚ ਜਨਮੀ ਤੇ ਇੰਗਲੈਂਡ ਵਿੱਚ ਪੜ੍ਹੀ ਪਰ ਹੁਣ ਸਰਗਰਮ ਪਾਕਿਸਤਾਨ ਵਿੱਚ ਹੈ। ਪਿਛਲੇ ਸਾਲ ਪਾਕਿਸਤਾਨ ਦੇ ਇਤਿਹਾਸਕ ਮੰਦਿਰਾਂ ਬਾਰੇ ਉਸਦੀ ਕਿਤਾਬ ਚਰਚਾ ਵਿੱਚ ਰਹੀ ਸੀ। ਫੋਟੋਗ੍ਰਾਫਰ ਮਦੀਹਾ ਏਜਾਜ ਵੱਲੋਂ ਖਿੱਚੀਆਂ ਮੰਦਿਰਾਂ ਦੀਆਂ ਖ਼ੂਬਸੂਰਤ ਤਸਵੀਰਾਂ ਨਾਲ ਲੈਸ ਇਸ ਕਿਤਾਬ ਨੂੰ ਸਰਹੱਦ ਦੇ ਦੋਵੇਂ ਪਾਸੇ ਚੰਗਾ ਸਰਾਹਿਆ ਗਿਆ। ਪੱਛਮ ਵਿੱਚ ਵੀ ਇਸਦੀ ਚੰਗੀ ਚਰਚਾ ਹੋਈ। ਹੁਣ ਉਸਨੂੰ ਮਜ਼ਹਬ ਅਲ ਮਜੀਦ ਨਾਮੀ ਇੱਕ ਜਥੇਬੰਦੀ ਤੋਂ ਧਮਕੀ ਮਿਲੀ ਹੈ ਕਿ ਉਹ ਆਪਣਾ 'ਹਿੰਦੂ' ਨਾਮ ਬਦਲ ਲਵੇ। ਉਸਨੇ ਇਸ ਧਮਕੀ ਨੂੰ ਪ੍ਰਚਾਰਨ ਦੀ ਥਾਂ ਖਾਮੋਸ਼ ਰਹਿਣਾ ਵਾਜਬ ਸਮਝਿਆ, ਪਰ ਜਦੋਂ ਅਜਿਹੀਆਂ ਕੁਝ ਧਮਕੀਆਂ ਕੁਝ ਹੋਰਨਾਂ ਲੋਕਾਂ ਨੂੰ ਮਿਲੀਆਂ ਤਾਂ ਕਾਲਮਨਵੀਸ ਸਾਮੀਆ ਅਲਤਾਫ ਨੇ ਇੰਨ੍ਹਾਂ ਖਿਲਾਫ ਲਿਖਣਾ ਮੁਨਾਸਿਬ ਸਮਝਿਆ। ਪਾਕਿਸਤਾਨੀ ਰੋਜ਼ਨਾਮੇ 'ਡੇਲੀ ਟਾਈਮਜ਼' ਵਿੱਚ ਪ੍ਰਕਾਸ਼ਿਤ ਉਸਦੇ ਹਾਲੀਆ ਮਜ਼ਮੂਨ ਅਨੁਸਾਰ ਦੋ ਇੰਤਹਾਪਸੰਦ ਜਥੇਬੰਦੀਆਂ ਨੇ ਮੀਰਾ, ਸਮੀਰਾ, ਦਿਸ਼ਾ, ਮੀਨਾ ਜਾਂ ਜੀਵਨ, ਅਮਰ, ਸਰੂਪ ਆਦਿ ਨਾਮਾਂ ਵਾਲੇ ਸਾਰੇ ਮੁਸਲਮਾਨਾਂ ਨੂੰ ਆਪਣੇ ਨਾਮ ਬਦਲਣ ਲਈ ਅਲਟੀਮੇਟਮ ਦਿੱਤੇ ਹਨ। ਮਜ਼ਮੂਨ ਅਨੁਸਾਰ ਪਾਕਿਸਤਾਨੀ ਮੁਸਲਮਾਂਨਾਂ ਦੀ ਨਵੀਂ ਪੀੜ੍ਹੀ ਵਿੱਚ ਹਿੰਦੂ ਨਾਵਾਂ ਨਾਲ ਮਿਲਦੇ-ਜੁਲਦੇ ਨਾਂ ਰੱਖਣ ਦਾ ਸ਼ੌਕ ਉਭਰ ਰਿਹਾ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਉੱਤਰੀ ਭਾਰਤ ਦੇ ਹਿੰਦੂਆਂ ਤੇ ਸਿੱਖਾਂ ਵਿੱਚ ਮੁਸਲਿਮਨੁਮਾ ਨਾਮ ਜਿਵੇਂ ਕਿ ਪਰਵਾਜ਼, ਰਿਹਾਨ, ਦਾਨਿਸ਼, ਰਹਿਮਤ, ਜੰਨਤ ਆਦਿ ਪ੍ਰਚਲਿਤ ਹੁੰਦੇ ਜਾ ਰਹੇ ਹਨ। ਪਾਕਿਸਤਾਨੀਆਂ ਦੀ ਅੰਗਰੇਜ਼ੀ ਪੜ੍ਹੀ ਲਿਖੀ ਪੀੜ੍ਹੀ ਵਿੱਚ ਭਾਰਤੀ ਉਪ ਮਹਾਂਦੀਪ ਦੇ ਇਸਲਾਮੀਕਰਨ ਤੋਂ ਪਹਿਲਾਂ ਦੀ ਤਵਾਰੀਖ ਬਾਰੇ ਜਾਨਣ ਦੀ ਇੱਛਾ ਵੀ ਵਧ ਰਹੀ ਹੈ ਅਤੇ ਇਸਦਾ ਸਬੂਤ ਮਹਾਂਭਾਰਤ ਤੇ ਰਮਾਇਣ ਦੇ ਅੰਗਰੇਜ਼ੀ ਤਰਜਮੇ ਤੇ ਸ਼ਿਵ ਭਗਤ ਅਮੀਸ਼ ਤ੍ਰਿਪਾਠੀ ਦੇ ਸ਼ਿਵ ਬਾਰੇ ਤਿੰਨ ਨਾਵਲਾਂ ਦੀ ਪਾਕਿਸਤਾਨ ਵਿੱਚ ਭਰਵੀਂ ਵਿਕਰੀ ਤੋਂ ਮਿਲਦਾ ਹੈ। ਮੁਸਲਿਮ ਭਾਈਚਾਰੇ ਨੂੰ ਲੋੜੋਂ ਵੱਧ ਮੁਤਅੱਸਬੀ ਨਾ ਬਣਨ ਦਾ ਮਸ਼ਵਰਾ ਦਿੰਦਿਆਂ ਸਾਮੀਆ ਸਾਂਝੀ ਤਹਿਜ਼ੀਬ ਨੂੰ ਜ਼ਿੰਦਾ ਰੱਖਣ 'ਤੇ ਜ਼ੋਰ ਦਿੰਦੀ ਹੈ। ਇਸੇ ਪ੍ਰਸੰਗ ਵਿੱਚ ਉਹ 16ਵੀਂ ਸਦੀ ਦੇ ਸੂਫੀ ਮਲਿਕ ਮੁੰਹਮਦ ਜਾਇਸੀ, ਜਿਸ ਨੇ 'ਪਦਮਾਵਤ' ਤੇ 'ਅਖਰਾਵਤ' ਵਰਗੇ ਸ਼ਾਹਕਾਰ ਅਵਧੀ ਬੋਲੀ ਵਿੱਚ ਮਸ਼ਨਵੀ ਸ਼ੈਲੀ ਵਿੱਚ ਲਿਖੇ, ਦੀਆਂ ਲਿਖਤਾਂ ਦੀ ਸਦੀਵਤਾ ਦਾ ਹਵਾਲਾ ਦਿੰਦਿਆਂ ਇਸ ਤੱਥ ਵੱਲ ਧਿਆਨ ਖਿੱਚਦੀ ਹੈ ਕਿ ਜਾਇਸੀ ਦੇ ਤਜਰਬੇ ਤੇ ਸ਼ੈਲੀ ਦਾ ਅਨੁਸਰਣ ਗੋਸਵਾਮੀ ਤੁਲਸੀਦਾਸ ਨੇ 'ਰਾਮ ਚਰਿਤ ਮਾਨਸ' ਦੀ ਸਿਰਜਣਾ ਲਈ ਕੀਤਾ।

ਜੇ ਪਾਕਿਸਤਾਨ ਵਿੱਚ ਉਪ ਮਹਾਂਦੀਪ ਦੇ ਇਤਿਹਾਸ ਦੀ ਸ਼ੁਰੂਆਤ ਇਸ ਖਿੱਤੇ ਵਿੱਚ ਇਸਲਾਮ ਦੀ ਆਮਦ ਤੋਂ ਮੰਨੀ ਜਾਂਦੀ ਹੈ ਤਾਂ ਸਾਡੇ ਦੇਸ਼ ਵਿੱਚ ਅਜਿਹੇ ਲੋਕਾਂ ਦੀ ਕਮੀ ਨਹੀਂ ਜੋ ਸਮੁੱਚੇ ਮੱਧ ਯੁੱਗ ਨੂੰ ਭਾਰਤੀ ਇਤਿਹਾਸ ਵਿੱਚੋਂ ਖਾਰਿਜ ਕਰਨਾ ਲੋਚਦੇ ਹਨ ਅਤੇ ਸਾਰੇ ਮੁਸਲਿਮ ਹਾਕਮਾਂ ਨੂੰ ਧਾੜਵੀਆਂ ਤੋਂ ਵੱਧ ਹੋਰ ਕੁੱਝ ਨਹੀਂ ਸਮਝਦੇ। ਵਿਧੀਆ ਪਰਬਤ ਤੋਂ ਪਾਰ ਦੇ ਕੁੱਝ ਰਾਜਾਂ ਵਿੱਚ ਇਹ ਪ੍ਰਥਾ ਪਹਿਲਾਂ ਹੀ ਸੀ, ਹੁਣ ਇਸਨੂੰ ਉੱਤਰੀ ਰਾਜਾਂ ਦੇ ਸਕੂਲੀ ਤੇ ਯੂਨੀਵਰਸਿਟੀ ਪਾਠਕ੍ਰਮਾਂ ਦਾ ਹਿੱਸਾ ਬਣਾਉਣ ਦੇ ਹੀਲੇ ਵੀ ਆਰੰਭੇ ਜਾ ਚੁੱਕੇ ਹਨ। ਸੰਘ ਬਿਰਾਦਰੀ ਨਾਲ ਜੁੜੇ ਵਿਦਵਾਨਾਂ ਲਈ ਮਹਾਰਾਣਾ ਪ੍ਰਤਾਪ ਤਾਂ ਮਹਾਨ ਹੈ, ਅਕਬਰ ਨਹੀਂ। ਇਸ ਬਿਰਾਦਰੀ ਨੂੰ ਸਾਰੇ ਮੁਸਲਿਮ ਹੁਕਮਰਾਨ ਤੁਅੱਸਬੀ ਜਾਪਦੇ ਹਨ ਹਾਲਾਂਕਿ ਹਕੀਕਤ ਇਹ ਹੈ ਕਿ ਬਹੁਤੇ ਹਾਕਮ ਸਮੇਂ ਦੇ ਯਥਾਰਥ ਤੋਂ ਜਾਣੂ ਸਨ ਅਤੇ ਇਸੇ ਕਾਰਨ ਹਿੰਦੂਆਂ ਦੇ ਸਮੂਹਿਕ ਕਤਲੇਆਮ ਦੀਆਂ ਮਿਸਾਲਾਂ ਬਹੁਤ ਘੱਟ ਮਿਲਦੀਆਂ ਹਨ। ਇੱਕ ਵੱਡੀ ਅਸਲੀਅਤ ਇਹ ਵੀ ਹੈ ਕਿ ਸੰਸਕ੍ਰਿਤ ਦੇ ਬਹੁਤੇ ਗ੍ਰੰਥਾਂ ਦੇ ਮੌਲਿਕ ਖਰੜੇ ਜੋ ਅੱਜ ਬਚੇ ਹੋਏ ਹਨ ਜਾਂ ਉਨ੍ਹਾਂ ਵਿਚਲੇ ਵਿਸ਼ਾ ਸਮੱਗਰੀ ਬਾਰੇ ਸਾਨੂੰ ਜਾਣਕਾਰੀ ਹੈ ਤਾਂ ਇਹ ਇੰਨ੍ਹਾਂ ਇਸਲਾਮੀ ਹੁਕਮਰਾਨਾਂ ਜਾਂ ਇੰਨ੍ਹਾਂ ਦੇ ਰਾਜ ਕਾਲ ਨਾਲ ਜੁੜੇ ਦਾਨਿਸ਼ਵਰਾਂ ਦੀ ਬਦੌਲਤ ਹੈ ਜਿੰਨ੍ਹਾਂ ਨੇ ਪ੍ਰਾਚੀਨ ਸੰਸਕ੍ਰਿਤ ਗ੍ਰੰਥਾਂ ਤੇ ਕਿਤਾਬਾਂ ਦੇ ਫਾਰਸੀ ਵਿੱਚ ਤਰਜਮੇ ਕਰਵਾਏ ਅਤੇ ਇਸ ਕਾਰਜ ਰਾਹੀਂ ਨਾ ਸਿਰਫ ਇੰਨ੍ਹਾਂ ਦੇ ਪਾਠਕਾਂ ਦਾ ਘੇਰਾ ਵਸੀਹ ਬਣਾਇਆ ਸਗੋਂ ਇੰਨ੍ਹਾਂ ਨੂੰ ਅਮਰਤਾ ਵੀ ਬਖਸ਼ੀ।

ਸਟੈਨਫਰਡ ਯੂਨੀਵਰਸਿਟੀ (ਕੈਲੇਫੋਰਨੀਆ) ਦੇ ਧਾਰਮਿਕ ਅਧਿਐਨ ਵਿਭਾਗ ਵਿੱਚ ਸੰਸਕ੍ਰਿਤ ਤੇ ਫਾਰਸੀ ਧਰਮ ਗ੍ਰੰਥਾਂ ਬਾਰੇ ਖੋਜ ਨਾਲ ਜੁੜੀ ਵਿਦਵਾਨ ਪ੍ਰੋ. ਔਡਰੇ ਟਰੱਸ਼ਕੀ ਅਨੁਸਾਰ ਫਾਰਸੀ ਗ੍ਰੰਥਾਂ ਤੇ ਮਨਸਬਾਂ ਦੇ ਸੰਸਕ੍ਰਿਤ ਜਾਂ ਹੋਰਨਾਂ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਦੀਆਂ ਮਿਸਾਲਾਂ ਬਹੁਤ ਘੱਟ ਮਿਲਦੀਆਂ ਹਨ, ਪਰ ਸੰਸਕ੍ਰਿਤ ਦੇ ਆਲੇਖਾਂ ਤੇ ਗਰੰਥਾਂ ਦੇ

ਫਾਰਸ਼ੀ ਵਿੱਚ ਤਰਜਮੇ ਦੀਆਂ ਮਿਸਾਲਾਂ ਸੈਂਕੜਿਆਂ ਵਿੱਚ ਹਨ। ਰਾਮਾਇਣ, ਮਹਾਂਭਾਰਤ, ਭਗਵਤ ਗੀਤਾ, ਉਪਨਿਸ਼ਦਾਂ ਤੇ ਪੁਰਾਣਾਂ ਦਾ ਫਾਰਸੀ ਵਿੱਚ ਤਰਜਮਾ ਜਿੰਨੇ ਵਿਆਪਕ ਪੱਧਰ ਤੇ 11ਵੀਂ ਤੋਂ 18ਵੀਂ ਸਦੀ ਦਰਮਿਆਨ ਹੋਇਆ, ਉਸਦੀ ਮਿਸਾਲ ਦੁਨੀਆਂ ਵਿੱਚ ਹੋਰ ਕਿਤੇ ਨਹੀਂ ਮਿਲਦੀ। ਅਲਾਉਦੀਨ ਖਿਲਜੀ ਤੁਅੱਸਬੀ ਹੁਕਮਰਾਨ ਸੀ, ਪਰ ਰਮਾਇਣ ਤੇ ਹੋਰਨਾਂ ਹਿੰਦੂ ਗ੍ਰੰਥਾਂ ਦਾ ਤਰਜਮਾ ਕਰਵਾਉਣ ਦੀ ਇੱਛਾ ਉਸਨੇ ਹੀ ਅਮੀਰ ਖੁਸਰੋ ਕੋਲ ਪ੍ਰਗਟਾਈ ਸੀ। ਬਾਬਰ ਦਾ ਮੁੱਢ ਵਿੱਚ ਹਿੰਦੋਸਤਾਨੀਆਂ ਬਾਰੇ ਪ੍ਰਭਾਵ ਬੜਾ ਮਾੜਾ ਸੀ, ਪਰ ਦਿੱਲੀ ਵਿੱਚ ਹਕੂਮਤ ਦੇ ਚਾਰ ਵਰ੍ਹਿਆਂ ਬਾਅਦ ਉਸਨੇ ਵੀ ਹਿੰਦੂ ਮੱਤ ਬਾਰੇ ਗਹਿਰਾਈ ਵਿੱਚ ਜਾਨਣ ਦੀ ਰੁਚੀ ਜਾਹਿਰ ਕੀਤੀ ਸੀ। ਹਿੰਦੂ ਗ੍ਰੰਥਾਂ ਦੇ ਤਰਜਮੇ ਦਾ ਵਿਆਪਕ ਅਮਲ ਬਾਦਸ਼ਾਹ ਅਕਬਰ ਦੇ ਰਾਜ ਕਾਲ ਦੌਰਾਨ ਸ਼ੁਰੂ ਹੋਇਆ ਸੀ। ਉਦੋਂ ਵੇਦ ਵਿਆਸ ਦੇ ਸਮੁੱਚੇ ਮਹਾਂਭਾਰਤ ਦਾ 18 ਜਿਲਦਾਂ ਵਿੱਚ ਫਾਰਸੀ ਤਰਜਮਾ ਸ਼ਾਹੀ ਤਵਾਰੀਖਸਾਜ਼ ਨਾਕਿਬ ਖਾਨ ਦੀ ਨਿਗਰਾਨੀ ਹੇਠ ਮੁਕੰਮਲ ਹੋਇਆ। ਤਰਜਮਾਕਾਰਾਂ ਵਿੱਚ ਖੁਦ ਨਾਕਿਬ ਖਾਨ ਤੋਂ ਇਲਾਵਾ ਮੁੱਲਾ ਸੀਰੀ, ਸੁਲਤਾਨ ਥਾਨੇਸਰੀ ਤੇ ਅਬਦ ਅਲਕਦਰ ਬਦਾਊਨੀ ਸ਼ਾਮਿਲ ਸਨ। ਉਨ੍ਹਾਂ ਦੀ ਮਦਦ ਦੇਵਾ ਮਿਸ਼ਰਾ, ਸਤਿਆਵਾਧਨ, ਮਧੂਸੂਦਨ ਮਿਸ਼ਰਾ ਤੇ ਚਤਰਭੁਜ ਵਰਗੇ ਸੰਸਕ੍ਰਿਤ ਵਿਦਵਾਨਾਂ ਨੇ ਕੀਤੀ। ਇਸਨੂੰ 'ਰਜ਼ਮਨਾਮਾ' (ਦਾਸਤਾਨ-ਏ-ਜੰਗ) ਦਾ ਨਾਮ ਦਿੱਤਾ ਗਿਆ। ਅਕਬਰ ਨੇ ਰਮਾਇਣ ਦਾ ਫਾਰਸੀ ਅਨੁਵਾਦ ਵੀ ਨਵੇਂ ਸਿਰਿਉਂ ਕਰਵਾਇਆ। ਭਗਵਦ ਗੀਤਾ ਦੇ ਫਾਰਸੀ ਤਰਜਮੇ ਦੀ ਜਿੰਮੇਵਾਰੀ ਉਸਨੇ ਆਪਣੇ ਦੋ ਰਤਨਾਂ ਅਬੁਲ ਫ਼ਜ਼ਲ ਅਤੇ ਅਬੁਲ ਫੈਜ਼ੀ ਨੂੰ ਸੌਂਪੀ। ਇਹ ਅਨੁਵਾਦ ਮਸ਼ਨਵੀਆਂ ਦੇ ਰੂਪ ਵਿੱਚ ਕੀਤਾ ਗਿਆ ਅਤੇ ਇਸਨੂੰ 'ਮੀਰਾਤ ਅਲ ਹਕਾਇਕ' (ਸੱਚ ਦਾ ਆਈਨਾ) ਕਰਕੇ ਜਾਣਿਆ ਜਾਂਦਾ ਹੈ। ਦਾਰਾ ਸ਼ਿਕੋਹ ਨੇ ਕੁੱਝ ਉਪਨਿਸ਼ਦਾਂ ਦਾ ਅਨੁਵਾਦ ਖ਼ੁਦ ਕੀਤਾ।

ਮੱਧ ਯੁੱਗ ਦਾ ਭਾਰਤੀ ਇਤਿਹਾਸ, ਜੋ ਸਾਨੂੰ ਪਾਠਕ੍ਰਮ ਦੇ ਰੂਪ ਵਿੱਚ ਪੜ੍ਹਨ ਨੂੰ ਮਿਲਦਾ ਹੈ, ਦੇਸ਼ ਵਿੱਚ ਸਪੱਸ਼ਟ ਮਜ਼ਹਬੀ ਕਤਾਰਬੰਦੀ ਦਰਸਾਉਂਦਾ ਹੈ। ਅਜਿਹੀ ਕਤਾਰਬੰਦੀ ਦੇ ਬਾਵਜੂਦ ਪ੍ਰਾਚੀਨ ਭਾਰਤੀ ਸੱਭਿਅਤਾ ਦੇ ਸਤੰਭਾਂ ਅਤੇ ਹਿੰਦੂ ਮੱਤ ਦੇ ਪ੍ਰਾਚੀਨ ਗ੍ਰੰਥਾਂ ਬਾਰੇ ਜਿਗਿਆਸਾ ਮੁਸਲਿਮ ਵਿਦਵਾਨਾਂ ਵਿੱਚ ਪ੍ਰਬਲ ਰਹੀ। ਉਨ੍ਹਾਂ ਦੀ ਸੂਝ ਬੂਝ ਨੂੰ ਸਲਾਮ ਕਰਨਾ ਬਣਦਾ ਹੈ ਕਿਉਂਕਿ ਬਹੁਤੇ ਹਿੰਦੂ ਗ੍ਰੰਥਾਂ ਨੂੰ ਸਦੀਵਤਾ ਬਖਸ਼ਣ ਅਤੇ ਇੰਨ੍ਹਾਂ ਦੇ ਸੁਨੇਹੇ ਦਾ ਨਾ ਸਿਰਫ਼ ਭਾਰਤੀ ਉਪ ਮਹਾਂਦੀਪ ਸਗੋਂ ਇਰਾਨ ਤੇ ਮੱਧ ਪੂਰਬ ਤਕ ਪ੍ਰਚਾਰ ਕਰਨ ਵਿੱਚ ਇਸ ਤਰਜਮਾਕਾਰੀ ਨੇ ਮੁੱਖ ਭੂਮਿਕਾ ਨਿਭਾਈ। ਕੈਫ਼ੀ ਆਜ਼ਮੀ ਨੇ ਇੱਕ ਸਮੇਂ ਮਾਯੂਸ ਹੋ ਕੇ ਲਿਖਿਆ ਸੀ, ***'ਬਸਤੀ ਮੇਂ ਅਪਨੀ, ਹਿੰਦੂ ਮੁਸਲਮਾਂ ਜੋ ਬਸ ਗਏ / ਇਨਸਾਂ ਦੀ ਸ਼ਕਲ, ਦੇਖਨੇ ਕੋ ਹਮ ਤਰਸ ਗਏ।'*** ਪਰ ਤਵਾਰੀਖ ਤਾਂ ਇਹੋ ਦਰਸਾਉਂਦੀ ਹੈ ਕਿ ਮਜ਼ਹਬ ਚਾਹੇ ਕੋਈ ਵੀ ਹੋਵੇ, ਇਨਸਾਨੀਅਤ ਦੇ ਕਣ ਕਿਸੇ ਨਾ ਕਿਸੇ ਰੂਪ ਵਿੱਚ ਜਿੰਦਾ ਰਹਿੰਦੇ ਹੀ ਹਨ। ਅਜਿਹੇ ਕਣਾਂ ਨੂੰ ਨਾ ਤਾਂ ਨਾਮ ਬਦਲਣ ਦੇ ਫਤਵੇ ਮਾਰ ਸਕਦੇ ਹਨ ਅਤੇ ਨਾ ਹੀ ਇਤਿਹਾਸ ਵਿੱਚੋਂ ਕਈ ਕਈ ਸਦੀਆਂ ਉੱਤੇ ਕੂਚੀ ਫੇਰਨ ਦੇ ਯਤਨ।

**ਸੰਪਾਦਕ (ਪੰਜਾਬੀ ਟ੍ਰਿਬਿਊਨ)**

**(ਪੰਜਾਬੀ ਟ੍ਰਿਬਿਊਨ ਵਿੱਚੋਂ ਧੰਨਵਾਦ ਸਹਿਤ)**

## ਤਰਕਸ਼ੀਲਾਂ ਦੀ ਛਾਣਬੀਣ ਤੋਂ ਬਾਅਦ ਅੱਗ ਲੱਗਣ ਦੀਆਂ ਘਟਨਾਵਾਂ ਖ਼ਤਮ

ਤਰਨਤਾਰਨ ਇਕਾਈ ਨੂੰ ਸਰਹੱਦੀ ਪਿੰਡ ਰਾਜੋਕੇ ਦੇ ਤਰਕਸ਼ੀਲ ਮੈਂਬਰਾਂ ਗੁਰਬਾਜ ਸਿੰਘ, ਗੁਰਮੀਤ ਸਿੰਘ, ਰਣਜੀਤ ਸਿੰਘ ਰਾਹੀਂ ਉਸੇ ਪਿੰਡ ਦੇ ਵਸਨੀਕ ਨੇ ਹਲਫੀਆ ਬਿਆਨ ਰਾਹੀਂ ਦੱਸਿਆ ਕਿ ਉਸ ਦੇ ਘਰ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਕਈ ਵਾਰ ਅੱਗ ਲੱਗਣ ਦੀਆਂ ਘਟਨਾਵਾਂ ਵਾਪਰਨ ਤੇ ਹਜ਼ਾਰਾਂ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ ਤਾਂ ਸੁਸਾਇਟੀ ਦੀ ਪੜਤਾਲੀਆ ਟੀਮ ਮੁੱਖਵਿੰਦਰ ਸਿੰਘ ਚੋਹਲਾ, ਰਜਵੰਤ ਸਿੰਘ ਬਾਗੜੀਆਂ, ਸੁਖਚੈਨ ਖਾਰਾ, ਸੁਖਵਿੰਦਰ ਖਾਰਾ, ਨਰਿੰਦਰ ਸੇਖਚੱਕ 'ਤੇ ਅਧਾਰਿਤ ਪੀੜ੍ਹਤ ਦੇ ਘਰ ਪਹੁੰਚੀ ।ਮੌਕੇ ਦਾ ਜਾਇਜ਼ਾ ਲਿਆ ਤਾਂ ਗੱਲਬਾਤ ਦੌਰਾਨ ਪਤਾ ਲੱਗਾ ਕਿ ਇਨ੍ਹਾਂ ਘਟਨਾਵਾਂ ਨੂੰ ਠੀਕ ਕਰਨ ਲਈ ਕਈ ਪਾਖੰਡੀ ਸਾਧਾਂ, ਸੰਤਾਂ ਦਾ ਸਹਾਰਾ ਲਿਆ ਜਾ ਚੁੱਕਾ ਹੈ। ਇੱਕ ਸਾਧ ਨੇ ਘਰ ਆ ਕੇ ਵੀ ਉਪਾਅ ਕੀਤਾ ਅਤੇ ਓਪਰੀ ਸ਼ੈਅ ਨੂੰ ਪਕੜ ਕੇ ਲੈ ਜਾਣ ਦਾ ਦਾਅਵਾ ਕੀਤਾ । ਉਸ ਦੇ ਬਾਵਜੂਦ ਵੀ ਕਈ ਵਾਰ ਬੰਦ ਪੇਟੀ ਅਤੇ ਅਲਮਾਰੀਆਂ ਵਿੱਚ ਅੱਗ ਲੱਗਣ ਨਾਲ ਕੱਪੜੇ ਸੜ ਚੁੱਕੇ ਹਨ । ਤਰਕਸ਼ੀਲ ਟੀਮ ਨੇ ਸਾਰੇ ਪੱਖਾਂ ਦੀ ਬਰੀਕੀ ਨਾਲ ਛਾਣਬੀਣ ਕੀਤੀ, ਅੱਗ ਲੱਗਣ ਦੇ ਕਾਰਣਾਂ ਦਾ ਪਤਾ ਲਗਾਇਆ । ਘਰ ਦੇ ਸਾਰੇ ਮੈਂਬਰਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਸਪੱਸ਼ਟ ਕੀਤਾ ਕਿ ਅੱਜ ਤੋਂ ਬਾਅਦ ਘਰ ਵਿੱਚ ਅੱਗ ਨਹੀਂ ਲੱਗੇਗੀ । ਇਸ ਮੌਕੇ ਪਰਿਵਾਰਿਕ ਮੈਂਬਰਾਂ ਤੋਂ ਇਲਾਵਾ ਆਂਢ-ਗੁਆਂਢ ਦੇ ਲੋਕਾਂ ਨੂੰ ਹੱਥ ਦੀ ਸਫਾਈ ਦੇ ਹੈਰਾਨੀਜਨਕ ਟਰਿਕ ਦਿਖਾਉਂਦੇ ਹੋਏ ਦੱਸਿਆ ਕਿ ਇਸ ਦੁਨੀਆ ਵਿੱਚ ਕਿਸੇ ਵੀ ਵਿਅਕਤੀ ਕੋਲ ਕੋਈ ਅਧਿਆਤਮਕ ਜਾਂ ਗੈਬੀ ਸ਼ਕਤੀ ਨਹੀਂ ਹੈ ਅਤੇ ਦੁਨੀਆ ਵਿੱਚ ਵਾਪਰਨ ਵਾਲੀ ਹਰ ਘਟਨਾ ਦਾ ਕੋਈ ਨਾ ਕੋਈ ਕਾਰਣ ਜ਼ਰੂਰ ਹੁੰਦਾ ਹੈ, ਜੇਕਰ ਅਸੀਂ ਕਾਰਣਾਂ ਨੂੰ ਲੱਭਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਹਰ ਮਸਲੇ ਦਾ ਹੱਲ ਲੱਭਿਆ ਜਾ ਸਕਦਾ ਹੈ । ਉਨ੍ਹਾਂ ਇਲਾਕੇ ਭਰ ਦੇ ਪਾਖੰਡੀ ਸਾਧਾਂ, ਸੰਤਾਂ, ਜੋਤਸ਼ੀਆਂ ਨੂੰ ਖੁੱਲ੍ਹੀ ਚੁਣੌਤੀ ਦਿੱਤੀ। ਇੱਕ ਮਹੀਨਾ ਬੀਤ ਜਾਣ 'ਤੇ ਘਰ ਵਿੱਚ ਕਿਸੇ ਤਰ੍ਹਾਂ ਦੀ ਕੋਈ ਘਟਨਾ ਨਹੀਂ ਵਾਪਰੀ ।

**- ਰਜਵੰਤ ਸਿੰਘ ਬਾਗੜੀਆਂ**

## ਨਾਸਾ ਨੇ ਧਰਤੀ ਵਰਗਾ ਗ੍ਰਹਿ ਖੋਜਿਆ

ਨਾਸਾ ਨੇ ਬਿਲਕੁਲ ਧਰਤੀ ਵਰਗਾ ਇੱਕ ਹੋਰ ਨਵਾਂ ਗ੍ਰਹਿ ਲੱਭਣ ਦਾ ਐਲਾਨ ਕੀਤਾ ਹੈ। ਖਗੋਲ ਵਿਗਿਆਨੀਆਂ ਨੇ ਧਰਤੀ ਦੇ ਆਕਾਰ ਦਾ ਇੱਕ ਨਵਾਂ ਗ੍ਰਹਿ ਲੱਭਿਆ ਹੈ। ਨੇਪਲਰ ਪੁਲਾੜ ਦੂਰਬੀਨ ਰਾਹੀਂ ਲੱਭੇ ਇਸ ਗ੍ਰਹਿ ਨੂੰ ਨੇਪਲਰ 452 ਬੀ ਦਾ ਨਾਂਅ ਦਿੱਤਾ ਗਿਆ ਹੈ। ਸੂਰਜ ਮੰਡਲ ਦੇ ਬਾਹਰ ਮਿਲਿਆ ਇਹ ਗ੍ਰਹਿ ਧਰਤੀ ਵਾਂਗ ਹੈ। ਨੇਪਲਰ 452 ਬੀ ਨਾਂ ਦਾ ਇਹ ਗ੍ਰਹਿ ਜੀ-2 ਵਾਂਗ ਸਿਤਾਰੇ ਦੀ ਪ੍ਰਕਰਮਾ ਜੀਵਨ ਦੇ ਯੋਗ ਖੇਤਰ ਵਿੱਚ ਕਰ ਰਿਹਾ ਹੈ। ਧਰਤੀ ਤੋਂ ਬਾਹਰ ਜ਼ਿੰਦਗੀ ਲੱਭਣ ਦੀਆਂ ਕੋਸ਼ਿਸ਼ਾਂ ਵਿੱਚ ਇਸ ਖੋਜ ਨੂੰ ਅਹਿਮ ਸਮਝਿਆ ਜਾ ਰਿਹਾ ਹੈ। ਨਾਸਾ ਮੁਤਾਬਕ ਧਰਤੀ ਵਾਂਗ ਪ੍ਰਸਥਿਤੀਆਂ 'ਚ ਆਪਣੇ ਤਾਰੇ ਦੇ ਚੱਕਰ ਕੱਟ ਰਿਹਾ ਇਹ ਗ੍ਰਹਿ ਜ਼ਿੰਦਗੀ ਦੀਆਂ ਸਾਰੀਆਂ ਪ੍ਰਸਥਿਤੀਆਂ ਅਤੇ ਸੰਭਾਵਨਾਵਾਂ ਦੇ ਅਨੁਕੂਲ ਹੈ।

## ਚੀਨ ਬਣਾ ਰਿਹੈ ਸਭ ਤੋਂ ਵੱਡੀ ਦੂਰਬੀਨ

ਚੀਨ ਪੁਲਾੜ ਖੋਜ਼ ਦੇ ਲਈ ਗੁਈਝੋਊ ਪ੍ਰਾਂਤ 'ਚ ਬਣਾਈ ਜਾ ਰਹੀ ਦੁਨੀਆਂ ਦੀ ਸਭ ਤੋਂ ਵੱਡੀ ਰੇਡੀਓ ਦੂਰਬੀਨ ਨਾਲ ਆਪਣੇ ਸੁਪਰ ਕੰਪਿਊਟਰ ਸਕਾਈਆਈ-1 ਨੂੰ ਜੋੜੇਗਾ, ਜਿਸ ਦੇ ਨਾਲ ਪ੍ਰਤੀ ਸੈਕਿੰਡ ਕਵਾਡਰੀਲਿਅਨ ਕੰਪਿਊਟਿੰਗ ਆਪ੍ਰੇਸ਼ਨ ਸੰਭਵ ਹੋ ਸਕੇਗਾ। ਮੀਡੀਆ ਦੀਆਂ ਖਬਰਾਂ ਦੇ ਮੁਤਾਬਿਕ ਦੂਰਬੀਨ ਦੇ ਡਿਸ਼ ਦਾ ਆਕਾਰ 30 ਫੁੱਟਬਾਲ ਮੈਦਾਨਾਂ ਜਿਨ੍ਹਾਂ ਹੋਵੇਗਾ ਅਤੇ ਇਸ ਨੂੰ ਗੁਈਝੋਊ ਦੇ ਪਹਾੜ 'ਤੇ ਲਗਾਇਆ ਜਾ ਰਿਹਾ ਹੈ। ਸਰਕਾਰੀ ਖਬਰ ਏਜੰਸੀ ਸਿੰਨਹੁਆ ਦੇ ਮੁਤਾਬਿਕ 2016 'ਚ ਜਦੋਂ ਇਸ ਦਾ ਨਿਰਮਾਣ ਪੂਰਾ ਹੋ ਜਾਵੇਗਾ ਤਦ 500 ਮੀਟਰ ਦਾ ਅਪਰੇਚਰ ਗੋਲਾਕਾਰ ਦੂਰਬੀਨ (ਫਾਸਟ) ਦੁਨੀਆਂ ਦੀ ਸਭ ਤੋਂ ਵੱਡੀ ਦੂਰਬੀਨ ਹੋ ਜਾਵੇਗੀ। ਫਿਲਹਾਲ ਪਿਊਤਰੋ ਰਿਕੋ ਦੀ ਅਰੀਸਿਬੋ ਵੇਦਸ਼ਾਲਾ ਸਭ ਤੋਂ ਵੱਡੀ ਹੈ, ਜਿਸਦਾ ਵਿਆਸ 300 ਮੀਟਰ ਹੈ। ਉਮੀਦ ਹੈ ਕਿ ਇਸ ਦੂਰਬੀਨ ਦੇ ਰਾਹੀਂ ਅਰਬਾਂ ਪ੍ਰਕਾਸ਼ ਵਰ੍ਹੇ ਦੂਰ ਰੇਡੀਓ ਸੰਕੇਤਾਂ ਨੂੰ ਫੜ੍ਹਿਆ ਜਾ ਸਕੇਗਾ।

## ਹੁਣ ਮੌਸਮ ਵਾਂਗ ਹੋਵੇਗੀ ਫਲੂ ਦੀ ਵੀ ਭਵਿੱਖਬਾਣੀ

ਮੌਸਮ ਦੀ ਤਰਜ 'ਤੇ ਹੀ ਇਨਫਲੂਏਂਜਾ ਦੇ ਕਹਿਰ ਅਤੇ ਉਸ ਦੀ ਤੀਬਰਤਾ ਦਾ ਮੁੜ ਅਨੁਮਾਨ ਵੀ ਲਗਾਇਆ ਜਾ ਸਕੇਗਾ। ਕੋਲੰਬੀਆ ਦੀ ਯੂਨੀਵਰਸਿਟੀ ਦੇ ਸ਼ੋਧਕਰਤਾਵਾਂ ਨੇ ਕੰਪਿਊਟਰ ਆਧਾਰਿਤ ਅਜਿਹੀ ਪ੍ਰਣਾਲੀ ਵਿਕਸਿਤ ਕਰਨ ਦਾ ਦਾਅਵਾ ਕੀਤਾ ਹੈ, ਜਿਸ ਨਾਲ ਇਨਫਲੂਏਂਜਾ ਦੇ ਕਹਿਰ ਅਤੇ ਉਸ ਦੇ ਫੈਲਾਅ ਦੀ ਤੀਬਰਤਾ ਦੇ ਬਾਰੇ 'ਚ ਮੁੜ ਅਨੁਮਾਨ ਲਗਾਇਆ ਜਾ ਸਕੇਗਾ। ਇਸ ਨਾਲ ਮਹਾਂਮਾਰੀ ਵਰਗੀਆਂ ਸਥਿਤੀਆਂ ਨਾਲ ਨਜਿੱਠਣ 'ਚ ਮਦਦ ਮਿਲੇਗੀ। ਕੋਲੰਬੀਆ ਦਾ ਮੇਲਮੈਨ ਸਕੂਲ ਆਫ ਪਬਲਿਕ ਹੈਲਥ ਸਾਲ 2013-14 ਤੋਂ ਹੀ 100 ਨਾਲੋਂ ਜਿਆਦਾ ਅਫਰੀਕੀ ਸ਼ਹਿਰਾਂ ਲਈ ਫਲੂ ਲਈ ਹਫਤਾਵਰੀ ਮੁੜ ਅਨੁਮਾਨ ਪ੍ਰਕਾਸ਼ਿਤ ਕਰ ਰਿਹਾ ਹੈ। ਕੰਪਿਊਟਰ ਮਾਡਲ 'ਤੇ ਅਧਾਰਿਤ ਇਸ ਪ੍ਰਣਾਲੀ ਦੇ ਜ਼ਰੀਏ ਇਨਫਲੂਏਂਜਾ ਕੀਟਾਣੂਆਂ ਦੇ ਫੈਲਣ ਦੀ ਨਕਲ ਤਿਆਰ ਕੀਤੀ ਜਾਂਦੀ ਹੈ ਅਤੇ ਬਾਅਦ 'ਚ ਉਸ ਨੂੰ ਇਕੱਠਾ ਕਰਕੇ ਪੂਰੀ ਤਰ੍ਹਾਂ ਨਾਲ ਭਵਿੱਖਬਾਣੀ ਕੀਤੀ ਜਾਂਦੀ ਹੈ।

## ਸਿਰਫ 3 ਘੰਟਿਆਂ 'ਚ ਨਿਊਯਾਰਕ ਤੋਂ ਲੰਡਨ

ਇੰਜੀਨੀਅਰਾਂ ਦੀ ਟੀਮ ਇੱਕ ਅਜਿਹਾ ਸੁਪਰਸੋਨਿਕ ਲਗਜ਼ਰੀ ਜਹਾਜ ਵਿਕਸਿਤ ਕਰ ਰਹੀ ਹੈ, ਜੋ ਕੇਵਲ ਤਿੰਨ ਘੰਟਿਆਂ 'ਚ ਨਿਊਯਾਰਕ ਤੋਂ ਲੰਡਨ ਪਹੁੰਚਾ ਸਕਦਾ ਹੈ। ਬੋਸਟਨ ਆਧਾਰਿਤ ਸਪਾਈਕ ਐਰੋਸਪੇਸ ਨੇ 2013 'ਚ ਐਸ-512 ਸੁਪਰਸੋਨਿਕ ਜਹਾਜ ਨੂੰ ਲਾਂਚ ਕੀਤਾ ਸੀ, ਪ੍ਰੰਤੂ ਹਾਲ ਹੀ ਵਿੱਚ ਕੰਪਨੀ ਨੇ ਇਸ ਜਹਾਜ ਦੇ ਡਿਜ਼ਾਇਨ 'ਚ ਕੁਝ ਬਦਲਾਅ ਦਾ ਐਲਾਨ ਕੀਤਾ ਹੈ। ਕੰਪਨੀ ਨੇ ਦੱਸਿਆ ਕਿ ਡਿਜ਼ਾਇਨ 'ਚ ਕੀਤੇ ਗਏ ਬਦਲਾਅ ਨਾਲ ਇਸ ਤੇਜ਼ ਗਤੀ ਵਾਲੇ ਜਹਾਜ਼ ਦੀ ਗਤੀ ਹੋਰ ਵੱਧ ਸਕਦੀ ਹੈ। ਕੰਪਨੀ ਦਾ ਦਾਅਵਾ ਹੈ ਕਿ ਐੱਸ-512 ਜਹਾਜ ਵੱਧ ਤੋ ਵੱਧ 1.8 ਮੈਕ (2205 ਕਿਲੋਮੀਟਰ ਪ੍ਰਤੀ ਘੰਟਾ) ਦੀ ਰਫਤਾਰ ਫੜ੍ਹ ਸਕਦਾ ਹੈ, ਜੋ ਆਵਾਜ਼ ਦੀ ਗਤੀ ਤੋਂ 1.8 ਗੁਣਾ ਵੱਧ ਹੈ।

## ਫੇਸਬੁੱਕ ਨਾਲ ਚਿਪਕੇ ਰਹਿਣਾ ਦਿਮਾਗੀ ਹਾਲਤ ਲਈ ਘਾਤਕ

ਫੇਸਬੁੱਕ, ਟਵਿੱਟਰ ਤੇ ਹੋਰ ਸ਼ੋਸ਼ਲ ਸਾਈਟਾਂ ਨਾਲ 2 ਘੰਟੇ ਤੋਂ ਵੱਧ ਚਿਪਕੇ ਰਹਿਣ ਨਾਲ ਦਿਮਾਗੀ ਹਾਲਤ ਕਮਜ਼ੋਰ ਹੋ ਜਾਂਦੀ ਹੈ। ਇਹ ਖੁਲਾਸਾ ਇੱਕ ਨਵੇਂ ਅਧਿਐਨ ਰਾਹੀਂ ਕੀਤਾ ਗਿਆ ਹੈ। ਅਧਿਐਨ ਅਨੁਸਾਰ ਇਨ੍ਹਾਂ ਕਾਰਨ ਮਨੋਵਿਗਿਆਨਕ ਵਿਗਾੜ ਆਉਣ ਤੋਂ ਇਲਾਵਾ ਖੁਦਕੁਸ਼ੀ ਦੇ ਵਿਚਾਰ ਵੀ ਭਾਰੂ ਹੋ ਜਾਂਦੇ ਹਨ।

## ਝਾਰਖੰਡ ਵਿੱਚ ਡਾਇਣ ਦੱਸ ਕੇ 5 ਔਰਤਾਂ ਦੀ ਹੱਤਿਆ

ਝਾਰਖੰਡ ’ਚ ਜਾਦੂ-ਟੂਣੇ ਦੇ ਦੋਸ਼ਾਂ ਹੇਠ ਲੋਕਾਂ ਨੇ ਪੰਜ ਮਹਿਲਾਵਾਂ ਦੀ ਹੱਤਿਆ ਕਰ ਦਿੱਤੀ। ਰਾਂਚੀ ਜ਼ਿਲ੍ਹੇ ਦੇ ਪਿੰਡ ਕੰਜੀਆ ’ਚ ਲੋਕਾਂ ਨੇ ਅੱਧੀ ਰਾਤ ਨੂੰ ਲਾਠੀਆਂ ਅਤੇ ਤੇਜ਼ਧਾਰ ਹਥਿਆਰਾਂ ਨਾਲ ਇਨ੍ਹਾਂ ਮਹਿਲਾਵਾਂ ਨੂੰ ਮਾਰ ਦਿੱਤਾ। ਪੁਲੀਸ ਮੁਤਾਬਿਕ ਪਿੰਡ ਵਾਸੀਆਂ ਨੂੰ ਸ਼ੱਕ ਸੀ ਕਿ ਇਹ ਮਹਿਲਾਵਾਂ ਜਾਦੂ ਟੂਣੇ ਕਰਕੇ ਉਨ੍ਹਾਂ ਦੇ ਬੱਚਿਆਂ ਨੂੰ ਮਾਰ ਰਹੀਆਂ ਸਨ। ਪੁਲੀਸ ਵੱਲੋਂ ਮੌਕੇ ’ਤੇ ਪਹੁੰਚਣ ਕਰਕੇ ਉੱਥੇ ਹਾਲਾਤ ਤਣਾਅ ਵਾਲੇ ਬਣ ਗਏ। ਮਹਿਲਾਵਾਂ ਨੂੰ ਮੌਤ ਦੇ ਘਾਟ ਉਤਾਰਨ ਸਮੇਂ ਮਰਦਾਂ ਦੇ ਨਾਲ ਪਿੰਡ ਦੀਆਂ ਹੋਰ ਔਰਤਾਂ ਵੀ ਸ਼ਾਮਲ ਸਨ। ਝਾਰਖੰਡ ’ਚ 2013 ’ਚ 160 ਹੱਤਿਆ ਦੇ ਮਾਮਲਿਆਂ ’ਚ 54 ਅਜਿਹੇ ਸਨ, ਜਿਨ੍ਹਾਂ ’ਚ ਮਹਿਲਾਵਾਂ ਨੂੰ ਡਾਇਣ ਕਰਾਰ ਦੇ ਕੇ ਮਾਰ ਦਿੱਤਾ ਗਿਆ ਸੀ। 2001 ਤੋਂ ਲੈ ਕੇ ਹੁਣ ਤੱਕ ਡਾਇਣ ਕਰਾਰ ਦੇ ਕੇ 400 ਤੋਂ ਵੱਧ ਮਹਿਲਾਵਾਂ ਦੀ ਜਾਨ ਲਈ ਜਾ ਚੁੱਕੀ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਮੁਤਾਬਕ ਦੇਸ਼ ਭਰ ’ਚ 2000 ਤੋਂ 2012 ਦੌਰਾਨ 2097 ਹੱਤਿਆਵਾਂ ਹੋਣ ਦਾ ਅੰਦਾਜ਼ਾ ਹੈ। (ਪੰਜਾਬੀ ਟ੍ਰਿਬਿਊਨ)

## ਮੰਦਰ ਦੇ ਪੁਜਾਰੀ ’ਤੇ ਚੋਰੀ ਦਾ ਦੋਸ਼

ਕਾਸ਼ੀ ਵਿਸ਼ਵਨਾਥ ਮੰਦਰ ਦਾ ਪੁਜਾਰੀ ਕਥਿਤ ਤੌਰ ’ਤੇ ਸ਼ਰਧਾਲੂਆਂ ਵੱਲੋ ਚੜ੍ਹਾਏ ਪੈਸੇ ਚੋਰੀ ਕਰਦਾ ਫੜਿਆ ਗਿਆ। ਮੰਦਰ ਦੇ ਪੁਜਾਰੀ ਗਣਪਤ ਝਾਅ ਨੂੰ ਸ਼ਰਧਾਲੂਆਂ ਵੱਲੋਂ ਭੇਟ ਕੀਤੇ ਪੈਸੇ ਗੋਲਕ ਵਿੱਚ ਪਾਉਣ ਦੀ ਬਜਾਏ ਆਪ ਲੈ ਕੇ ਜਾਂਦੇ ਦੇਖਿਆ ਗਿਆ। ਇਸ ਬਾਰੇ ਚੌਂਕ ਥਾਣੇ ਵਿੱਚ ਲਿਖਤੀ ਸ਼ਿਕਾਇਤ ਕੀਤੀ ਗਈ। (ਪੰਜਾਬੀ ਟ੍ਰਿਬਿਊਨ)

## ਸਾਧੂ ਸਾਰਥੀ ਬਾਬਾ ਗ੍ਰਿਫਤਾਰ

ਉੜੀਸਾ ਪੁਲਿਸ ਨੇ ਧੋਖਾਧੜੀ ਅਤੇ ਦੂਜੇ ਦੋਸ਼ਾਂ ਨੂੰ ਲੈ ਕੇ ਸਾਧੂ ਸਾਰਥੀ ਬਾਬਾ ਨੂੰ ਅੱਜ ਗ੍ਰਿਫਤਾਰ ਕਰ ਲਿਆ। ਏ. ਡੀ.ਜੀ.ਪੀ. ਸ਼੍ਰੀ ਬੀ. ਕੇ. ਸ਼ਰਮਾ ਨੇ ਕਿਹਾ ਕਿ ਸਾਰਥੀ ਬਾਬਾ ਵਿਰੁੱਧ ਦਫਾ 420, 120 ਬੀ ਅਤੇ 341 ਸਮੇਤ ਆਈ ਪੀ ਸੀ ਦੀਆਂ ਧਾਰਾਵਾਂ, ਅਸਲਾ ਐਕਟ ਅਤੇ ਐੱਸ. ਸੀ./ਐੱਸ.ਟੀ. ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ। ਇੱਕ ਟੀ ਵੀ ਚੈਨਲ ਨੇ ਸਾਧੂ ’ਤੇ ਹੈਦਰਾਬਾਦ ਦੇ ਇੱਕ ਹੋਟਲ ’ਚ ਇੱਕ ਔਰਤ ਨਾਲ ਦੋ ਦਿਨ ਬਿਤਾਉਣ ਦਾ ਦੋਸ਼ ਲਾਉਂਦਿਆਂ ਕੁਝ ਤਸਵੀਰਾਂ ਵੀ ਦਿਖਾਈਆਂ ਸਨ। ਤਲਾਸ਼ੀ ਦੌਰਾਨ ਉੱਥੋਂ ਕੁਝ ਦਸਤਾਵੇਜ਼, ਨਗਦੀ, ਚਾਂਦੀ, ਸੋਨਾ ਅਤੇ ਹੋਰ ਚੀਜ਼ਾਂ ਬਰਾਮਦ ਹੋਈਆਂ। ਉਸ ਦੇ ਬੈਂਕ ਖਾਤਿਆਂ, ਤਸਵੀਰਾਂ ਤੇ ਸੀ ਸੀ ਟੀ ਵੀ ਫੁਟੇਜ਼ ਦੀ ਜਾਂਚ ਕੀਤੀ ਜਾ ਰਹੀ ਹੈ। (ਨਵਾਂ ਜ਼ਮਾਨਾ)

## ਬੰਗਲਾਦੇਸ਼ ਵਿੱਚ ਇੱਕ ਹੋਰ ਬਲੌਗਰ ਦੀ ਹੱਤਿਆ

ਬੰਗਲਾਦੇਸ਼ ਵਿੱਚ ਧਰਮ ਨਿਰਪੱਖ ਬਲੌਗਰ ਦੀ ਅੱਜ ਉਸ ਦੇ ਫਲੈਟ ਵਿੱਚ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ ਹੈ। ਦੇਸ਼ ਵਿੱਚ ਕੱਟੜਪੰਥੀਆਂ ਖਿਲਾਫ਼ ਆਵਾਜ਼ ਉਠਾਉਣ ਵਾਲੇ ਬਲੌਗਰਾਂ ਨੂੰ ਮਾਰਨ ਦਾ ਰੁਝਾਨ ਬਰਕਰਾਰ ਹੈ ਤੇ ਇਹ ਚੌਥਾ ਬਲੌਗਰ ਹੈ ਜਿਸ ਦੀ ਜਾਨ ਲਈ ਗਈ ਹੈ। 40 ਸਾਲਾ ਨੀਲੋਏ ਨੀਲ ਦਾ ਫਲੈਟ ਰਾਜਧਾਨੀ ਢਾਕਾ ਦੇ ਗੋਹਰਾਂ ਇਲਾਕੇ ਵਿਚਲੀ ਇੱਕ ਇਮਾਰਤ ਦੀ ਪੰਜਵੀਂ ਮੰਜ਼ਿਲ ’ਤੇ ਸੀ। ਪੁਲੀਸ ਦਾ ਕਹਿਣਾ ਹੈ ਕਿ ਹਮਲਾਵਰਾਂ ਨੇ ਘਰ ਵਿੱਚ ਦਾਖਲ ਹੋ ਕੇ ਨੀਲ ਨੂੰ ਉਦੋਂ ਤੱਕ ਕੁੱਟਿਆ ਜਦੋਂ ਤੱਕ ਉਹ ਮਰ ਨਹੀਂ ਗਿਆ। ਇਹ ਬਲੌਗਰ ਇੱਕ ਗੈਰ ਸਰਕਾਰੀ ਸੰਸਥਾ ਵਿੱਚ ਕੰਮ ਕਰਦਾ ਸੀ ਤੇ ਫਲੈਟ ਵਿੱਚ ਆਪਣੇ ਪਰਿਵਾਰ ਸਣੇ ਰਹਿੰਦਾ ਸੀ।

(ਪੰਜਾਬੀ ਟ੍ਰਿਬਿਊਨ)

## ਜੋਤਿਸ਼ੀਆਂ ਤੇ ਤਾਂਤਰਿਕਾਂ ’ਤੇ ਕੱਸਿਆ ਸ਼ਿਕੰਜਾ

ਨਿਊਜ਼ੀਲੈਂਡ ਵਿੱਚ ਅਸਥਾਈ ਵੀਜ਼ੇ ਉੱਤੇ ਪਹੁੰਚ ਰਹੇ ਭਾਰਤੀ ਜੋਤਿਸ਼ੀਆਂ, ਪੰਡਿਤਾਂ, ਜਾਦੂ-ਟੂਣੇਹਾਰਾਂ ਨੇ ਇੱਥੇ ਦੇ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਅਖਬਾਰਾਂ ਤੇ ਟੀ.ਵੀ. ਚੈਨਲਾਂ ਉੱਤੇ ਆਪਣੀ ਮਸ਼ਹੂਰੀ ਤੇ ਸੰਪਰਕ ਵਾਲੇ ਇਸ਼ਤਿਹਾਰ ਦੇ ਕੇ ਇੰਡੀਅਨ, ਫਿਜੀਅਨ ਤੇ ਹੋਰ ਕਮਿਊਨਿਟੀਆਂ ਦੇ ਲੋਕਾਂ ਨੂੰ ਬੀਤੇ ਕਈ ਮਹੀਨਿਆਂ ਤੋਂ ਆਪਣਾ ਸ਼ਿਕਾਰ ਬਣਾਇਆ ਜਾ ਰਿਹਾ ਸੀ। ਇਸੇ ਕਾਰਨ ਨਿਊਜ਼ੀਲੈਂਡ ਦੇ ਇਮੀਗ੍ਰੇਸ਼ਨ ਵਿਭਾਗ ਨੇ ਆਕਲੈਂਡ ਤੇ ਵੈਲਿੰਗਟਨ ਵਿੱਚ ਏਦਾਂ ਦੇ 6 ਲੋਕਾਂ ਵਿਰੁੱਧ ਜਾਂਚ ਸ਼ੁਰੂ ਕਰ ਦਿੱਤੀ ਹੈ। ਲੋਕਾਂ ਨੇ ਇੱਥੇ ਦੇ ਇੱਕ ਰਾਸ਼ਟਰੀ ਟੀਵੀ ਚੈਨਲ-3 ਕੋਲ ਪਹੁੰਚ ਕੀਤੀ ਅਤੇ ਉਨ੍ਹਾਂ ਤਰੀਕੇ ਨਾਲ ਇਸ ਸਾਰੇ ਝੂਠ ਦੇ ਪੁਲੰਦੇ ਨੂੰ ਵੀਡੀਓ ਰਿਕਾਰਡਿੰਗ ਵਿੱਚ ਕੈਦ ਕਰ ਲਿਆ। (ਪੰਜਾਬੀ ਜਾਗਰਣ)



# ਲਫ਼ਜ਼ਾਂ ਦੀ ਲੋਅ



ਸੰਦੇਸ਼ ਭੇਜਣ ਲਈ: **94173-62085**

ਡੰਡੀ ਬੰਨੇ ਪਾਸਕੂ, ਛਾਬੇ ਦੇ ਵਿੱਚ ਝੋਲ,
ਨਿਆਂ ਦੀ ਤੱਕੜੀ ਤੋਲਦੀ ਕਿੱਥੇ ਪੂਰਾ ਤੋਲ।

ਗੁਰਚਰਨ ਨੂਰਪੁਰ 98550-51099

---

ਦੁਨੀਆਂ ਹੈ ਇੱਕ ਮੰਡੀ ਸਭ ਕੁਝ ਵਿਕਦਾ ਹੈ,
ਸੱਚ ਕਚਿਹਰੀ ਵਿਕਿਆ ਸਭ ਦਰਬਾਨ ਵਿਕੇ।

ਪਾਲੀ ਖਾਦਿਮ 99143-10063

---

ਪਤਝੜਾਂ ਨੂੰ ਸ਼ਾਖ ਨੰਗੀ ਕਹਿ ਰਹੀ ਸੀ ਇਹ,
ਜ਼ਿੰਦਗੀ ਦੀ ਅੱਖ 'ਚੋਂ ਆਸ ਕਦ ਮੁਕਦੀ ਹੈ।

ਗੁਰਮੀਤ ਖੋਖਰ 94630-24145

---

ਬਦਲ ਲਏ ਨੇ ਧਾੜਵੀਆਂ ਨੇ ਵੀ ਪੈਂਤੜੇ,
ਮੈਦਾਨ-ਏ-ਜੰਗ ਦੀ ਭੂਮਿਕਾ ਬਜਾਰ ਹੈ ਨਿਭਾ ਰਿਹਾ।

ਜੈ ਦੀਪ ਢੋਲੇਵਾਲ 98781-42232

---

ਤੂੰ ਵੀ ਦੀਵੇ ਵਾਂਗੂੰ ਬਲ ਕੇ ਨੇਰ੍ਹਾ ਦੂਰ ਕਰੀਂ,
ਕੁਝ ਚਾਨਣ ਕਰਕੇ ਜਾਵੀਂ ਦੁਨੀਆਂ ਯਾਦ ਕਰੇ।

ਪਰਮ ਪਰਮਿੰਦਰ 98146-21165

---

ਉਲੀਕੇਗਾ ਨਵੇਂ ਰਸਤੇ ਨਵੇਂ ਟਾਪੂ ਤਲਾਸ਼ੇਗਾ,
'ਚੋਂ ਰੱਖੇ ਪੈਰ ਵਿੱਚ ਚੱਕਰ ਤੇ ਸਿਰ ਅੰਦਰ ਸ਼ੁਦਾਅ ਰੱਖੇ।

ਹਰਬੰਸ ਮਾਛੀਵਾੜਾ

---

ਇਹ ਦੀਵੇ ਬੇਸ਼ੱਕ ਬੁੱਝ ਜਾਂਦੇ, ਮਗਰ ਜਿੰਦਾਦਿਲੀ ਕਾਇਮ ਰਹਿੰਦੀ।
ਹਵਾਵਾਂ ਨਾਲ ਟਕਰਾਉਣ ਦਾ ਜੇਕਰ ਕੀਤਾ ਹੌਸਲਾ ਹੁੰਦਾ।

ਅਨੂੰ ਬਾਲਾ

---

ਜੇ ਰਸਤਾ ਖੂਬਸੂਰਤ ਹੈ ਤਾਂ ਪਤਾ ਕਰੋ ਕਿ ਕਿਸ ਮੰਜ਼ਿਲ ਤੱਕ ਜਾਂਦਾ ਹੈ। ਜੇ ਮੰਜ਼ਿਲ ਖੂਬਸੂਰਤ ਹੈ ਤਾਂ ਰਸਤੇ ਦੀ ਪ੍ਰਵਾਹ ਕਰਨ ਦੀ ਜਰੂਰਤ ਨਹੀਂ। **ਟਾਲਸਟਾਏ**

ਹਰ ਜਿਉਂਦੀ ਸ਼ੈਅ ਦੀ ਆਪਣੀ ਬਹਾਰ ਤੇ ਆਪਣੀ ਹੀ ਪਤਝੜ ਹੁੰਦੀ ਹੈ, ਹਰ ਕਾਲੀ ਰਾਤ ਦੀ ਚਮਕਦੀ ਸਵੇਰ ਵੀ ਹੁੰਦੀ ਹੈ। ***ਚੰਗੇਜ ਆਇਮਾਤੋਵ***

ਮਨ ਦੇ ਰੋਗੀ ਚੇਲੇ ਤਾਈਂ ਕਹਿਣ ਸਿਆਣਾ ਲੋਕ ,
ਐਸੇ ਕਥਿਤ ਸਿਆਣੇ ਨੂੰ ਮੈਂ ਆਖਾਂ ਸਿਰ ਫਿਰਿਆ।

ਅਮਰਜੀਤ ਢਿੱਲੋਂ 94171-20427

---

ਅਸੀਂ ਗਮਲਿਆਂ ਵਿੱਚ ਹਾਂ ਉਗਾਉਂਦੇ ,
ਜੰਗਲ ਦੇ ਛਾਂਗਣ ਨੂੰ ਦਾਤਰ ਫੜੀ ਹੈ।

ਸੁਸ਼ੀਲ ਦੁਸਾਂਝ 97140-51039

---

ਜਿਨ੍ਹਾਂ ਦੇ ਹੱਥਾਂ ਤੇ ਅੱਟਣ, ਪੈਰੀਂ ਛਾਲੇ ਹੁੰਦੇ ਨੇ,
ਉਹ ਨ੍ਹੇਰੇ ਨੂੰ ਚਾਨਣ ਦੇ ਵਿਚ ਬਦਲਣ ਵਾਲੇ ਹੁੰਦੇ ਨੇ।

ਤੇਲ ਬਿਨਾਂ ਜੋ ਦੀਵੇ ਨੇ ਉਹ, ਕਿੱਥੋਂ ਚਾਨਣ ਦੇਵਣਗੇ ,
ਖੁਦ ਜੋ ਰੌਸ਼ਨ ਹੁੰਦੇ, ਉਹ ਲੋਅ ਵੰਡਣ ਵਾਲੇ ਹੁੰਦੇ ਨੇ।

ਅਮਰ ਸੂਫੀ 98555-43660

---

ਸ਼ੈਤਾਨਾਂ ਦਾ ਪਾਜ ਖੋਲ, ਤਰਕਵਾਦੀ ਸੱਚ ਬੋਲਦੇ,
ਤਰਕ ਦੀ ਸਾਣ ਤੇ, ਝੂਠ ਨੂੰ ਪੈਰਾਂ ਚ ਰੋਲਦੇ।

ਦਲਜੀਤ ਨੂਰਪੁਰ 94173-35265

---

ਮਿਲ ਨਾਲ ਸਿਆਸਤ ਧਰਮ ਨੇ, ਕਰ ਦਿੱਤਾ ਘੋਰ ਹਨੇਰ,
ਲੈ ਕੇ ਚਿਣਗ ਗਿਆਨ ਦੀ, ਆ ਕਰੀਏ ਸੁਰਖ ਸਵੇਰ।

ਸ਼ਿਵਰਾਜ ਖੁੰਡੇ ਹਲਾਲ 98151-38062

---

ਮੰਨਦਾ ਹਾਂ ਕਿ ਮੇਰੇ ਕੋਲ ਤੀਰ ਕਮਾਨ ਨਹੀਂ,
ਇਹ ਨਾ ਸਮਝ ਕਿ ਮੇਰੇ ਹੌਸਲਿਆਂ 'ਚ ਜਾਨ ਨਹੀਂ।

ਕੁਲਵਿੰਦਰ ਕੌਸਲ 94176-36255

---

ਧੁਖਦੇ ਨੇ ਲੋਕ ਮਚਦੇ ਨੇ ਘਰ, ਪੱਥਰ ਜਿਹੇ ਲੋਕ, ਕੱਚ ਦੇ ਨੇ ਘਰ,
ਕੰਧਾਂ ਦਿਲਾਂ ਵਿੱਚ ਬਣਾ ਲਈਆਂ, ਤਾਂਹੀਂ ਹੁਣ ਨਹੀਂ ਜਚਦੇ ਨੇ ਘਰ।

ਜਗਮੀਤ 99882-32197

ਆ! ਮੰਦਰੋਂ ਮਸੀਤੋਂ ਜ਼ਰਾ ਉੱਚੇ ਹੋਈਏ,
ਤੇ ਸਾਂਝੇ ਅਕਾਸ਼ ਹੇਠਾਂ ਰਲ ਕੇ ਖਲੋਈਏ।

ਦਰਸ਼ਨ ਸਿੰਘ ਅਵਾਰਾ



# ਊਰਟ ਬੱਦਲ - ਨਵੇਂ ਗ੍ਰਹਿਆਂ ਦਾ ਜਨਮ ਸਥਾਨ

ਡਾ. ਅਵਤਾਰ ਸਿੰਘ ਢੀਂਡਸਾ






ਸਾਥੀਓ, ਕਾਈਪਰ ਪੱਟੀ ਦੇ ਪਲੂਟੋ ਵਰਗੇ ਕੁੱਝ ਹੋਰ ਬੌਨੇ ਅਤੇ ਲਘੂ ਗ੍ਰਹਿ ਵੀ ਹਨ ਜਿਵੇਂ ਮਾਹਕੇ-ਮਾਹਕੇ, ਹਾਊਮੀਆ, ਚੈਰੋਨ, ਓਰਕਸ, ਕਆਓਰ, ਲ਼ੇਗਜੀਓਨ ਅਤੇ ਵਰੁਨਾ ਆਦਿ। ਇਹਨਾਂ ਤੋਂ ਇਲਾਵਾ ਇਸ ਪੱਟੀ ਵਿਚ ਲੱਖਾਂ ਹੋਰ ਬੌਨੇ ਅਤੇ ਲਘੂ ਗ੍ਰਹਿ ਹਨ ਜਿਹਨਾਂ ਦਾ ਪਿੱਛਾ ਤਾਰਾ ਵਿਗਿਆਨੀ ਕਰ ਰਹੇ ਹਨ। ਭਵਿੱਖ ਵਿਚ ਕੁੱਝ ਹੋਰਾਂ ਬਾਰੇ ਪਤਾ ਲੱਗਣ ਦੀ ਆਸ ਹੈ... ਪਰ ਸਾਡਾ ਚੁਸਤ ਚਲਾਕ ਜ਼ੋਤਿਸ਼ ਇਸ ਸੰਬੰਧੀ ਚੁੱਪ ਹੈ... ਧਰਮ ਵੀ ਚੁੱਪ ਹਨ ਕਿਉਂਕਿ ਇੱਕ ਪਾਸੇ ਤਾਂ ਧਰਮ ਅਣਦੇਖੇ ਰੱਬ ਨੂੰ ਮੰਨਦੇ ਹਨ ਦੂਜੇ ਪਾਸੇ ਧਰਮ ਇਹਨਾਂ ਨਜ਼ਰ ਆਉਣ ਵਾਲੇ ਪੁਲਾੜੀ ਪਿੰਡਾਂ ਬਾਰੇ ਚੁੱਪ ਹਨ। ਜੇਕਰ ਦਿੱਬ-ਦਰਿਸ਼ਟੀ ਸਚੁਮੱਚ ਹੁੰਦੀ, ਜਿਸਦੀ ਕਿ ਸਾਰੇ ਧਰਮ ਪ੍ਰੋੜਤਾ ਕਰਦੇ ਹਨ, ਫ਼ਿਰ ਇਹਨਾਂ ਸਾਰੇ ਬੌਨੇ ਅਤੇ ਲਘੂ ਗ੍ਰਹਿਆਂ ਬਾਰੇ ਧਰਮ ਗ੍ਰੰਥਾਂ ਵਿੱਚ ਕਿਉਂ ਨਹੀਂ ਲਿਖਿਆ ਹੋਇਆ? ਸਿੱਟਾ ਇਹ ਹੋਇਆ ਕਿ ਜਾਂ ਤਾਂ ਦਿੱਬ-ਦਰਿਸ਼ਟੀ ਨਹੀਂ ਹੁੰਦੀ ਜਾਂ ਫਿਰ ਰੱਬ ਨਹੀਂ ਹੈ? ਫ਼ੈਸਲਾ ਤੁਹਾਡੇ ਹੱਥ।




ਲਓ, ਜਰਾ ਪਿੱਛੇ ਨਜ਼ਰ ਘੁਮਾ ਕੇ ਵੇਖੋ .. ਸਾਡਾ ਸੂਰਜ ਇੱਕ ਨਿੱਕੜੇ ਤਾਰੇ ਵਰਗਾ ਹੀ ਨਜ਼ਰ ਆ ਰਿਹਾ ਹੈ ...ਅਤੇ ਸਾਡੇ ਜ਼ੋਤਿਸੀ ਭਰਾਵਾਂ ਨੇ ਤਾਂ ਸੱਚ ਹੀ ਨਹੀਂ ਮੰਨਣਾ ਕਿ ਸਾਡਾ ਸੂਰਜ ਦੇਵਤਾ ਇੰਨਾ ਛੋਟਾ ਵੀ ਹੋ ਸਕਦਾ ਹੈ। ਸਾਡੀ ਪ੍ਰਿਥਵੀ ਤਾਂ ਕਿਧਰੇ ਵੀ ਨਜ਼ਰ ਨਹੀਂ ਆ ਰਹੀ। ਸਾਥੀਓ, ਸੂਰਜ ਬਾਰੇ ਥੋੜੀ ਚਰਚਾ ਫਿਰ ਦੁਹਰਾ ਦੇਈਏ। ਚਿੱਤਰ ਤੋਂ ਸ਼ਪੱਸ਼ਟ ਹੈ ਕਿ ਸੂਰਜ ਸਾਡਾ ਸਭ ਤੋਂ ਨੇੜੇ ਦਾ ਤਾਰਾ ਹੈ। ਜਿਵੇਂ ਕਿ ਆਮ ਧਾਰਨਾ ਹੈ ਕਿ ਸੂਰਜ ਖੜਾ ਹੈ ਜਾਂ ਸਥਿਰ ਹੈ ਆਓ ਇਸਦਾ ਨਿਪਟਾਰਾ ਵੀ ਕਰ ਹੀ ਲਈਏ। ਦੋਸਤੋ, ਸਾਡਾ ਸੂਰਜ ਵੀ ਸਥਿਰ ਨਹੀਂ ਹੈ!!! ਸਗੋਂ ਇਹ ਸਾਰੇ ਗ੍ਰਹਿਆਂ ਨੂੰ ਨਾਲ ਲੈ ਕੇ ਆਪਣੀ ਆਕਾਸ਼ ਗੰਗਾ ਦੇ ਧੁਰੇ ਦੁਆਲੇ 1 ਸੈਕਿੰਡ ਵਿਚ 250 ਕਿਲੋਮੀਟਰ ਦਾ ਰਸਤਾ ਤਹਿ ਕਰਦਾ ਅੱਗੇ ਵਧ ਰਿਹਾ ਹੈ। ਸੋ ਇਹ ਧਾਰਨਾ ਗਲਤ ਹੈ ਕਿ ਸੂਰਜ ਸਥਿਰ ਹੈ। ਇੰਨੀ ਤੇਜ਼ ਗਤੀ ਦੇ ਹੁੰਦਿਆਂ ਵੀ ਸੂਰਜ ਨੂੰ ਅਕਾਸ਼ ਗੰਗਾ ਦਾ ਇੱਕ ਚੱਕਰ ਪੂਰਾ ਕਰਨ ਲਈ 25 ਕਰੋੜ ਸਾਲ ਲੱਗ ਜਾਂਦੇ ਹਨ !!! ਇਸਨੂੰ 'ਕਾਸਮਿਕ ਵਰ੍ਹਾ' ਕਿਹਾ ਜਾਂਦਾ ਹੈ ਅਤੇ ਆਪਣੇ ਜ਼ਨਮ ਤੋਂ ਲੈ ਕੇ ਹੁਣ ਤੱਕ ਸੂਰਜ ਸਿਰਫ਼ 17 ਚੱਕਰ ਹੀ ਪੂਰੇ ਕਰ ਸਕਿਆ ਹੈ ਅਤੇ ਇਸਦਾ 18ਵਾਂ ਚੱਕਰ ਚੱਲ ਰਿਹਾ ਹੈ।

ਚਲੋ ਛੱਡੋ ਪਿੱਛੇ ਮੁੜ ਕੇ ਕੀ ਵੇਖਣਾ... ਔਹ ਵੇਖੋ ਸੂਰਜ ਵੱਲ ਪਿੱਠ ਕਰਕੇ... ਕਾਈਪਰ ਪੱਟੀ ਤੋਂ ਬਾਹਰ ਵੱਲ ... ਬਹੁਤ ਹੀ ਸੰਘਣੀ ਧੁੰਦ ਦਾ ਗਿਲਾਫ਼ ... ਸ਼ੁਰੂ ਹੋ ਗਿਆ ਸਾਡਾ ਊਰਟ ਬੱਦਲ !



ਅੱਗੇ ਵਧਦੇ ਵਧਦੇ ਇਸ ਬਾਰੇ ਕੁੱਝ ਮੁਢਲੀ ਜਾਣਕਾਰੀ ਸਾਂਝੀ ਕਰ ਲਈਏ। ਸੰਨ 1932 ਵਿੱਚ 'ਐਸਟੋਨੀਆ' ਦੇਸ਼ ਦੇ ਤਾਰਾ ਵਿਗਿਆਨੀ 'ਅਰਨਸਟ ਜੇ. ਉਪਿਕ' ਨੇ ਛੋਟੇ ਬਰਫ਼ੀਲੇ ਪਿੰਡਾਂ ਦੀ ਹੋਂਦ ਬਾਰੇ ਪਰਿਕਲਪਨਾ ਕੀਤੀ ਸੀ ਪਰ ਬੋਦੀ ਤਾਰਿਆਂ ਦਾ ਅਧਿਐਨ ਕਰਦੇ ਹੋਏ 'ਨੀਦਰਲੈਂਡ' ਦੇ ਡੱਚ ਤਾਰਾ ਵਿਗਿਆਨੀ 'ਜਾਨ ਊਰਟ' ਨੇ ਸੰਨ 1950 ਵਿੱਚ ਸੁਝਾਅ ਦਿੱਤਾ ਕਿ ਇਹ ਬਹੁਤ ਹੀ ਵਿਸ਼ਾਲ ਅਤੇ ਦੂਰ ਗੋਲਾਕਾਰ ਬੱਦਲ ਵਿਚੋਂ ਆਉਂਦੇ ਹਨ ਜਿਸਨੇ ਕਿ ਸੂਰਜ ਮੰਡਲ ਨੂੰ ਚਾਰੇ ਪਾਸਿਓਂ ਘੇਰਿਆ ਹੋਇਆ ਹੈ ਜਾਂ ਇਓਂ ਕਹੋ ਕਿ ਸੂਰਜ ਮੰਡਲ ਨੂੰ ਚਾਰੇ ਪਾਸਿਓਂ

ਕੱਜਿਆ ਹੋਇਆ ਹੈ। ਇਹ ਬੱਦਲ "ਕਾਈਪਰ ਪੱਟੀ" ਤੋਂ ਵੀ ਬਾਹਰ ਹੈ। ਉਸਦੀ ਇਹ ਕਲਪਨਾ ਇਸ ਤੱਥ ਉਪਰ ਅਧਾਰਿਤ ਸੀ ਕਿ ਜੇਕਰ ਬੋਦੀ-ਤਾਰਾ ਸੂਰਜ ਦੁਆਲੇ ਗ੍ਰਹਿ-ਪੰਧ ਰਸਤੇ ਦੇ ਸਮਤਲ ਚੱਲ ਰਿਹਾ ਹੈ ਤਾਂ ਇਹ ਕਾਈਪਰ-ਪੱਟੀ ਪਿੰਡ ਹੈ। ਕਿਉਂਕਿ ਕਾਈਪਰ-ਪੱਟੀ ਵੀ ਸੂਰਜ ਦੁਆਲੇ ਗ੍ਰਹਿ-ਪੰਧ ਰਸਤੇ ਦੇ ਸਮਤਲ ਹੀ ਹੈ। ਪਰ ਜੇਕਰ ਕੋਈ ਬੋਦੀ-ਤਾਰਾ ਸੂਰਜ ਦੁਆਲੇ ਕਿਸੇ ਵੀ ਹੋਰ ਰਸਤੇ ਤੋਂ ਆਉਂਦਾ ਹੈ ਤਾਂ ਇਹ ਊਰਟ ਬੱਦਲ ਪਿੰਡ ਹੈ। ਕਿਉਂਕਿ ਊਰਟ-ਬੱਦਲ ਕਿਸੇ ਇੱਕ ਸਮਤਲ ਵਿੱਚ ਨਹੀਂ, ਸਗੋਂ ਸੂਰਜੀ ਪਰਿਵਾਰ ਦੇ ਆਲੇ-ਦੁਆਲੇ ਇੱਕ ਫੁੱਟਬਾਲ ਵਾਂਗ ਹੈ। ਇਹ ਪਤਾ ਲਗਾਉਣ ਦਾ ਇੱਕ ਹੋਰ ਤਰੀਕਾ ਵੀ ਹੈ ਕਿ ਕੋਈ ਬੋਦੀ ਤਾਰਾ ਕਾਈਪਰ ਪੱਟੀ ਵਿਚੋਂ ਆਇਆ ਹੈ ਜਾਂ ਊਰਟ ਬੱਦਲ ਵਿਚੋਂ... ਜੇਕਰ ਬੋਦੀ ਤਾਰੇ ਦਾ ਸੂਰਜ ਦੁਆਲੇ ਸਮਾਂ 200 ਸਾਲਾਂ ਤੋਂ ਵੱਧ ਹੈ ਤਾਂ ਇਹ ਊਰਟ ਬੱਦਲ ਵਿੱਚੋਂ ਆਇਆ ਹੈ ਜੇਕਰ ਇਹ ਸਮਾਂ 200 ਸਾਲਾਂ ਤੋਂ ਘੱਟ ਹੈ ਤਾਂ ਇਹ ਕਾਈਪਰ ਪੱਟੀ ਵਿੱਚੋਂ ਆਇਆ ਹੈ।

ਦੋਸਤੋ, ਤੁਸੀਂ ਜਾਣਦੇ ਹੀ ਹੋ ਕਿ ਪ੍ਰਿਥਵੀ ਸੂਰਜ ਤੋਂ 150 ਕਰੋੜ ਕਿਲੋਮੀਟਰ ਦੂਰ ਹੈ। ਇਸ ਨੂੰ 1 ਖਗੋਲੀ ਇਕਾਈ ਮੰਨਿਆ ਗਿਆ ਹੈ ਅਤੇ ਸਾਡੀ ਕਾਈਪਰ ਪੱਟੀ ਸੂਰਜ ਤੋਂ ਲਗਭਗ 5000 ਖਗੋਲੀ ਇਕਾਈਆਂ ਦੀ ਦੂਰੀ ਤੱਕ ਫੈਲੀ ਹੋਈ ਹੈ ਅਤੇ ਊਰਟ ਬੱਦਲ 5000 ਖਗੋਲੀ ਇਕਾਈਆਂ ਤੋਂ ਲੈ ਕੇ 100,000 ਖਗੋਲੀ ਇਕਾਈਆਂ ਤੱਕ ਫੈਲਿਆ ਹੋਇਆ ਹੈ ਭਾਵ ਕਿ ਇਹ ਕਾਈਪਰ ਪੱਟੀ ਤੋਂ ਅੱਗੇ 142 ਖਰਬ ਕਿਲੋਮੀਟਰ ਤੱਕ ਫੈਲਿਆ ਹੋਇਆ ਹੈ। ਸਾਡਾ ਕਲਪਨਾ ਰੂਪੀ ਪੁਲਾੜੀ ਜ਼ਹਾਜ਼ ਇੱਕ ਸੈਕਿੰਡ ਵਿਚ 12 ਕਿਲੋਮੀਟਰ ਤੈਅ ਕਰਦਾ ਹੈ। ਇਸ ਸਪੀਡ ਨਾਲ ਇਸ ਊਰਟ ਬੱਦਲ ਨੂੰ ਪਾਰ ਕਰਦਿਆਂ ਸਾਨੂੰ ਲਗਭਗ 35,000 ਸਾਲ ਲੱਗ ਜਾਣਗੇ।

ਸਾਥੀਓ, ਕਾਹਲੀ ਨਾ ਕਰਨਾ ... ਪਹਿਲਾਂ ਮੈਂ ਤੁਹਾਡੇ ਇਸ ਸਵਾਲ ਦਾ ਜਵਾਬ ਤਾਂ ਦੇ ਹੀ ਦੇਵਾਂ ਕਿ ਇਹ ਊਰਟ ਬੱਦਲ ਕਿਸ ਪਦਾਰਥ ਤੋਂ ਬਣਿਆ ਹੋਇਆ ਹੈ। ਹਾਂ ਧਿਆਨ ਦੇਣਾ, ਇਹ 0.1 ਤੋਂ 2 ਖ਼ਰਬ ਬਰਫ਼ੀਲੇ ਪਿੰਡਾਂ/ ਟੁਕੜਿਆਂ/ਕਣਾਂ ਤੋਂ ਬਣਿਆ ਹੋਇਆ ਹੈ। ਇਹ ਸਾਰੇ ਆਪਣੀ ਆਪਣੀ ਚਾਲ ਨਾਲ ਸੂਰਜ ਦੁਆਲੇ ਚੱਕਰ ਕੱਢ ਰਹੇ ਹਨ। ਇਕ ਅਧਿਐਨ ਦੇ ਅਨੁਸਾਰ ਕਈ ਵਾਰ ਸਾਡੀ ਗਲੈਕਸੀ (ਜਿਸਦੀ ਯਾਤਰਾ ਅਸੀਂ ਬਾਅਦ ਵਿੱਚ ਕਰਾਂਗੇ) ਵਿੱਚ ਖਲਬਲੀਆਂ ਕਾਰਨ ਜਾਂ ਫਿਰ ਸਾਡੇ ਸੂਰਜੀ ਪਰਿਵਾਰ ਦੇ ਇਸ 'ਊਰਟ ਬੱਦਲ' ਦੇ ਬਾਹਰਵਾਰ ਪਰ ਨੇੜੇ ਤੋਂ ਕੋਈ ਹੋਰ ਪੁਲਾੜੀ ਬੱਦਲ ਲੰਘੇ ਤਾਂ ਸਾਡੇ ਊਰਟ ਬੱਦਲ ਵਿੱਚ ਸਥਿੱਤ ਬਰਫੀਲੇ ਪਿੰਡ ਵੀ ਆਪਣੇ ਪੱਥ ਤੋਂ ਭਟਕ ਜਾਂਦੇ ਹਨ ਅਤੇ ਇਹ ਸੂਰਜ ਵੱਲ ਧੱਕੇ ਜਾਂਦੇ ਹਨ ਜਿਹਨਾਂ ਵਿਚੋਂ ਕੁੱਝ ਜਦੋਂ ਸੂਰਜ ਦੀ ਪਰਿਕਰਮਾ ਕਰਦੇ ਨੇੜੇ ਪਹੁੰਚ ਜਾਂਦੇ ਹਨ ਤਾਂ ਇਹ ਬੋਦੀ ਤਾਰੇ ਦਾ ਰੂਪ ਧਾਰਨ ਕਰ ਲੈਂਦੇ ਹਨ ਅਤੇ ਇਹ ਸੂਰਜ ਦਾ ਇੱਕ ਚੱਕਰ 200 ਸਾਲਾਂ ਤੋਂ ਲੈ ਕੇ ਹਜ਼ਾਰਾਂ ਸਾਲਾਂ ਵਿਚ ਪੂਰਾ ਕਰਦੇ ਹਨ।




ਸਾਥੀਓ, ਊਰਟ ਬੱਦਲ ਬਾਰੇ ਅਲੱਗ-ਅਲੱਗ ਵਿਚਾਰ ਧਾਰਨਾਵਾਂ ਹਨ। ਪਹਿਲੀ ਕਿ ਇਹ ਸੂਰਜ ਦੁਆਲੇ ਉਹ ਸਥਾਨ ਹੈ ਜਿਥੇ ਅੱਜ ਵੀ ਨਵੇਂ ਗ੍ਰਹਿ ਬਣ ਰਹੇ ਹਨ। ਸਾਡੀ ਪ੍ਰਿਥਵੀ ਅਤੇ ਸਾਰੇ ਗ੍ਰਹਿ ਬਣਨ ਤੋਂ ਪਹਿਲਾਂ ਸੂਰਜ ਦੇ ਇਰਦ-ਗਿਰਦ ਇਹ ਬੱਦਲ ਹੀ ਸੀ । ਫਿਰ ਇਸ ਬੱਦਲ ਦੇ ਕੁੱਝ ਹਿੱਸੇ ਆਪਣੀ ਹੀ ਗਰੂਤਾ ਖਿੱਚ ਕਾਰਨ ਇਕੱਠੇ ਹੋਣੇ ਸ਼ੁਰੂ ਹੋਏ ਅਤੇ ਇਹ ਅੱਜ ਦੇ ਗ੍ਰਹਿ ਬਣ ਗਏ । ਇਸੇ ਤਰ੍ਹਾਂ ਅੱਜ ਇਸ ਬੱਦਲ ਦੇ ਬਚੇ ਹੋਏ ਹਿੱਸੇ ਨੂੰ ਹੀ ਅਸੀਂ 'ਊਰਟ ਬੱਦਲ' ਦੇ ਰੂਪ ਵਿਚ ਵੇਖ ਰਹੇ ਹਾਂ। ਕਿਉਂਕਿ ਇਹ ਸੂਰਜ ਤੋਂ ਬਹੁਤ ਦੂਰ ਹੈ ਇਸ ਲਈ ਇਥੇ ਗਰਮੀ ਦਾ ਨਾਂ-ਨਿਸ਼ਾਨ ਵੀ ਨਹੀਂ ਹੈ। ਸੋ ਇਹ ਸਥਾਨ ਝੱਖ ਠੰਡੀ ਥਾਂ ਹੈ ਇਥੇ ਸਾਰੇ ਪੁਲਾੜੀ ਪਿੰਡ ਛੋਟੇ-ਛੋਟੇ ਹਨ ਜਾਂ ਇਓਂ ਕਹਿ ਲਵੋ ਕਿ ਇਹ ਹਾਲੇ ਗ੍ਰਹਿ ਬਣਨ ਦੀ ਪ੍ਰਕਿਰਿਆ ਵਿਚ ਹਨ। ਸਿੱਟੇ ਵਜੋਂ ਊਰਟ ਬੱਦਲ ਨਵੇਂ ਬਣ ਰਹੇ / ਜਨਮ ਲੈ ਰਹੇ ਪੁਲਾੜੀ ਪਿੰਡਾਂ ਦਾ ਜਨਮ ਸਥਾਨ ਹੈ। ਦੂਜੀ ਵਿਚਾਰਧਾਰਾ ਇਹ ਹੈ ਕਿ ਸੂਰਜ ਨੇ ਪੁਲਾੜ ਵਿੱਚ ਘੁੰਮਦੇ ਪੁਲਾੜੀ ਕਣਾਂ ਨੂੰ ਆਪਣੀ ਗਰੁਤਵ ਖਿੱਚ ਵਿੱਚ ਆਪਣੇ ਇਰਦ-ਗਿਰਦ ਜਕੜ ਲਿਆ। ਅਧਿਐਨ ਜਾਰੀ ਹਨ। ਵਿਗਿਆਨ ਕੋਈ ਕੋਰੀਆਂ ਕਲਪਨਾਵਾਂ ਦਾ ਖੇਲ ਨਹੀਂ ਸਗੋਂ ਇਹਨਾਂ ਕਲਪਨਾਵਾਂ/ਵਿਚਾਰਧਾਰਵਾਂ ਦੀ ਬਕਾਇਦਾ ਵਿਗਿਆਨਕ ਨਿਯਮਾਂ ਅਨੁਸਾਰ ਵਿਅਖਿਆ ਹੋ ਜਾਣ ਤੋਂ ਬਾਦ ਹੀ ਇੱਕ ਵਿਚਾਰਧਾਰਾ ਨੂੰ ਪੱਕਾ ਮੰਨ ਲਿਆ ਜਾਵੇਗਾ। ਹਾਂ, ਇਹ ਤੱਥ ਨਿਸ਼ਚਤ/ਪੱਕਾ ਹੈ ਕਿ ਇਸ ਵਿਚ ਉਹ ਕਣ/ਪਿੰਡ ਹੀ ਘੁੰਮ ਰਹੇ

ਹਨ ਜਿਹੜੇ ਕਿ ਸੂਰਜ ਮੰਡਲ ਬਣਨ ਸਮੇਂ ਭਾਵ 450 ਕਰੋੜ ਸਾਲ ਪਹਿਲਾਂ ਸਨ।

ਦੋਸਤੋ, ਪ੍ਰਸ਼ਨ ਉਠਦਾ ਹੈ ਕਿ ਇਹ ਬਰਫ਼ੀਲੇ ਪਿੰਡ ਸਦੀਵੀ ਅਜਿਹੇ ਹੀ ਰਹਿਣਗੇ? ਇਕ ਅਧਿਐਨ ਇਹ ਵੀ ਕਲਪਨਾ ਕਰਦਾ ਹੈ ਕਿ ਜਦੋਂ ਪੁਲਾੜੀ ਬੱਦਲ ਤੋਂ ਸੂਰਜ ਅਤੇ ਗ੍ਰਹਿ ਬਣ ਗਏ ਤਾਂ ਊਰਟ ਬੱਦਲ ਵਿੱਚ ਬਚਿਆ-ਖੁਚਿਆ ਮਲਬਾ ਹੀ ਰਹਿ ਗਿਆ। ਇਹ ਅੱਜ ਵੀ ਉਸੇ ਰੂਪ ਵਿੱਚ ਘੁੰਮ ਰਿਹਾ ਹੈ ਜਿਹੋ ਜਿਹਾ ਇਹ 450 ਕਰੋੜ ਸਾਲ ਪਹਿਲਾਂ ਸੀ। ਮਤਲਬ ਇਹ ਕਿ ਅਜੇ ਆਪਣੀ ਜਵਾਨੀ ਅਵਸਥਾ ਵਿੱਚ ਹੀ ਹਨ। ਜਿਵੇਂ "ਪੁਰਾਣਾਂ" ਵਿੱਚ ਇੱਕ ਮਿਥਿਹਾਸਕ ਪਾਤਰ ਹੈ "ਮਾਰਕੰਡਿਆ" ਜਿਸਨੂੰ ਹਮੇਸਾਂ ਜਵਾਨ ਰਹਿਣ ਦਾ "ਵਰ" ਮਿਲਿਆ ਹੋਇਆ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਜੀਵਤ ਚੀਜਾਂ ਲਈ ਜਰੂਰੀ ਮਾਦਾ ਭਾਵ ਅਣੂ, ਪ੍ਰਮਾਣੂ ਇਹ ਸਭ ਕੁੱਝ ਵੀ ਇਹਨਾਂ ਬਰਫ਼ੀਲੇ ਪਿੰਡਾਂ ਤੋਂ ਬਣੇ ਬੋਦੀ ਤਾਰੇ ਹੀ ਧਰਤੀ ਉੱਪਰ ਲੈ ਕੇ ਆਏ। ਅੱਜ ਵੀ ਸਾਡੀ ਧਰਤੀ ਉੱਪਰ ਛੋਟੇ-ਛੋਟੇ ਪੁਲਾੜੀ ਪਿੰਡਾਂ ਦੀ ਬੁਛਾੜ ਹੁੰਦੀ ਹੈ।

ਪਰ ਤੁਹਾਡਾ ਇਹ ਪ੍ਰਸ਼ਨ ਵਿਚਕਾਰ ਹੀ ਨਾ ਰਹਿ ਜਾਵੇ ਕਿ ਜੀਵਤ ਚੀਜਾਂ ਲਈ ਜਰੂਰੀ ਮਾਦਾ ਕਿਹੜਾ ਹੁੰਦਾ ਹੈ? ਇਸਨੂੰ ਪਹਿਲਾਂ ਧਿਆਨ ਗੋਚਰੇ ਕਰ ਲਈਏ ... ਜੀਵਨ ਲਈ ਇਹ ਜਰੂਰੀ ਮਾਦਾ ਹੈ -- ਕਾਰਬਨ, ਹਾਈਡ੍ਰੋਜਨ, ਨਾਈਟ੍ਰੋਜਨ ਅਤੇ ਇਹਨਾਂ ਤੋਂ ਬਣੇ ਯੋਗਿਕ ਅਤੇ ਪਾਣੀ। ਕਿਉਂਕਿ ਬੋਦੀ-ਤਾਰਿਆਂ ਵਿੱਚ 50% ਤੋਂ ਵੱਧ ਪੁੰਜ ਪਾਣੀ ਹੀ ਹੁੰਦਾ ਹੈ ਅਤੇ 10-20% ਕਾਰਬਨ ਦੇ ਯੋਗਿਕ ਜਿਵੇਂ ਮੀਥੇਨ।

"ਲੁਈਸ ਫਰੈਂਕ" ਅਤੇ "ਜੋਹਨ ਸਿਗਵਾਰਥ" ਨੇ ਧਰਤੀ 'ਚੋਂ ਨਿਕਲਦੀਆਂ ਅਦਿੱਖ ਕਿਰਨਾਂ ਦੀ ਫੋਟੋਗ੍ਰਾਫੀ ਕਰਨ ਲਈ ਪੁਲਾੜੀ ਯਾਨ "ਡਾਇਨੇਮਿਕਸ ਐਕਸਪਲੋਰਰ-1" ਵਿੱਚ ਪਰਾਵੈਂਗਣੀ ਕੈਮਰੇ ਲਗਾ ਦਿੱਤੇ। ਉਹਨਾਂ ਦਾ ਖਿਆਲ ਸੀ, ਧਰਤੀ ਦੇ ਧਰੁਵਾਂ ਉੱਪਰ "ਆਕਰਸ਼ਕ ਰੋਸ਼ਨੀਆਂ" (Aurora borealis) ਦਾ ਕਾਰਣ ਧਰਤੀ 'ਚੋਂ ਨਿਕਲਦੀਆਂ ਅਦਿੱਖ ਕਿਰਨਾਂ ਹੀ ਹਨ। ਪਰ ਖਿੱਚੀਆਂ ਗਈਆਂ ਤਸਵੀਰਾਂ ਵਿੱਚ ਕੁਝ ਕਾਲੇ ਧੱਬੇ ਹੁੰਦੇ ਸਨ। ਖੋਜ ਪੜਤਾਲ ਤੋਂ ਪਤਾ ਲੱਗਾ ਕਿ ਇਹ ਕਾਲੇ ਧੱਬੇ ਅਸਲ ਵਿੱਚ ਉਹ ਪੁਲਾੜੀ ਪਿੰਡ ਹਨ ਜੋ ਲਗਾਤਾਰ ਧਰਤੀ ਦੇ ਵਾਯੂਮੰਡਲ 'ਚ ਦਾਖਲ ਹੋ ਰਹੇ ਹਨ। ਇਹ ਪਰਾਵੈਂਗਣੀ ਕਿਰਨਾਂ ਨੂੰ ਸੋਖ ਲੈਂਦੇ ਹਨ।




ਸਾਥੀਓ, ਤੁਹਾਡੀ ਜਿਗਿਆਸਾ ਦਾ ਮੈਨੂੰ ਖਿਆਲ ਹੈ ... ਹੁਣ ਤੁਹਾਡਾ ਪ੍ਰਸ਼ਨ ਹੋਵੇਗਾ ਕਿ ਇਹ ਧਰਤੀ ਉੱਪਰ ਡਿੱਗ ਰਹੇ ਪੁਲਾੜੀ ਪਿੰਡ ਕੀ ਹਨ? ਇਹ ਅਮੋਨੀਆ, ਮੀਥੇਨ ਅਤੇ ਪਾਣੀ ਤੋਂ ਬਣੇ ਬਰਫੀਲੇ ਪਿੰਡ ਹਨ। ਇਹ ਪੁਲਾੜੀ ਪਿੰਡ ਹਰ ਮਿੰਟ ਵਿੱਚ 20 ਦੇ ਲਗਭਗ ਡਿੱਗ ਰਹੇ ਨੇ। ਸਵਾਲ ਉਠਦਾ ਹੈ ਕਿ ਇਹ ਧਰਤੀ ਉੱਪਰ ਕਿਉਂ ਨਹੀਂ ਪਹੁੰਚਦੇ ਅਤੇ ਇਹਨਾਂ ਤੋਂ ਖਤਰਾ ਵੀ ਹੋ ਸਕਦਾ ਹੈ। ਧਰਤੀ ਉੱਪਰ ਇਹ ਇਸ ਕਾਰਨ ਨਹੀਂ ਪਹੁੰਚਦੇ ਕਿਉਂਕਿ ਇਹ ਵਾਯੂਮੰਡਲ ਦੀਆਂ ਉਪਰਲੀਆਂ ਤੈਹਾਂ ਵਿੱਚ ਹੀ ਵਾਸ਼ਪ ਬਣ ਜਾਂਦੇ ਹਨ। ਇਸ ਲਈ ਇਹਨਾਂ ਤੋਂ ਕੋਈ ਖਤਰਾ ਨਹੀਂ ਹੈ। ਹਾਂ, ਕੁਝ ਖਤਰੇ ਪਹਿਲਾਂ ਵਾਪਰ ਚੁੱਕੇ ਹਨ। ਜਦੋਂ ਵੱਡੇ-ਵੱਡੇ ਉਲਕਾ ਪਿੰਡ ਧਰਤੀ ਉੱਪਰ ਡਿੱਗੇ, ਸਿੱਟੇ ਵਜੋਂ "ਡਾਇਨਾਸੋਰਸ" ਖਤਮ ਹੋ ਗਏ। ਪ੍ਰੰਤੂ ਦੁਧਾਰੂ ਪਸ਼ੂਆਂ ਦੀ




ਉਤਪਤੀ ਹੋਈ।

ਸਾਥੀਓ ,ਔਹ ਸਾਹਮਣੇ ਨਜ਼ਰ ਆਉਣ ਲੱਗ ਪਿਆ ਹੈ ਊਰਟ ਬੱਦਲ ਦਾ ਪਹਿਲਾ ਪੁਲਾੜੀ ਪਿੰਡ--- ਸੇਧਨਾ, ਜਿਸਨੂੰ 2003 ਵਿਚ ਲੱਭਿਆ ਗਿਆ ਸੀ ਅਤੇ ਇਸਨੂੰ ਕੈਟਾਲਾਗ ਨੰਬਰ 2003 VB12 ਦਿੱਤਾ ਗਿਆ ਸੀ ਅਤੇ ਬਾਅਦ ਵਿਚ ਸੇਧਨਾ ਨਾਮ ਦਿੱਤਾ ਗਿਆ। ਇਸਨੂੰ ਵੀ ਇੱਕ ਗ੍ਰਹਿ ਮੰਨਿਆ ਗਿਆ ਸੀ ਪ੍ਰੰਤੂ 2006 ਵਿਚ ਜਦੋਂ ਪਲੂਟੋ ਨੂੰ ਹੀ ਗ੍ਰਹਿਆਂ ਦੀ ਸੂਚੀ ਵਿਚੋਂ ਕੱਢ ਦਿੱਤਾ ਗਿਆ ਫਿਰ ਇਸ ਵਿਚਾਰੇ ਸੇਧਨਾ ਨੂੰ ਵੀ ਥੋੜੇ ਸਮੇਂ ਵਾਸਤੇ ਮਿਲੀ ਗ੍ਰਹਿ ਦੀ ਪਦਵੀ ਗੁਆਉਣੀ ਪਈ ਕਿਉਂਕਿ ਇਹ ਤਾਂ ਪਲੂਟੋ ਤੋਂ ਵੀ ਛੋਟਾ ਹੈ।

ਇਸਦਾ ਵਿਆਸ ਲਗਭਗ 1800 ਕਿਲੋਮੀਟਰ ਹੈ। ਹੁਣ ਇਹ ਸੂਰਜ ਤੋਂ 90 ਖਗੋਲੀ ਇਕਾਈਆਂ ਦੂਰੀ ਉਪਰ ਹੈ ... ਪਲੂਟੋ ਤੋਂ ਲੱਗਭੱਗ 3 ਗੁਣਾ ਦੂਰ। ਇਸਦਾ ਗ੍ਰਹਿ ਪਥ ਕਾਈਪਰ ਪੱਟੀ ਤੋਂ ਬਾਹਰਵਾਰ ਅਤੇ ਊਰਟ ਬੱਦਲ ਦੇ ਕਿਨਾਰੇ ਦੇ ਅੰਦਰ ਤੱਕ ਫ਼ੈਲਿਆ ਹੋਇਆ ਹੈ। ਇਹ ਸੂਰਜ ਦੇ ਦੁਆਲੇ ਇੱਕ ਚੱਕਰ 10,500 ਸਾਲਾਂ ਵਿਚ ਪੂਰਾ ਕਰਦਾ ਹੈ। ਸਾਥੀਓ ਆਓ ਜਰਾ ਸੇਧਨਾ ਉਪਰ ਉਤਰੀਏ ... ਇਹ ਠੋਸ ਅਤੇ ਬਰਫ਼ੀਲਾ ਹੈ । ਇਥੇ ਤਾਪਮਾਨ ਜੀਰੋ ਦਰਜ਼ੇ ਸੈਂਟੀਗ੍ਰੇਡ ਤੋਂ 400 ਦਰਜ਼ੇ ਹੇਠਾਂ (−400 $^0$C) ਹੈ। ਅਸੀਂ ਇਸ ਉਪਰ ਤੁਰ ਫ਼ਿਰ ਸਕਦੇ ਹਾਂ । ਸੇਧਨਾ ਉਪਰ ਖੜੋ ਕੇ ਜਰਾ ਕੁ ਸੂਰਜ ਵੱਲ ਵੇਖੋ ... ਇਹ ਸਿਰਫ਼ ਇਕ ਪੇਪਰ ਪਿੰਨ ਦੀ ਟੋਪੀ ਦੇ ਆਕਾਰ ਦਾ ਹੀ ਨਜ਼ਰ ਆਉਂਦਾ ਹੈ ਅਤੇ ਸੇਧਨਾ ਉਪਰ ਸੂਰਜ ਦਾ ਪ੍ਰਕਾਸ਼ ਬਹੁਤ ਮੱਧਮ ਹੈ।

ਦੋਸਤੋ, ਸੰਨ 1996 ਵਿੱਚ 'ਹਾਇਆਕੁਤੇਕ (Hyakutake) ਨਾਮ ਦਾ ਇੱਕ ਬੋਦੀ−ਤਾਰਾ ਆਪਣੀ ਪ੍ਰਿਥਵੀ ਤੋਂ 15 ਕਰੋੜ ਕਿਲੋਮੀਟਰ ਦੀ ਦੂਰੀ ਤੋਂ ਮਈ−ਜੂਨ ਮਹੀਨਿਆਂ ਦੌਰਾਨ ਲੰਘਿਆ ਸੀ ਇਸਨੂੰ ਜਪਾਨ ਦੇ 'ਯੂਜੀ ਹਾਇਆਕੁਤੇਕ' ਨੇ ਜਨਵਰੀ 1996 ਵਿਚ ਲੱਭਿਆ ਸੀ। ਇਸਦੇ ਅਧਿਐਨ ਤੋਂ ਪਤਾ ਲਗਾਇਆ ਕਿ 'ਊਰਟ ਬੱਦਲ' ਤੋਂ ਚੱਲਿਆਂ ਇਸਨੂੰ 17,000 ਸਾਲ ਹੋ ਗਏ ਹਨ ਭਾਵ ਇਸ ਬੋਦੀ−ਤਾਰਾ ਹੁਣ 34,000 ਸਾਲਾਂ ਬਾਅਦ ਨਜ਼ਰ ਪਵੇਗਾ।

ਸਾਥੀਓ, ਇਹ ਸੀ ਆਪਣੇ ਸੂਰਜ ਮੰਡਲ ਦੀ ਸੈਰ... ਸੂਰਜ ਮੰਡਲ ਦੀ ਹੱਦ ਖਤਮ ਹੋ ਗਈ। ਹੁਣ ਸਾਡੀ ਇਹ ਵੇਖਣ ਦੀ ਤਿਆਰੀ ਹੈ ਕਿ ਸੂਰਜ ਮੰਡਲ ਤੋਂ ਅੱਗੇ ਕੀ ਹੈ?..... ਕਿਹੋ ਜਿਹਾ ਹੈ? ਇਹ ਸਭ ਜਾਨਣ ਲਈ ਸਾਡੇ ਨਾਲ ਬ੍ਰਹਿਮੰਡ ਦੀ ਸੈਰ ਜਾਰੀ ਰੱਖਣਾ।(ਚਲਦਾ) 94634−89789

## ਇਕਾਈ ਸਹਾਇਤਾ

**ਇਕਾਈ ਸੰਗਰੂਰ** : ਸੁਰਜੀਤ ਸਿੰਘ ਭੱਠਲ (ਮੀਡੀਆ ਮੁਖੀ ਸਥਾਨਕ ਇਕਾਈ) ਨੇ ਹੈਡ ਮਾਸਟਰ ਬਨਣ ਤੇ 1100 **ਰੁਪਏ**

ਸ੍ਰੀ ਵਰਿੰਦਰ ਕੁਮਾਰ (ਮੈਂਬਰ ਇਕਾਈ) ਮੈਨੇਜਰ ਕੋ−ਆਪ੍ਰੇਟਿਵ ਬੈਂਕ ਸੰਗਰੂਰ ਨੇ ਸੇਵਾ ਨਿਵਰਤੀ ਸਮਾਗਮ ਮੌਕੇ 1000 **ਰੁਪਏ**

ਇੰਜਨੀਅਰ ਦੇਵਿੰਦਰ ਸਿੰਘ (ਮੈਂਬਰ ਸੰਗਰੂਰ ਇਕਾਈ) ਨੇ ਆਪਣੇ ਪਿਤਾ ਦੀ ਯਾਦ ਵਿੱਚ 500 **ਰੁਪਏ**

**ਇਕਾਈ ਬਠਿੰਡਾ** : ਰਾਜਮਹਿੰਦਰ ਸਿੰਘ ਕੋਟ ਭਾਰਾ, ਜ਼ਿਲ੍ਹਾ ਆਗੂ ਭਾਰਤੀ ਕਿਸਾਨ ਯੂਨੀਅਨ ਡਕੌਂਦਾ − 500/-**ਰੁਪਏ**

**ਇਕਾਈ ਲੁਧਿਆਣਾ** : ਕਾਮਰੇਡ ਦਰਸ਼ਨ ਸਿੰਘ ਸੁਨੇਤ− 500/- **ਰੁਪਏ**

## ਵੈਨ-ਸਹਾਇਤਾ

| | |
|---|---|
| ਇਕਾਈ ਗੁਰਦਾਸਪੁਰ | 3700 ਰੁਪਏ |
| ਇਕਾਈ ਘਨੌਰ | 2000 ਰੁਪਏ |
| ਸਮੂਹ ਸਟਾਫ ਸ.ਸ.ਸ.ਸ. (ਲੜਕੇ) ਮੰਡੀ ਗੋਬਿੰਦਗੜ੍ਹ | 1100 ਰੁਪਏ |
| ਸ਼ਹੀਦ ਕਰਤਾਰ ਸਿੰਘ ਸਰਾਭਾ ਸਮਾਜ ਭਲਾਈ ਕਲੱਬ, ਮਹਿਲ ਕਲਾਂ ਸੋਢੇ (ਬਰਨਾਲਾ) | 1000 ਰੁਪਏ |
| ਪੂਰਨ ਸਿੰਘ ਪਟਿਆਲਾ | 1000 ਰੁਪਏ |
| ਸਮੂਹ ਸਟਾਫ, ਸ.ਸ.ਸ.ਸ. ਲੋਪੋ (ਮੋਗਾ) | 700 ਰੁਪਏ |
| ਪਰਮਜੀਤ ਸਿੰਘ, ਦਲੇਲ ਸਿੰਘ, ਘਣਸ਼ਾਮ ਜੋਸ਼ੀ, ਲਾਭ ਸਿੰਘ, ਜਗਨ (ਪਟਿਆਲਾ) | 650 ਰੁਪਏ |
| ਇਕਾਈ ਮਾਨਸਾ | 600 ਰੁਪਏ |
| ਪ੍ਰਿੰਸੀਪਲ ਸ.ਸ.ਸ.ਸ. ਮੂੰਮ (ਬਰਨਾਲਾ) | 500 ਰੁਪਏ |
| ਸਮੂਹ ਸਟਾਫ, ਸ.ਹ.ਸ. ਰੁੜਕਾਂ (ਲੁਧਿਆਣਾ) | 500 ਰੁਪਏ |
| ਕੁਲਦੀਪ ਸਿੰਘ, ਮੈਥ ਮਾਸਟਰ, ਸ.ਸ.ਸ.ਸ. ਸਾਰੋਂ (ਸੰਗਰੂਰ) | 500 ਰੁਪਏ |
| ਨੌਜਵਾਨ ਭਾਰਤ ਸਭਾ, ਉਪਲੀ (ਸੰਗਰੂਰ) | 500 ਰੁਪਏ |
| ਪੈਪਸੀਕੋ ਵਰਕਰ ਯੂਨੀਅਨ, ਚੰਨੋ (ਪਟਿਆਲਾ) | 500 ਰੁਪਏ |
| ਰਾਜ ਕੁਮਾਰ, ਸਮਾਣਾ | 500 ਰੁਪਏ |
| ਭਰਪੂਰ ਸਿੰਘ ਪਟਿਆਲਾ | 500 ਰੁਪਏ |
| ਡਾ. ਏ.ਕੇ. ਸ਼ਰਮਾਂ, ਪਟਿਆਲਾ | 500 ਰੁਪਏ |
| ਇਕਾਈ ਜੀਰਾ | 500 ਰੁਪਏ |
| ਇਕਾਈ ਸੰਗਰੂਰ | 500 ਰੁਪਏ |
| ਇਕਾਈ ਰੋਪੜ | 500 ਰੁਪਏ |
| ਸਮੂਹ ਸਟਾਫ, ਸ.ਹ.ਸ. ਮੀਨੀਆ | 300 ਰੁਪਏ |
| ਸਮੂਹ ਸਟਾਫ, ਸ.ਸ.ਸ.ਸ. ਕੁਲਬੁਰਛਾਂ (ਪਟਿਆਲਾ) | 300 ਰੁ: |
| ਪ੍ਰਿੰਸੀਪਲ ਸ.ਸ.ਸ.ਸ. ਗੱਜੂਮਾਜਰਾ (ਪਟਿਆਲਾ) | 200 ਰੁਪਏ |
| ਸਮੂਹ ਸਟਾਫ, ਸ.ਸ.ਸ.ਸ. (ਲੜਕੇ) ਨਾਭਾ | 200 ਰੁਪਏ |
| ਹਰਦੀਪ ਸਿੰਘ, ਕੋਠੇ ਈਸਰ ਸਿੰਘ ਵਾਲਾ | 200 ਰੁਪਏ |

**ਸ਼ੋਕ ਮਤਾ :** ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਨਾਸਤਿਕ ਕੇਂਦਰ ਵਿਜੈਵਾੜਾ ਦੇ ਬਾਨੀ ਜੀ. ਲਵਨਮ, ਪ੍ਰਸਿੱਧ ਪੱਤਰਕਾਰ ਪ੍ਰਫੁੱਲ ਬਿਦਵਈ, ਕਮਿਊਨਿਸਟ ਆਗੂ, ਨਵਾਂ ਜਮਾਨਾ ਦੇ ਸੰਪਾਦਕ ਜਗਜੀਤ ਸਿੰਘ ਆਨੰਦ ਅਤੇ ਮਾ: ਗਿਆਨ ਸਿੰਘ ਮਲਸੀਆਂ ਸ਼ਾਹਕੋਟ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।

# ਮਨੋਰੋਗ ਮਾਹਿਰ ਦੀ ਕਲਮ ਤੋਂ

ਡਾ: ਬਲਵੰਤ ਸਿੰਘ ਸਿੱਧੂ



ਸੁਆਲ:- ਆਮ ਲੋਕਾਂ ਨੂੰ ਦੁਆਈਆਂ ਵਰਤਣ ਦੇ ਤਰੀਕੇ ਬਾਰੇ ਬਹੁਤੀ ਜਾਣਕਾਰੀ ਨਹੀਂ ਹੁੰਦੀ। ਕਿਰਪਾ ਕਰਕੇ ਇਸ ਵਿਸ਼ੇ ਬਾਰੇ ਚਾਨਣਾ ਪਾਓ ?

**ਜੁਆਬ:**- ਤੁਸੀਂ ਇਕ ਅਜੇਹੇ ਵਿਸ਼ੇ ਬਾਰੇ ਸੁਆਲ ਪੁਛਿਆ ਹੈ ਜਿਸਦਾ ਸੰਬੰਧ ਸਾਡੇ ਸਾਰਿਆਂ ਨਾਲ ਹੈ। ਸਾਨੂੰ ਸਾਰਿਆਂ ਨੂੰ ਕਦੇ ਨਾ ਕਦੇ ਕਿਸੇ ਕਾਰਣ ਕਰਕੇ ਦੁਆਈ ਦਾ ਇਸਤੇਮਾਲ ਕਰਨਾ ਪੈਂਦਾ ਹੈ। ਜ਼ਿਆਦਾਤਰ ਦੁਆਈ ਲੈਣ ਦੇ ਤਰੀਕੇ ਨੂੰ ਚੰਗੀ ਤਰ੍ਹਾਂ ਸਮਝਾਇਆ ਨਹੀਂ ਜਾਂਦਾ ਜਾਂ ਏਨੀ ਕਾਹਲੀ ਕਾਹਲੀ ਨਾਲ ਦੱਸਿਆ ਜਾਂਦਾ ਹੈ ਕਿ ਆਮ ਵਿਅਕਤੀ ਨੂੰ ਸਮਝ ਹੀ ਨਹੀਂ ਲਗਦੀ। ਦੁਆਈ ਲੈਣ ਦੇ ਤਰੀਕੇ ਨੂੰ ਸਮਝਾਉਣ ਦੀ ਜ਼ਿੰਮੇਵਾਰੀ ਦੁਆਈ ਲਿਖਣ ਵਾਲੇ ਡਾਕਟਰ ਜਾਂ ਉਸ ਦੇ ਸਹਾਇਕ ਵਿਅਕਤੀ ਦੀ, ਅਤੇ ਦੁਆਈ ਮੁਹੱਈਆ ਕਰਾਉਣ ਵਾਲੇ ਸ਼ਖਸ (ਕੈਮਿਸਟ ਜਾਂ ਫਾਰਮਾਸਿਸਟ) ਦੀ ਹੁੰਦੀ ਹੈ। ਪੜ੍ਹੇ ਲਿਖੇ ਵਿਅਕਤੀ ਕਿਸੇ ਵੀ ਡਾਕਟਰ ਦੀਆਂ ਲਿਖਤੀ ਹਦਾਇਤਾਂ ਪੜ੍ਹ ਅਤੇ ਸਮਝ ਸਕਦੇ ਹਨ। ਪਰ ਅਸਲੀਅਤ ਇਹ ਹੈ ਕਿ ਜ਼ਿਆਦਾਤਰ ਡਾਕਟਰ ਬਹੁਤ ਹੀ ਖਰਾਬ ਤਰੀਕੇ ਨਾਲ ਦੁਆਈਆਂ ਦੇ ਨਾਮ ਅਤੇ ਉਨ੍ਹਾਂ ਦੇ ਵਰਤਣ ਦੇ ਤਰੀਕੇ ਬਾਰੇ ਲਿਖਦੇ ਹਨ ਕਿ ਨੇੜੇ ਤੇੜੇ ਦੇ ਕੈਮਿਸਟਾਂ ਜਾਂ ਫਾਰਮਾਸਿਸਟਾਂ ਤੋਂ ਬਿਨਾਂ ਕੋਈ ਵੀ ਉਸ ਲਿਖਾਈ ਨੂੰ ਪੜ੍ਹ ਨਹੀਂ ਸਕਦਾ। ਬੇਸ਼ਕ ਡਾਕਟਰਾਂ ਨੂੰ ਨਿਯੰਤਰਿਤ ਕਰਨ ਵਾਲੀ ਮੈਡੀਕਲ ਕੌਂਸਿਲ ਆਫ ਇੰਡੀਆ (Medical Council of India) ਨੇ ਇਸ ਗੱਲ ਤੇ ਜੋਰ ਦਿਤਾ ਹੈ ਕਿ ਕਿਸੇ ਵੀ ਦੁਆਈ ਲਿਖਣ ਵਾਲੇ ਸ਼ਖਸ ਨੂੰ ਹਮੇਸ਼ਾ ਬਹੁਤ ਸਾਫ ਅਤੇ ਸਪੱਸ਼ਟ ਸ਼ਬਦਾਂ ਵਿੱਚ ਲਿਖਣਾ ਚਾਹੀਦਾ ਹੈ ਜੋ ਕਿ ਕਿਸੇ ਵੀ ਪੜ੍ਹੇ ਲਿਖੇ ਵਿਅਕਤੀ ਨੂੰ ਸਮਝ ਆਉਣਾ ਚਾਹੀਦਾ ਹੈ। ਪਰ ਅਸਲ ਵਿੱਚ ਇਸ ਤਰ੍ਹਾਂ ਨਹੀਂ ਹੁੰਦਾ। ਆਓ ਆਪਾਂ ਇਸ ਵਿਸ਼ੇ ਬਾਰੇ ਵਿਚਾਰੀਏ।

**ਮਨੋਰੋਗਾਂ ਸੰਬੰਧੀ ਦੁਆਈਆਂ:**- ਬੇਸ਼ਕ ਇਸ ਸ਼੍ਰੇਣੀ ਵਿੱਚ ਬਹੁਤ ਸਾਰੀਆਂ ਦੁਆਈਆਂ ਆਉਂਦੀਆਂ ਹਨ ਪਰ ਇਹਨਾਂ ਬਾਰੇ ਕੁਝ ਤੱਥ ਸਾਂਝੇ ਹਨ; ਜਿਵੇਂ ਕਿ ਜ਼ਿਆਦਾਤਰ ਇਹ ਦੁਆਈਆਂ ਥੋੜੀ ਮਾਤਰਾ ਤੋਂ ਸ਼ੁਰੂ ਕੀਤੀਆਂ ਜਾਂਦੀਆਂ ਹਨ ਅਤੇ ਹੌਲੀ-ਹੌਲੀ ਇਹਨਾਂ ਦਾ ਅਸਰ ਅਤੇ ਸਾਈਡ ਇਫੈਕਟ ਧਿਆਨ ਵਿੱਚ ਰੱਖ ਕੇ ਇਹਨਾਂ ਦੀ ਮਾਤਰਾ ਵਧਾਈ ਜਾਂਦੀ ਹੈ, ਅਤੇ ਜ਼ਿਆਦਾਤਰ ਇਹਨਾਂ ਦੁਆਈਆਂ ਦਾ ਅਸਰ ਕੁਝ ਦਿਨਾਂ ਬਾਅਦ ਹੀ ਆਉਂਦਾ ਹੈ ਇਸ ਲਈ ਇਹ ਦੁਆਈਆਂ ਸ਼ੁਰੂ ਕਰਨ ਤੋਂ ਬਾਅਦ ਧੀਰਜ ਰੱਖਣਾ ਚਾਹੀਦਾ ਹੈ, ਕੋਈ ਕਾਹਲੀ ਨਹੀਂ ਕਰਨੀ ਚਾਹੀਦੀ। ਇਹ ਦੁਆਈਆਂ ਮੂੰਹ ਸੁੱਕਾ ਕਰ ਸਕਦੀਆਂ ਹਨ, ਕਬਜ਼ ਕਰ ਸਕਦੀਆਂ ਹਨ, ਸੁਸਤੀ ਪਾ ਸਕਦੀਆਂ ਹਨ ਆਦਿ। ਇਹਨਾਂ ਲੱਛਣਾਂ ਕਰਕੇ ਇਹ ਦੁਆਈਆਂ ਇੱਕ ਦਮ ਬੰਦ ਨਹੀ ਕਰ ਦੇਣੀਆਂ ਚਾਹੀਦੀਆਂ ਬਲਕਿ ਅਗਲੀ ਵਾਰ ਸੰਬੰਧਿਤ ਡਾਕਟਰ ਨੂੰ ਦਸਣਾ ਚਾਹੀਦਾ ਹੈ ਜਾਂ ਆਪਣੇ ਆਪ ਥੋੜੀ ਬਹੁਤ ਮਾਤਰਾ ਘੱਟ ਕੀਤੀ ਜਾ ਸਕਦੀ ਹੈ ਅਤੇ ਆਪਣੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਮਨੋਰੋਗ ਸੰਬੰਧੀ ਦੁਆਈਆਂ ਖਾਣਾ ਖਾ ਕੇ ਹੀ ਲੈਣੀਆਂ ਚਾਹੀਦੀਆਂ ਹਨ ਖਾਲੀ ਪੇਟ ਨਹੀਂ। ਬੇਸ਼ਕ ਕਈ ਘਬਰਾਹਟ ਹਟਾਉਣ ਵਾਲੀਆਂ ਦੁਆਈਆਂ ਡਾਕਟਰ ਦੀ ਸਲਾਹ ਨਾਲ ਬਿਨਾਂ ਖਾਣਾ ਖਾਧੇ ਵੀ ਲਈਆਂ ਜਾ ਸਕਦੀਆਂ ਹਨ। ਕੁਝ ਘਬਰਾਹਟ ਹਟਾਉਣ ਵਾਲੀਆਂ ਦੁਆਈਆਂ ਜੀਭ ਥੱਲੇ ਜਾਂ ਵੈਸੇ ਹੀ ਮੂੰਹ ਵਿੱਚ ਰੱਖੀਆਂ ਜਾ ਸਕਦੀਆਂ ਹਨ ਅਤੇ ਇਹ ਮੂੰਹ ਵਿੱਚ ਘੁਲ ਕੇ ਜ਼ਜ਼ਬ ਹੋ ਜਾਂਦੀਆਂ ਹਨ। ਬੇਸ਼ਕ ਡਾਕਟਰ ਕਈ ਦਵਾਈਆਂ ਲਿਖ ਦਿੰਦੇ ਹਨ ਪਰ ਮਰੀਜ਼ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿਹੜੀ ਦੁਆਈ ਕਿਸ ਚੀਜ਼ ਲਈ ਹੈ। ਜਿਵੇਂ ਕਿ ਉਦਾਸੀ ਰੋਗ ਲਈ ਦੁਆਈ ਦੇ ਨਾਲ-ਨਾਲ ਕਬਜ਼ ਦੀ ਦੁਆਈ ਵੀ ਲਿਖੀ ਹੋ ਸਕਦੀ ਹੈ, ਪਰ ਮਰੀਜ਼ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਬਜ਼ ਲਈ ਕਿਹੜੀ ਦੁਆਈ ਹੈ-ਕਿਉਂਕਿ ਜੇਕਰ ਦੁਆਈ ਨਾਲ ਟੱਟੀਆਂ ਲੱਗ ਜਾਣ ਤਾਂ ਮਰੀਜ਼ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿਹੜੀ ਦੁਆਈ ਆਪਣੇ-ਆਪ ਬੰਦ ਕਰਨੀ ਹੈ ਆਦਿ। ਕਈ ਵਾਰ ਡਾਕਟਰ ਕਬਜ਼ ਦੀ ਦੁਆਈ ਦੀ ਬਜਾਏ ਕੋਈ ਹੋਰ ਚੀਜ਼ ਜਿਵੇਂ ਕਿ 'ਇਸਬਗੋਲ ਦਾ ਬੁਰਾਦਾ' ਆਦਿ ਵੀ ਲਿਖ ਸਕਦੇ ਹਨ ਤਾਂ ਉਸ ਨੂੰ ਵਰਤਣ ਦੀ ਵਿਧੀ ਦੀ ਵੀ ਜਾਣਕਾਰੀ ਹੋਣੀ ਚਾਹੀਦੀ ਹੈ। ਜਿਵੇਂ ਕਿ 'ਇਸਬਗੋਲ ਦਾ ਬੁਰਾਦਾ' ਪਾਣੀ ਵਿੱਚ ਘੋਲ ਕੇ ਪੀਣਾ ਚਾਹੀਦਾ ਹੈ ਅਤੇ ਜੇ ਹੋ ਸਕੇ ਤਾਂ ਇਸ ਨਾਲ ਆਮ ਨਾਲੋਂ ਜ਼ਿਆਦਾ ਪਾਣੀ ਪੀਣਾ ਚਾਹੀਦਾ ਹੈ। ਕਿਉਂਕਿ ਜ਼ਿਆਦਾਤਰ ਮਨੋਰੋਗਾਂ ਵਿੱਚ ਨੀਂਦ ਘੱਟ ਆਉਂਦੀ ਹੈ ਇਸ ਲਈ ਡਾਕਟਰ ਆਮ ਤੌਰ ਤੇ ਰਾਤ ਨੂੰ ਲੈਣ ਵਾਲੀ ਦੁਆਈ ਜ਼ਿਆਦਾ ਲਿਖਦੇ ਹਨ। ਮਰੀਜ਼ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਉਹ ਰਾਤ ਦੀ ਦਵਾਈ ਸੌਣ ਤੋਂ ਤਕਰੀਬਨ ਇੱਕ ਘੰਟਾ ਪਹਿਲਾਂ ਨਿਯਮਤ ਤੌਰ ਤੇ ਲੈ ਲਵੇ ਅਤੇ ਫੇਰ ਸਮੇਂ ਸਿਰ ਸੌਣ ਲਈ ਲੇਟ ਜਾਵੇ। ਕਈ ਲੋਕ ਦੁਆਈ ਬਹੁਤ ਲੇਟ ਖਾਂਦੇ ਹਨ ਤਾਂ ਕਿ ਰਾਤ ਨੂੰ ਟੀਵੀ ਆਦਿ ਦੇਰ ਰਾਤ ਤੱਕ

ਦੇਖ ਸਕਣ, ਜਾਂ ਕੰਪਿਊਟਰ ਜਾਂ ਕਿਸੇ ਫੋਨ ਆਦਿ ਰਾਹੀਂ ਇੰਟਰਨੈਟ ਤੇ ਲੱਗੇ ਰਹਿ ਸਕਣ। ਇਹ ਆਦਤ ਸ਼ਰਾਸਰ ਗਲਤ ਹੈ। ਕਿਉਂਕਿ ਇਸ ਨਾਲ ਦੇਰ ਨਾਲ ਖਾਧੀ ਦੁਆਈ ਦਾ ਅਸਰ ਸਵੇਰੇ ਵੀ ਸੁਸਤੀ ਪਾਉਂਦਾ ਹੈ ਅਤੇ ਅਗਲੇ ਦਿਨ ਤਬੀਅਤ ਠੀਕ ਨਹੀਂ ਰਹਿੰਦੀ। ਮਰੀਜ਼ ਨੂੰ ਰਾਤ ਦੀ ਦੁਆਈ ਨਿਯਮਤ ਤੌਰ ਤੇ ਨਿਰਧਾਰਤ ਸਮੇਂ ਤੇ ਲੈਕੇ ਸੌਂ ਜਾਣਾ ਚਾਹੀਦਾ ਹੈ। ਇਸ ਨਾਲ ਅਗਲੇ ਦਿਨ ਸਵੇਰੇ ਉੱਠਣ ਵਿੱਚ ਕੋਈ ਪਰੇਸ਼ਾਨੀ ਨਹੀਂ ਹੁੰਦੀ ਅਤੇ ਤਬੀਅਤ ਵੀ ਠੀਕ ਰਹਿੰਦੀ ਹੈ। ਬੇਸ਼ਕ ਕਿਸੇ ਗੰਭੀਰ ਮਨੋਰੋਗ ਦੇ ਇਲਾਜ ਵਿੱਚ ਸ਼ੁਰੂ-ਸ਼ੁਰੂ ਵਿੱਚ ਦੁਆਈਆਂ ਦਿਨ ਵਿੱਚ ਕਈ ਵਾਰ ਦਿਤੀਆਂ ਜਾ ਸਕਦੀਆਂ ਹਨ ਪਰ ਬਾਅਦ ਵਿੱਚ ਜੇਕਰ ਇਲਾਜ ਲੰਬੇ ਸਮੇ ਲਈ ਚਲਦਾ ਹੈ ਤਾਂ ਦੁਆਈਆਂ ਦਿਨ ਵਿੱਚ ਇੱਕ ਜਾਂ ਦੋ ਵਾਰ ਇਕੱਠੀਆਂ ਦਿੱਤੀਆਂ ਜਾ ਸਕਦੀਆਂ ਹਨ। ਸ਼ੁਰੂ-ਸ਼ੁਰੂ ਵਿੱਚ ਘਬਰਾਹਟ ਦੀਆਂ ਦੁਆਈਆਂ ਦੇਣ ਤੇ ਮਰੀਜ਼ ਇੱਕ ਦਮ ਆਰਾਮ ਮਹਿਸੂਸ ਕਰਦਾ ਹੈ ਅਤੇ ਇਹਨਾਂ ਦੁਆਈਆਂ ਨੂੰ ਤਰਜੀਹ ਦੇਣ ਦੀ ਕੋਸ਼ਿਸ਼ ਕਰਦਾ ਹੈ ਅਤੇ ਕਈ ਵਾਰ ਆਪਣੇ ਆਪ ਹੀ ਇਹਨਾਂ ਨੂੰ ਛੱਡ ਕੇ ਬਾਕੀ ਦੀਆਂ ਦੁਆਈਆਂ ਬੰਦ ਕਰ ਦਿੰਦਾ ਹੈ। ਅਜੇਹਾ ਕਰਨਾ ਬਹੁਤ ਗਲਤ ਹੈ ਕਿਉਂਕਿ ਘਬਰਾਹਟ ਦੀਆਂ ਦੁਆਈਆਂ ਸਿਰਫ ਆਰਜ਼ੀ ਫਾਇਦਾ ਕਰਦੀਆਂ ਹਨ, ਪਰ ਬਾਕੀ ਅਸਲੀ ਜਰੂਰੀ ਦੁਆਈਆਂ ਕੁਝ ਦੇਰ ਬਾਅਦ ਅਸਰ ਸ਼ੁਰੂ ਕਰਦੀਆਂ ਹਨ ਅਤੇ ਅਸਲ ਬਿਮਾਰੀ ਨੂੰ ਠੀਕ ਕਰਦੀਆਂ ਹਨ।

ਕਈ ਗੰਭੀਰ ਮਨੋਰੋਗ ਜਿਵੇਂ ਕਿ ਸ਼ਕਿਜ਼ੋਫਰੇਨੀਆਂ ਆਦਿ ਬਹੁਤ ਲੰਮੇ ਸਮੇ ਲਈ ਇਲਾਜ ਮੰਗਦੇ ਹਨ। ਕਈ ਮਰੀਜ਼ ਜਾਂ ਉਨ੍ਹਾਂ ਦੇ ਘਰਵਾਲੇ ਇਸ ਗੱਲ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ ਅਤੇ ਜਦੋਂ ਇਲਾਜ ਨਾਲ ਕੁਝ ਫਾਇਦਾ ਹੁੰਦਾ ਹੈ ਤਾਂ ਦੁਆਈਆਂ ਬੰਦ ਕਰ ਦਿੰਦੇ ਹਨ। ਇਹ ਬਹੁਤ ਹੀ ਗਲਤ ਗੱਲ ਹੈ। ਮਰੀਜ਼ ਬੇਸ਼ਕ ਕੁਝ ਸਮੇ ਲਈ ਠੀਕ ਰਹਿੰਦਾ ਹੈ ਪਰ ਫੇਰ ਬਿਮਾਰ ਹੋ ਜਾਂਦਾ ਹੈ ਅਤੇ ਦੁਬਾਰਾ ਇਲਾਜ ਹੋਰ ਵੀ ਮੁਸ਼ਕਿਲ ਹੋ ਜਾਂਦਾ ਹੈ। ਕਈ ਮਰੀਜ਼ਾਂ ਨੂੰ ਬਹੁਤ ਲੰਮੇ ਸਮੇਂ ਲਈ ਜਾਂ ਉਮਰ ਭਰ ਵੀ ਦੁਆਈ ਖਾਣ ਦੀ ਲੋੜ ਪੈ ਸਕਦੀ ਹੈ। ਅਜੇਹੀ ਹਾਲਤ ਵਿੱਚ ਕਈ ਪਰਿਵਾਰ ਦੇ ਮੈਂਬਰ ਜਾਂ ਮਰੀਜ਼ ਖੁਦ ਵੀ ਮਹਿਸੂਸ ਕਰਨ ਲੱਗ ਜਾਂਦਾ ਹੈ ਕਿ ਮੇਰਾ ਇਲਾਜ ਸਹੀ ਨਹੀਂ ਹੈ ਅਤੇ ਸਹੀ ਚਲਦੇ ਇਲਾਜ ਨੂੰ ਛੱਡਕੇ ਹੋਰ ਦੇਸੀ ਟੋਟਕੇ ਵਰਤਣ ਲੱਗ ਜਾਂਦੇ ਹਨ ਜਾਂ ਹੋਰ ਕਿਸੇ ਨੀਮ ਹਕੀਮ ਦੇ ਚੁੰਗਲ ਵਿੱਚ ਫਸ ਕੇ ਆਪਣਾ ਇਲਾਜ ਖਰਾਬ ਕਰਾ ਲੈਂਦੇ ਹਨ। ਇਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਸ਼ਕਿਜੋ ਆਦਿ ਗੰਭੀਰ ਮਨੋਰੋਗਾਂ ਦਾ ਇਲਾਜ ਕੁਝ ਦਹਾਕੇ ਪਹਿਲਾਂ ਸੰਭਵ ਨਹੀਂ ਸੀ ਅਤੇ ਮਰੀਜ਼ ਅਤੇ ਉਸ ਦੇ ਪਰਿਵਾਰ ਵਾਲੇ ਸਾਰੀ ਜ਼ਿੰਦਗੀ ਬਿਮਾਰੀ ਦਾ ਨਰਕ ਭੋਗਦੇ ਸਨ ਪਰ ਹੁਣ ਜੇ ਲੰਬੇ ਸਮੇ ਲਈ ਜਾਂ ਕਿਸੇ ਕਿਸੇ ਮਰੀਜ਼ ਵਿੱਚ ਸਾਰੀ ਉਮਰ ਭਰ ਲਈ ਕੁਝ ਦਵਾਈਆਂ ਖਾ ਕੇ ਮਰੀਜ਼ ਅਤੇ ਉਸ ਦੇ ਪਰਿਵਾਰ ਦੇ ਮੈਂਬਰ ਨਾਰਮਲ ਜੀਵਨ ਜੀ ਸਕਦੇ ਹਨ ਤਾਂ ਕੀ ਇਹ ਇੱਕ ਸਫਲ ਇਲਾਜ ਨਹੀਂ ਹੈ? ਕਈ ਵਾਰ ਮਨੋਰਗੀ ਦੁਆਈਆਂ ਲੈਣ ਤੋਂ ਨਾਂਹ ਕਰ ਦਿੰਦੇ ਹਨ। ਅਜੇਹੀ ਹਾਲਤ ਵਿੱਚ ਡਾਕਟਰ ਦੀ ਸਲਾਹ ਬਹੁਤ ਜ਼ਰੂਰੀ ਹੋ ਜਾਂਦੀ ਹੈ, ਹੋ ਸਕਦਾ ਹੈ ਕਿ ਅਜੇਹੇ ਮਰੀਜ਼ ਨੂੰ ਦੇਰ ਤੱਕ ਅਸਰ ਕਰਨ ਵਾਲੇ ਟੀਕਿਆਂ ਦਾ ਇਲਾਜ ਸ਼ੁਰੂ ਕਰਨ ਦੀ ਲੋੜ ਹੋਵੇ।

**ਹੋਰ ਬਿਮਾਰੀਆਂ ਲਈ ਦੁਆਈਆਂ**:- ਜ਼ਿਆਦਾਤਰ ਦੁਆਈਆਂ ਖਾਣਾ ਆਦਿ ਖਾ ਕੇ ਹੀ ਲੈਣ ਦੀ ਨਸੀਹਤ ਦਿਤੀ ਜਾਦੀ ਹੈ। ਜਿਵੇਂ ਕਿ ਐਂਟੀਬਾਇਟਿਕ ਆਦਿ, ਬਲੱਡ ਪਰੈਸ਼ਰ ਦੀ ਦੁਆਈ, ਦਿਲ ਦੇ ਰੋਗਾਂ ਲਈ ਖ਼ੂਨ ਪਤਲਾ ਕਰਨ ਦੀਆਂ ਦੁਆਈਆਂ, ਤਾਕਤ ਦੀਆਂ ਦੁਆਈਆ ਜਿਵੇਂ ਕਿ ਵਿਟਾਮਿਨ ਜਾਂ ਟੌਨਿਕ ਆਦਿ, ਟੀ. ਬੀ. ਦੀਆਂ ਦੁਆਈਆਂ, ਦਰਦ ਨਿਵਾਰਿਕ ਦੁਆਈਆ, ਮਿਰਗੀ ਦੇ ਦੌਰੇ ਦੀਆਂ ਦੁਆਈਆਂ ਆਦਿ। ਕੁਝ ਕੁ ਦੁਆਈਆਂ ਅਜੇਹੀਆਂ ਹਨ ਜਿਹੜੀਆਂ ਖਾਲੀ ਪੇਟ ਬਿਨਾਂ ਕੁਝ ਖਾਧੇ ਪੀਤੇ ਲੈਣ ਦੀ ਹਿਦਾਇਤ ਦਿੱਤੀ ਜਾਂਦੀ ਹੈ ਜਿਵੇਂ ਕਿ ਮਿਹਦੇ ਦਾ ਤੇਜ਼ਾਬ ਘੱਟ ਕਰਨ ਦੀਆਂ ਦੁਆਈਆਂ, ਥਾਇਰਾਇਡ ਦੀਆਂ ਕਈ ਦੁਆਈਆਂ ਆਦਿ।

ਆਮ ਤੌਰ ਤੇ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਜੇ ਕੋਈ ਵਿਸ਼ੇਸ਼ ਹਦਾਇਤ ਨਹੀਂ ਦਿੱਤੀ ਗਈ ਤਾਂ ਉਸ ਹਾਲਤ ਵਿੱਚ ਦੁਆਈ ਹਮੇਸ਼ਾ ਕੁਝ ਖਾ ਪੀ ਕੇ ਹੀ ਲੈਣੀ ਚਾਹੀਦੀ ਹੈ। ਦੁਆਈ ਹਮੇਸ਼ਾ ਪਾਣੀ ਨਾਲ ਜਾਂ ਕਿਸੇ ਤਰਲ ਜਿਵੇਂ ਕਿ ਲੱਸੀ ਜਾਂ ਜੂਸ ਆਦਿ ਨਾਲ ਲਵੋ ਅਤੇ ਕਦੇ ਵੀ ਸੁੱਕੀ ਨਿਗਲਣ ਦੀ ਕੋਸ਼ਿਸ਼ ਨਾ ਕਰੋ। ਇਸ ਤਰਾਂ ਕਰਨ ਨਾਲ ਗੋਲੀ ਜਾਂ ਕੈਪਸੂਲ ਗਲੇ ਅੰਦਰ ਜਾਂ ਭੋਜਨ ਨਾਲੀ ਵਿੱਚ ਚਿਪਕ ਸਕਦੇ ਹਨ ਅਤੇ ਮੁਸ਼ਕਿਲ ਪੈਦਾ ਕਰ ਸਕਦੇ ਹਨ। ਬਹੁਤ ਘੱਟ ਕੋਈ ਦੁਆਈ ਅਜੇਹੀ ਵੀ ਹੋ ਸਕਦੀ ਹੈ ਜਿਹੜੀ ਕਿ ਜੀਭ ਥੱਲੇ ਰੱਖ ਕੇ ਵਰਤਣੀ ਹੁੰਦੀ ਹੈ ਅਤੇ ਸਿੱਧਾ ਅੰਦਰ ਨਹੀਂ ਲੰਘਾਉਣੀ ਹੁੰਦੀ, ਜਾਂ ਕਿਸੇ ਦੁਆਈ ਨੂੰ ਲੈਂਣ ਦਾ ਕੋਈ ਵਿਸ਼ੇਸ਼ ਤਰੀਕਾ ਵੀ ਹੋ ਸਕਦਾ ਹੈ ਪਰ ਅਜੇਹੇ ਕੇਸ ਵਿੱਚ ਡਾਕਟਰ ਸਪਸ਼ਟ ਹਿਦਾਇਤ ਦੇਣਗੇ। ਕੈਪਸੂਲ ਅਤੇ ਗੋਲੀ ਨੂੰ ਚਿੱਥ ਕੇ ਨਾ ਖਾਉ। ਇਸ ਨਾਲ ਕੁਝ ਸਮੇ ਬਾਅਦ ਮੂੰਹ ਵਿੱਚ ਛਾਲੇ ਹੋ ਸਕਦੇ ਹਨ ਅਤੇ ਕਈ ਦੁਆਈਆਂ ਦੇ ਅਸਰ ਕਰਨ ਦੇ ਤਰੀਕੇ ਵਿੱਚ ਫਰਕ ਪੈ ਸਕਦਾ ਹੈ। ਉਦਾਹਰਣ ਦੇ ਤੌਰ ਤੇ ਕੋਈ ਗੋਲੀ ਜਾਂ ਕੈਪਸੂਲ 24 ਘੰਟੇ ਅਸਰ ਕਰਨ ਲਈ ਬਣਾਏ ਹੋ ਸਕਦੇ ਹਨ, ਪਰ ਉਹਨਾਂ

ਨੂੰ ਚਿੱਥ ਕੇ ਖਾਣ ਨਾਲ ਦੁਆਈ ਦਾ ਅਸਰ ਇੱਕ ਦਮ ਹੋ ਕੇ ਜਲਦੀ ਖਤਮ ਹੋ ਸਕਦਾ ਹੈ; ਭਾਵ ਇਹ ਹੈ ਕਿ ਦੁਆਈ ਦੇ ਅਸਰ ਕਰਨ ਦੇ ਤਰੀਕੇ ਵਿੱਚ ਫਰਕ ਪੈ ਸਕਦਾ ਹੈ, ਅਤੇ ਜਿਥੇ ਸ਼ੱਕ ਹੋਵੇ ਤਾਂ ਪੁਛ ਲੈਣਾ ਚਾਹੀਦਾ ਹੈ। ਇਸ ਤੋਂ ਇਲਾਵਾ ਇੱਕ ਹੋਰ ਗੱਲ ਅਹਿਮ ਇਹ ਹੈ ਕਿ ਆਮ ਵਿਅਕਤੀ ਸਿਰਫ ਲਿਖੀਆਂ ਗਈਆਂ ਦੁਆਈਆਂ ਬਾਰੇ ਹੀ ਸੁਚੇਤ ਰਹਿੰਦੇ ਹਨ ਅਤੇ ਸਿਰਫ ਉਹਨਾਂ ਦਾ ਹੀ ਧਿਆਨ ਕਰਦੇ ਹਨ ਅਤੇ ਦੁਆਈਆਂ ਤੋਂ ਇਲਾਵਾ ਜੁਬਾਨੀ ਦੱਸੀਆਂ ਗਈਆਂ ਹਦਾਇਤਾਂ ਜਾਂ ਨਸੀਹਤਾਂ ਦਾ ਬਿਲਕੁਲ ਵੀ ਪਾਲਣ ਨਹੀਂ ਕਰਦੇ। ਜਿਵੇਂ ਕਿ ਬਲੱਡ ਪਰੈਸ਼ਰ ਵੱਧਣ ਦੀ ਬਿਮਾਰੀ, ਸੂਗਰ ਰੋਗ, ਦਿਲ ਦੀਆਂ ਬਿਮਾਰੀਆਂ ਜਾਂ ਮੁਟਾਪਾ ਰੋਗ ਆਦਿ ਵਿੱਚ ਜੀਵਨ ਸ਼ੈਲੀ ਦਾ ਬਹੁਤ ਅਹਿਮ ਹੱਥ ਹੁੰਦਾ ਹੈ। ਅਜੇਹੇ ਮਰੀਜ਼ਾਂ ਵਿੱਚ ਡਾਕਟਰ ਅਕਸਰ ਹੀ ਸੰਤੁਲਤ ਖੁਰਾਕ ਖਾਣਾ ਜਾਂ ਲੂਣ ਅਤੇ ਮਿੱਠੇ ਦਾ ਪਰਹੇਜ਼ ਅਤੇ ਕਸਰਤ ਕਰਨ ਬਾਰੇ ਨਸੀਹਤ ਜ਼ਰੂਰ ਕਰਦੇ ਹਨ। ਪਰ ਆਮ ਤੌਰ ਤੇ ਮਰੀਜ਼ ਦੁਆਈਆਂ ਲੈਣ ਤੋ ਇਲਾਵਾ ਇਹਨਾਂ ਹਦਾਇਤਾਂ ਦਾ ਚੰਗੀ ਤਰਾਂ ਪਾਲਣ ਨਹੀਂ ਕਰਦੇ। ਇੱਥੇ ਇਹ ਗੱਲ ਸਮਝ ਲੈਣੀ ਬਹੁਤ ਜ਼ਰੂਰੀ ਹੈ ਕਿ ਇਹ ਨਸੀਹਤਾਂ ਵੀ ਇਲਾਜ ਦਾ ਬਹੁਤ ਹੀ ਅਹਿਮ ਹਿੱਸਾ ਹਨ ਜਿਨਾਂ ਤੋਂ ਬਿਨਾਂ ਸਹੀ ਅਤੇ ਪੂਰਣ ਇਲਾਜ ਹਰਗਿਜ਼ ਸੰਭਵ ਨਹੀਂ ਹੁੰਦਾ ਅਤੇ ਕਈ ਨਸੀਹਤਾਂ ਜੋ ਜੀਵਨ ਸ਼ੈਲੀ ਨਾਲ ਸੰਬੰਧਿਤ ਹਨ ਦਾ ਪਾਲਣ ਸਾਰੀ ਉਮਰ ਕਰਨਾ ਪੈਂਦਾ ਹੈ।

**ਪ੍ਰੋਫੈਸਰ ਤੇ ਮੁਖੀ, ਸਾਇਕੈਟਰੀ / ਨਸ਼ਾ ਛੁਡਾਊ ਵਿਭਾਗ,**

**ਰਜਿੰਦਰਾ ਹਸਪਤਾਲ,ਪਟਿਆਲਾ।**

## ਨੱਕ ਨਾਲ ਪੜ੍ਹਨ ਦੇ ਦਾਅਵੇ ਨੂੰ ਝੁਠਲਾਇਆ

ਅੱਖਾਂ ਬੰਦ ਕਰਕੇ ਨੱਕ ਨਾਲ ਪੜ੍ਹਣ ਦਾ ਦਾਅਵਾ ਕਰਨ ਵਾਲੀਆਂ ਬਰੇਨ ਪੀਡੀਏ ਵਰਗੀਆਂ ਕੰਪਨੀਆਂ ਭਾਵੇਂ ਜਲੰਧਰ ਤੇ ਡੱਬਵਾਲੀ ਵਿਖੇ ਤਰਕਸ਼ੀਲ ਸੁਸਾਇਟੀ ਪੰਜਾਬ ਤੋਂ ਹਾਰ ਚੁੱਕੀਆਂ ਹਨ। ਫਿਰ ਵੀ ਉਨ੍ਹਾਂ ਵਰਗੀਆਂ ਹੋਰ ਕੰਪਨੀਆਂ ਦੇ ਨੁਮਾਇੰਦੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਜਾ ਕੇ ਇਹ ਕਹਿੰਦੇ ਹਨ ਕਿ 5-15 ਸਾਲ ਦੇ ਬੱਚਿਆਂ ਦੇ ਦਿਮਾਗ ਦਾ ਵਿਕਾਸ ਕਰਕੇ ਉਨ੍ਹਾਂ ਨੂੰ ਨੱਕ ਨਾਲ ਪੜ੍ਹਨ ਲਾ ਸਕਦੇ ਹਾਂ। ਆਪਣੇ ਦਾਅਵੇ ਤੋਂ ਹਾਰਨ ਦਾ ਕਾਰਨ ਉਹ ਬੱਚਿਆਂ ਦੇ ਘਬਰਾਉਣ ਨੂੰ ਦੱਸਦੇ ਹਨ। ਸੰਗਰੂਰ ਸ਼ਹਿਰ ਤੇ ਨੇੜੇ ਤੇੜੇ ਵੀ ਅਜਿਹੀਆਂ ਕੰਪਨੀਆਂ ਦੇ ਨੁਮਾਇੰਦੇ ਸਰਗਰਮ ਹਨ। ਯੁਵਕ ਸੇਵਾਵਾਂ ਕਲੱਬ ਮਹਿਲਾਂ ਚੌਂਕ ਦੇ ਨੁਮਾਇੰਦੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਕੋਲ ਆਏ ਤੇ ਉਨ੍ਹਾਂ ਕਿਹਾ ਕਿ ਬਰੇਨ ਮਾਸਟਰ ਨਾਮ ਦੀ ਕੰਪਨੀ ਨੱਕ ਨਾਲ ਪੜ੍ਹਨ ਦਾ ਹੁਣ ਵੀ ਦਾਅਵਾ ਕਰ ਰਹੀ ਹੈ। ਉਨ੍ਹਾਂ ਦੀ ਚੁਣੌਤੀ ਸਵੀਕਾਰ ਕਰਦੇ ਹੋਏ ਇਕਾਈ ਸੰਗਰੂਰ ਦੇ ਪ੍ਰਧਾਨ ਮਾਸਟਰ ਪਰਮ ਵੇਦ ਤੇ ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ ਨੇ ਉਨ੍ਹਾਂ ਨੂੰ ਕੰਪਨੀ ਦੇ ਨੱਕ ਨਾਲ ਪੜ੍ਹਨ ਦੇ ਦਾਅਵੇ ਨੂੰ ਖਾਰਜ ਕਰਦਿਆਂ ਧੋਖਾ ਰਹਿਤ ਹਾਲਾਤਾਂ ਵਿੱਚ ਚੁਣੌਤੀ ਲਿਖਤੀ ਰੂਪ ਵਿੱਚ ਦਿੱਤੀ। ਯੁਵਕ ਸੇਵਾਵਾਂ ਦੇ ਮੈਂਬਰ ਬਰਜਿੰਦਰ ਕੁਮਾਰ, ਬਸ਼ੀਰ ਖਾਂ, ਗੁਰਪ੍ਰੀਤ ਸਿੰਘ, ਗੁਰਸੇਵਕ ਸਿੰਘ, ਕੰਪਨੀ ਦੇ ਸੈਂਟਰ ਵਿਖੇ ਤਰਕਸ਼ੀਲਾਂ ਦੀ ਚੁਣੌਤੀ ਲੈ ਕੇ ਗਏ। ਬਰੇਨ ਮਾਸਟਰ ਕੰਪਨੀ ਨੇ ਸਮਾਂ ਤੈਅ ਕਰ ਲਿਆ। ਤਰਕਸ਼ੀਲਾਂ ਵੱਲੋਂ ਤਰਕਸ਼ੀਲ ਆਗੂ ਚਮਕੌਰ ਸਿੰਘ ਮਹਿਲਾਂ ਦੀ ਡਿਊਟੀ ਉਨ੍ਹਾਂ ਦੀ ਪਰਖ ਕਰਨ ਤੇ ਲਾ ਦਿੱਤੀ ਗਈ। ਕੰਪਨੀ ਅਗਲੇ ਦਿਨ 30 ਜੂਨ ਨੂੰ ਟਰੇਂਡ ਬੱਚੇ ਲੈ ਕੇ ਨਿਸ਼ਚਿਤ ਸਮੇਂ ਤੇ ਸਥਾਨ ਤੇ ਪਹੁੰਚ ਗਈ। ਪਰਖ ਸਮੇਂ ਅੱਖਾਂ ਤੇ ਪੱਟੀ ਬਣਨ ਦੀ ਜ਼ੁੰਮੇਵਾਰੀ ਪਿੰਡ ਦੇ ਅੱਖਾਂ ਦੇ ਮਾਹਰ ਡਾਕਟਰ ਸੰਜੇ ਮਿੱਤਲ ਨੇ ਨਿਭਾਈ। ਇਸ ਦੌਰਾਨ ਉਨ੍ਹਾਂ ਦੇ ਬੱਚੇ ਅੱਖਾਂ ਬੰਦ ਕਰਕੇ ਪੜ੍ਹਨ ਵਿੱਚ ਸਫਲ ਨਾ ਹੋ ਸਕੇ ਅਤੇ ਕੰਪਨੀ ਨੇ ਹਾਰ ਮੰਨ ਲਈ। ਪਿੰਡ ਦੇ ਇੱਕ ਵਿਅਕਤੀ ਜਿਸਦੀ ਲੜਕੀ ਇਸ ਕੰਪਨੀ ਦੇ ਬਰਨਾਲਾ ਸੈਂਟਰ ਵਿਖੇ ਸਿਖਲਾਈ ਲੈ ਰਹੀ ਸੀ, ਉਨ੍ਹਾਂ ਤੋਂ ਮੁਆਫੀ ਮੰਗਦੇ ਹੋਏ ਪੈਸੇ ਵਾਪਸ ਕਰ ਦਿੱਤੇ। ਇਸ ਮੌਕੇ ਸਪੋਰਟਸ ਕਲੱਬ ਮਹਿਲਾਂ ਦੇ ਪ੍ਰਧਾਨ ਜਸਵੀਰ ਸਿੰਘ ਜੇਜੀ, ਅਮਨ ਨੰਬਰਦਾਰ, ਅਗਰਵਾਲ ਸਭਾ ਦੇ ਪ੍ਰਧਾਨ ਸੁਭਾਸ਼ ਜਿੰਦਲ, ਕਾਮਰੇਡ ਆਤਮਾ ਸਿੰਘ, ਗੁਰਚਰਨ ਸਿੰਘ ਚਹਿਲ, ਰਵਿੰਦਰ ਮਾਨ, ਜਤਿੰਦਰ ਗੁਪਤਾ, ਗੁਰਪ੍ਰੀਤ ਸਿੰਘ, ਏਕਮ, ਗੁਰਸ਼ਰਨ ਸਿੰਘ, ਹੈਪੀ, ਪ੍ਰੈਸ ਦੇ ਨੁਮਾਇੰਦੇ ਤੇ ਕਲੱਬ ਦੇ ਮੈਂਬਰ ਵੀ ਹਾਜ਼ਰ ਸਨ। ਤਰਕਸ਼ੀਲਾਂ ਤੇ ਕਲੱਬ ਦੀ ਕਾਰਗੁਜਾਰੀ ਤੋਂ ਪ੍ਰਭਾਵਤ ਹੋ ਕੇ ਤਰਕਸ਼ੀਲ ਮੈਗਜ਼ੀਨ ਦੇ 25 ਨਵੇਂ ਪਾਠਕ ਬਣੇ।

**ਸੁਰਜੀਤ ਭੱਠਲ, ਮੀਡੀਆ ਮੁਖੀ, ਇਕਾਈ ਸੰਗਰੂਰ**

### ਧਿਆਨ ਹਿੱਤ

ਇੰਟਰਨੈਟ 'ਤੇ ਚੱਲ ਰਹੀਆਂ ਸੋਸ਼ਲ ਸਾਈਟਸ ਜਿਵੇਂ ਫੇਸਬੁੱਕ, ਟਵਿੱਟਰ ਆਦਿ 'ਤੇ ਤਰਕਸ਼ੀਲ ਨਾਂ ਨਾਲ ਕਈ ਗਰੁੱਪ/ਪੇਜਜ਼ ਹਨ । ਇਨ੍ਹਾਂ ਵਿੱਚੋਂ ਕੋਈ ਵੀ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਵੱਲੋਂ ਨਹੀਂ ਚਲਾਇਆ ਜਾ ਰਿਹਾ । ਇਨ੍ਹਾਂ ਸਾਈਟਸ 'ਤੇ ਪਾਈ ਗਈ ਸਮੱਗਰੀ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਜ਼ਿੰਮੇਵਾਰ ਨਹੀਂ । ਤਰਕਸ਼ੀਲ ਸੁਸਾਇਟੀ ਦੀ ਇੰਟਰਨੈਟ 'ਤੇ ਇੱਕ ਹੀ ਅਧਿਕਾਰਤ ਵੈੱਬਸਾਈਟ ਹੈ - **www.tarksheel.org.**

# ਡਾ. ਨਰੇਂਦਰ ਦਾਭੋਲਕਾਰ : ਇੱਕ ਸ਼ਰਧਾਂਜਲੀ



## ਰਾਜ ਭਰ 'ਚ ਡਿਪਟੀ ਕਮਿਸ਼ਨਰਾਂ ਨੂੰ ਦਿੱਤੇ ਮੰਗ ਪੱਤਰ

ਸਤਿਕਾਰਤ ਲੋਕੋ

ਤੁਹਾਨੂੰ ਪਤਾ ਹੀ ਹੈ ਕਿ ਪਹਿਲਾਂ-ਪਹਿਲਾਂ ਚੇਚਕ ਦੀ ਬਿਮਾਰੀ ਨੂੰ ਸ਼ੀਤਲਾ ਮਾਤਾ ਦੀ ਕਰੋਪੀ ਸਮਝਿਆ ਜਾਂਦਾ ਸੀ। ਇਹ ਬਿਮਾਰੀ ਕਿੰਨੇ ਹੀ ਇਨਸਾਨਾਂ ਦੀ ਜਾਨ ਲੈ ਲੈਂਦੀ ਸੀ ਅਤੇ ਕਿੰਨੇ ਹੀ ਇਨਸਾਨਾਂ ਨੂੰ ਬਦਸੂਰਤ ਬਣਾ ਦਿੰਦੀ ਸੀ।




ਪਰ ਹੁਣ ਇਹ ਬਿਮਾਰੀ ਨਿੱਕੇ ਜਿਹੇ ਲੋਦੇ ਨੇ ਖਤਮ ਕਰ ਦਿੱਤੀ ਹੈ। ਅਤੇ ਜੇਕਰ ਕਿਸੇ ਇਨਸਾਨ ਨੂੰ ਹੁਣ ਛੋਟੀ ਚੇਚਕ ਹੋ ਵੀ ਜਾਂਦੀ ਹੈ ਤਾਂ ਉਸਦਾ ਪੂਰਾ-ਪੂਰਾ ਇਲਾਜ ਹੈ। ਕਹਿਣ ਤੋਂ ਭਾਵ ਕਿ ਜੇਕਰ ਮਨੁੱਖ ਇਸ ਬਿਮਾਰੀ ਨੂੰ ਸ਼ੀਤਲਾ ਮਾਤਾ ਦੀ ਕਰੋਪੀ ਸਮਝਦਾ ਹੋਇਆ ਅੰਧ-ਵਿਸ਼ਵਾਸੀ ਹੀ ਬਣਿਆ ਰਹਿੰਦਾ ਤਾਂ ਕੀ ਇਸਦਾ ਇਲਾਜ ਸੰਭਵ ਹੁੰਦਾ? ਨਹੀਂ। ਮਨੁੱਖ ਇਸ ਬਿਮਾਰੀ ਦੇ ਵਰਤਾਰੇ ਨੂੰ ਵਿਵੇਕ ਬੁੱਧੀ ਤੇ ਤਰਕ ਨਾਲ ਸਮਝਦਿਆਂ ਹੀ ਸਹੀ ਸਿੱਟੇ 'ਤੇ ਪੁੱਜਿਆ। ਇਸ ਲਈ ਕਿਸੇ ਵੀ ਵਰਤਰੇ ਜਾਂ ਸ਼ੈਆਂ ਨੂੰ ਮਨੁੱਖ ਆਪਣੀ ਵਿਵੇਕ ਬੁੱਧੀ




ਨਾਲ ਤਰਕ ਵਰਤਦਿਆਂ ਹੀ ਸਮਝ ਸਕਦਾ ਹੁੰਦਾ ਹੈ। ਇਸ ਰਾਹੀਂ ਹੀ ਮਨੁੱਖੀ ਪ੍ਰਗਤੀ ਹੋ ਸੰਭਵ ਹੁੰਦੀ ਹੈ। ਸਾਡੇ ਪੰਜਾਬ 'ਚ ਤਰਕਸ਼ੀਲ ਸੁਸਾਇਟੀ ਪੰਜਾਬ ਕੰਮ ਕਰਦੀ ਹੈ ਜਿਹੜੀ ਅੰਧ-ਵਿਸ਼ਵਾਸਾਂ ਦਾ ਵਿਰੋਧ ਤਰਕ ਦੇ ਆਧਾਰ 'ਤੇ ਕਰਦਿਆਂ ਹੀ ਹਰ ਨਿਰਣਾ ਲੈਂਦੀ ਹੈ। ਇਸੇ ਤਰ੍ਹਾਂ ਹੀ ਮਹਾਂਰਾਸ਼ਟਰ ਦੇ ਡਾ.ਨਰੇਂਦਰ ਦਭੋਲਕਰ ਦੀ ਅਗਵਾਈ ਹੇਠ ਅੰਧ-ਸ਼ਰਧਾ ਨਿਰਮੂਲਨ ਸੰਮਤੀ ਬਣੀ। ਡਾ.ਦਭੋਲਕਰ ਇਸ ਲੋਕ-ਪੱਖੀ ਜਥੇਬੰਦੀ ਦਾ ਸਿਰਮੌਰ ਆਗੂ ਸੀ। ਇਹ ਜਥੇਬੰਦੀ ਬਾਬਿਆਂ, ਪੁਜਾਰੀਆਂ, ਤਾਂਤਰਿਕਾਂ, ਜੋਤਸ਼ੀਆਂ, ਝਾੜ-ਫੂਕ ਕਰਨ ਵਾਲਿਆਂ ਵੱਲੋਂ ਭੋਲੇ-ਭਾਲੇ ਲੋਕਾਂ ਦੇ ਅੰਧ-ਵਿਸ਼ਵਾਸਾਂ ਦਾ ਫਾਇਦਾ ਉਠਾਕੇ ਉਨ੍ਹਾਂ ਦੀ ਆਰਥਿਕ ਅਤੇ ਹੋਰ ਹਰ ਤਰ੍ਹਾਂ ਦੀ ਲੁੱਟ ਦਾ ਵਿਰੋਧ ਕਰਦੀ ਹੈ। ਇਸ ਜਥੇਬੰਦੀ ਨੇ ਅੰਧ-ਵਿਸ਼ਵਾਸਾਂ ਵਿਰੁੱਧ ਕਾਨੂੰਨ ਬਣਾਉਣ ਦੀ ਮੰਗ ਉਠਾਉਣੀ ਸ਼ੁਰੂ ਕਰ ਦਿੱਤੀ ਸੀ। ਇਸ ਜਥੇਬੰਦੀ ਨੇ ਜਾਤ-ਪਾਤ ਵਿਰੋਧੀ, ਨਸ਼ਾ ਵਿਰੋਧੀ, ਦਲਿਤ ਦੀਆਂ ਜ਼ਮੀਨਾਂ ਬਾਰੇ ਘੋਲਾਂ ਵਿੱਚ ਵੀ ਸ਼ਮੂਲੀਅਤ ਕੀਤੀ। ਜਦੋਂ ਮਹਾਂਰਾਸ਼ਟਰ ਸੂਬੇ ਵਿੱਚ ਪਾਣੀ ਦਾ ਅਕਾਲ ਪਿਆ ਹੋਇਆ ਸੀ ਤੇ ਲੋਕ ਪਾਣੀ ਦੀ ਇੱਕ ਇੱਕ ਬੂੰਦ ਲਈ ਤਰਾਸ-ਤਰਾਸ ਕਰ ਰਹੇ ਸਨ ਤਾਂ ਆਸਾ ਰਾਮ ਅਤੇ ਉਸਦੇ ਭਗਤਾਂ ਨੇ ਹੋਲੀ ਦੇ ਮੌਕੇ 'ਤੇ 50 ਹਜ਼ਾਰ ਲੀਟਰ ਪਾਣੀ ਬਰਬਾਦ ਕੀਤਾ ਤਾਂ ਡਾ.ਦਭੋਲਕਰ ਨੇ ਇਸ ਵਿਰੁੱਧ ਵੀ




ਆਵਾਜ਼ ਉਠਾਈ। ਗੁਜਰਾਤ ਅਤੇ ਮੁੰਬਈ ਦੇ ਬਾਜ਼ਾਰਾਂ ਵਿੱਚ ਪੱਥਰਾਂ ਨੂੰ ਪਾਲਿਸ - ਵਾਲਿਸ਼ ਕਰਕੇ "ਦੈਵੀ-ਜਾਦੂਈ ਯਤਰਾਂ ਅਤੇ ਗਹਿਣਿਆਂ" ਦਾ ਰੂਪ ਦੇ ਕੇ (ਜਿਵੇਂ ਅੱਜ ਕੱਲ ਵੀ ਟੀ.ਵੀ. 'ਤੇ ਅਜਿਹੇ ਗਹਿਣਿਆਂ ਦਾ ਪ੍ਰਚਾਰ ਆਮ ਆ ਰਿਹਾ ਹੈ) ਇਹ ਠੱਗ ਲੋਕ ਆਪਣੀਆਂ ਦੁਕਾਨਾਂ 'ਤੇ ਇਨਾਂ "ਰਤਨਾਂ" 'ਤੇ ਦੋ ਹਜ਼ਾਰ ਤੋਂ ਲੈ ਕੇ ਪੰਜਾਹ ਹਜ਼ਾਰ ਤੱਕ ਕੀਮਤ ਦੇ ਹਿਸਾਬ ਵੇਚਕੇ ਮੋਟੀ ਆਂ ਠੱਗੀਆਂ ਮਾਰਦੇ ਹਨ। ਇਕੱਲੇ ਪੂਣੇ ਸ਼ਹਿਰ ਵਿੱਚ ਹੀ ਇਹ ਵਪਾਰ 50 ਕਰੋੜ ਰੁਪਏ



ਦਾ ਹੈ। ਡਾ.ਦਭੋਲਕਰ ਇਨ੍ਹਾਂ ਠੱਗੀਆਂ ਦਾ ਪਰਦਾਫਾਸ਼ ਕਰਦੇ ਸਨ ਅਤੇ ਇਸ ਵਪਾਰ ਰਾਹੀਂ ਲੋਕਾਂ ਦੀ ਕੀਤੀ ਜਾਂਦੀ ਲੁੱਟ ਦਾ ਡਟਵਾਂ ਵਿਰੋਧ ਕਰਦੇ ਸਨ।

ਡਾ. ਦਭੋਲਕਰ ਅਤੇ ਉਸਦੀ ਜਥੇਬੰਦੀ ਦਾ ਤਰਕ ਦੇ ਆਧਾਰ 'ਤੇ ਨਿਰਣਾ ਕਰਨ ਅਤੇ ਹੋਰ ਲੋਕ-ਪੱਖੀ ਕੰਮਾਂ ਨੂੰ ਕੁੱਝ ਫਿਰਕੂ ਹਿੰਦੂਵਾਦੀ ਜਥੇਬੰਦੀਆਂ ਹਿੰਦੂ ਧਰਮ ਦਾ ਵਿਰੋਧ ਕਹਿੰਦੀਆਂ ਸਨ। ਆਪਣੀ ਹਿੰਦੂਵਾਦ ਦੀ ਅੰਨੀ-ਧੁੱਸ ਕਰਕੇ ਹੀ ਇਨ੍ਹਾਂ ਜਥੇਬੰਦੀਆਂ ਵੱਲੋਂ ਡਾ.ਦਭੋਲਕਰ ਨੂੰ ਸਰੀਰਕ ਅਤੇ ਜਾਨੀ ਨੁਕਸਾਨ ਕਰ ਦੇਣ ਦੀਆਂ ਧਮਕੀਆਂ ਮਿਲਦੀਆਂ ਰਹੀਆਂ ਸਨ। ਇੱਕ ਦਿਨ ਜਦੋਂ ਡਾ.ਦਭੋਲਕਰ ਦਲਿਤਾਂ ਦੀਆਂ ਜ਼ਮੀਨਾਂ ਦੇ ਵਿਵਾਦ ਸਬੰਧੀ ਬਾਹਰ ਗਿਆ ਹੋਇਆ ਸੀ ਤਾਂ ਉਸਦੀ ਪਤਨੀ ਸ਼ੈਲਾ ਨੂੰ ਫੋਨ 'ਤੇ ਧਮਕੀਆਂ ਆਈਆਂ ਕਿ ਦਭੋਲਕਰ ਆਪਣੀਆਂ ਕਾਰਵਾਈਆਂ ਬੰਦ ਕਰੇ ਨਹੀਂ ਤਾਂ ਉਸਦੀ ਲਾਸ਼ ਦੇ ਟੁਕੜੇ-ਟੁਕੜੇ ਕਰਕੇ ਬੋਰੀ 'ਚ ਪਾ ਕੇ ਭੇਜ ਦਿੱਤੇ ਜਾਣਗੇ। ਪਰ ਦਭੋਲਕਰ ਨੇ ਇਨ੍ਹਾਂ ਧਮਕੀਆਂ ਦੀ ਕੋਈ ਪ੍ਰਵਾਹ ਨਹੀਂ ਕੀਤੀ। ਉਹ ਆਪਣੀ ਜਥੇਬੰਦੀ ਨੂੰ ਇਸ ਸਭ ਕਾਸੇ ਦੇ ਵਿਰੁਧ ਲੜਾਈ ਲੜਨ ਦੀ ਪ੍ਰੇਰਨਾ ਅਤੇ ਅਗਵਾਈ ਦਿੰਦਾ ਰਿਹਾ। ਇੱਕ ਫਿਰਕੂ ਹਿੰਦੂ ਜਥੇਬੰਦੀ "ਸਨਾਤਨ ਸੰਸਥਾ" ਨੇ ਦਭੋਲਕਰ ਦੀ ਹੱਤਿਆ ਤੋਂ ਦੋ ਮਹੀਨੇ ਪਹਿਲਾਂ ਮੁੰਬਈ ਦੇ ਆਜ਼ਾਦ ਮੈਦਾਨ ਵਿੱਚ ਇੱਕ ਰੈਲੀ ਵਿੱਚ ਕਿਹਾ ਸੀ ਕਿ ਜੇਕਰ ਉਸਨੇ ਆਪਣੀਆਂ ਕਾਰਵਾਈਆਂ ਨਾ ਰੋਕੀਆਂ ਤਾਂ ਉਹਨਾਂ ਦਾ ਵੀ ਓਹੀ ਹਸ਼ਰ ਹੋਵੇਗਾ ਜੋ ਮਹਾਤਮਾ ਗਾਂਧੀ ਦਾ ਹੋਇਆ ਸੀ। ਉਹਨਾਂ ਦਾ ਇਹ ਕਹਿਣਾ ਸੀ ਕਿ ਜੇਕਰ ਜਾਦੂ-ਟੂਣਾ ਵਿਰੋਧੀ ਕਾਨੂੰਨ ਪਾਸ ਹੋ ਜਾਂਦਾ ਹੈ ਤਾਂ ਹਿੰਦੂ ਧਰਮ ਨੂੰ ਖਤਰਾ ਖੜ੍ਹਾ ਹੋ ਜਾਵੇਗਾ ਕਿਉਂਕਿ ਇਸ ਨਾਲ ਹਵਨ, ਪੂਜਾ-ਪਾਠ ਆਦਿ ਕਰਮ-ਕਾਂਡ ਵੀ ਗੈਰ-ਕਾਨੂੰਨੀ ਦਾਇਰੇ ਵਿੱਚ ਆ ਸਕਦੇ ਹਨ।







ਇਸ ਲਈ ਇਨ੍ਹਾਂ ਫਿਰਕੂਆਂ ਨੂੰ ਦਭੋਲਕਰ ਦੀ ਤਰਕਸ਼ੀਲਤਾ ਹਜ਼ਮ ਨਹੀਂ ਸੀ ਹੁੰਦੀ। ਇਹੋ-ਜਿਹੀਆਂ ਹਾਲਤਾਂ ਦੇ ਚੱਲਦਿਆਂ ਹੀ ਡਾ.ਦਭੋਲਕਰ ਨੂੰ 20 ਅਗਸਤ, 2013 ਨੂੰ ਗੋਲੀਆਂ ਮਾਰਕੇ ਸ਼ਹੀਦ ਕਰ ਦਿੱਤਾ ਗਿਆ।

ਇਹ ਗੱਲ ਪੱਕ ਨਾਲ ਕਹਿਣੀ ਤਾਂ ਥੋੜੀ ਔਖੀ ਹੈ ਕਿ ਇਸ ਸ਼ਹਾਦਤ ਨੂੰ ਕਿਸਨੇ ਅੰਜ਼ਾਮ ਦਿੱਤਾ, ਪਰ ਹਿੰਦੂ ਕੱਟੜਪੰਥੀ ਜਥੇਬੰਦੀਆਂ ਨੂੰ ਦੋਸ਼-ਮੁਕਤ ਕਰਨਾ ਵੀ ਆਸਾਨ ਨਹੀਂ ਹੈ। ਕਿਉਂਕਿ ਪਹਿਲਾਂ ਤਾਂ ਡਾ.ਦਭੋਲਕਰ ਨੂੰ ਇਨ੍ਹਾਂ ਜਥੇਬੰਦੀਆਂ ਵੱਲੋਂ ਧਮਕੀਆਂ ਦੇਣੀਆਂ ਅਤੇ ਉਹ ਵੀ ਰੈਲੀ 'ਚ ਖੁੱਲ-ਮ-ਖੁੱਲੇ ਤੌਰ 'ਤੇ। ਦੂਸਰੇ, ਉਨ੍ਹਾਂ ਦੀ ਸ਼ਹਾਦਤ ਤੋਂ ਇੱਕ ਦਿਨ ਬਾਅਦ ਹੀ ਫਿਰਕੂ ਹਿੰਦੂਵਾਦੀ ਪੱਤ੍ਰਿਕਾ (ਸਨਾਤਨ ਪ੍ਰਭਾਤ) ਦਾ ਦਭੋਲਕਰ ਦੀ ਸ਼ਹਾਦਤ ਵੱਲ ਇਸ਼ਾਰਾ ਕਰਦਿਆਂ ਇਹ ਲਿਖਣਾ ਕਿ "ਜਿਸ ਕਾਸੇ ਦੇ ਕੋਈ ਲਾਇਕ ਹੁੰਦਾ ਹੈ ਉਹੀ ਉਸਨੂੰ ਮਿਲ ਜਾਂਦਾ ਹੈ।" ਸੋ ਇਹ ਗੱਲਾਂ ਇਨ੍ਹਾਂ ਫਿਰਕੂ ਜਥੇਬੰਦੀਆਂ ਦਾ ਦਭੋਲਕਰ ਦੀ ਹੱਤਿਆ 'ਚ ਕੋਈ ਨਾ ਕੋਈ ਰੋਲ ਹੋਣ ਵੱਲ ਸੰਕੇਤ ਹੋਣ ਦੀ ਚੁਗਲੀ ਭਰਦੀਆਂ ਹਨ।




**ਸਰਕਾਰ ਦੀ ਭੂਮਿਕਾ:**

ਮਹਾਂਰਾਸ਼ਟਰ ਸਰਕਾਰ ਨੇ ਇੱਕ ਵਾਰੀ ਤਾਂ ਦਿਖਾਵੇ ਵਜੋਂ ਜੇਲ੍ਹ ਵਿੱਚੋਂ ਹੀ ਦੋ ਆਦਮੀ ਚੁੱਕਕੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ ਦਭੋਲਕਰ ਦੇ ਕਾਤਲ ਫੜੇ ਹੀ ਜਾਣੇ ਹਨ। ਪਰ ਹਾਲੇ ਤੱਕ ਕਾਤਲ ਫੜੇ ਨਹੀਂ ਗਏ। ਦਭੋਲਕਰ ਦੀ ਪਤਨੀ ਮਹਾਂਰਾਸ਼ਟਰ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਾ-ਖੁਸ਼ ਹੈ ਜੋ ਸੁਭਾਵਿਕ ਹੈ। ਉਸਦਾ ਕਹਿਣਾ ਹੈ ਕਿ "ਸਰਕਾਰ ਨੇ ਹੀ ਸਾਨੂੰ ਫੇਲ ਕੀਤਾ ਹੈ।" ਤੁਸੀਂ ਕਈ ਵਾਰੀ ਅਖਬਾਰਾਂ 'ਚ ਪੜ੍ਹਦੇ ਹੋਵੋਗੇ ਕਿ ਪੁਲਿਸ ਨੇ ਐਨੇ ਨੌਜਵਾਨ ਡਾਕਾ ਮਾਰਨ ਦੀ ਪਲੈਨ ਬਣਾਉਂਦੇ ਸਮੇਂ ਦਬੋਚ ਲਏ। ਪਲੈਨ ਬਣਾਉਂਦਿਆਂ ਨੂੰ ਪੁਲਿਸ ਦਬੋਚ ਸਕਦੀ ਐ ਪਰ ਦੋ ਸਾਲ ਬੀਤ ਜਾਣ 'ਤੇ ਮਹਾਂਰਾਸ਼ਟਰ ਦੀ ਪੁਲਿਸ ਦਭੋਲਕਰ ਦੇ ਕਾਤਲਾਂ ਦਾ ਸੁਰਾਗ ਤੱਕ ਨਹੀਂ ਕੱਢ ਸਕੀ। ਪੁਲਿਸ ਦੀ ਇਹੋ-ਜਿਹੀ ਕਾਰਗੁਜ਼ਾਰੀ ਨੂੰ ਕੀ ਕਹੀਏ? ਜ਼ਰਾ ਸੋਚੋ!




ਹੁਣ

ਤਾਂ ਕੇਂਦਰ 'ਚ ਅਤੇ ਕਈ ਹੋਰ ਸੂਬਿਆਂ 'ਚ ਹਿੰਦੂਤਵੀ ਭਾਜਪਾ ਦੀਆਂ ਸਰਕਾਰਾਂ ਆ ਗਈਆਂ ਹਨ। ਇਸ ਤਰ੍ਹਾਂ ਨਾਲ ਦਭੋਲਕਰ ਦੀ ਸ਼ਹਾਦਤ ਤੋਂ ਬਾਅਦ ਹਾਲਤ ਹੋਰ ਵੀ ਬੁਰੀ ਬਣ ਗਈ ਹੈ। ਕਿਉਂਕਿ ਸਾਡੇ ਦੇਸ਼ ਅੰਦਰ ਫਿਰਕੂ ਪਾਲਾਬੰਦੀ ਵਧੇਰੇ ਤੇਜ਼ ਕਰ ਦਿੱਤੀ ਗਈ ਹੈ। ਉਹ ਕਿਵੇਂ? ਲਓ ਸੁਣੋ।




ਛੇ ਮਹੀਨੇ ਹੋਏ ਹਨ ਕਿ ਮੁਸਲਿਮ ਭਾਈਚਾਰੇ ਦੇ ਇੱਕ ਨੌਜਵਾਨ ਮੋਹਿਸਨ ਸ਼ੇਖ ਨੂੰ ਪੂਨੇ ਸ਼ਹਿਰ 'ਚ ਸ਼ਰੇਆਮ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਅਤੇ ਇਨ੍ਹਾਂ ਫਿਰਕੂਆਂ ਨੇ ਉਦੋਂ ਲਿਖਿਆ ਸੀ ਕਿ "ਇਹ ਪਹਿਲਾ ਵਿਕਟ ਡਿੱਗਿਆ ਹੈ।" ਚਲੋ ਇਸ ਕੇਸ ਦਾ ਅਦਾਲਤ ਕੀ ਫੈਸਲਾ ਕਰਦੀ ਹੈ, ਇਹ ਇੱਕ ਵੱਖਰੀ ਗੱਲ ਹੈ ਪਰ ਹਿੰਦੂ ਰਾਸ਼ਟਰ ਸੈਨਾ ਇਸ ਕੇਸ ਦੇ ਮੁਲਜ਼ਮ ਧੰਨਜੇ ਦੇਸਾਈ ਨੂੰ ਸਨਮਾਨਿਤ ਕਰਨ ਜਾ ਰਹੀ ਹੈ। ਇਹ ਕੀ ਹੈ? ਕੀ ਇਹ ਸਪੱਸ਼ਟ ਤੌਰ 'ਤੇ ਮੁਸਲਿਮ-ਵਿਰੋਧੀ ਅੰਨੀ ਨਫਰਤ ਤੇ ਦੁਸ਼ਮਣੀ ਦਾ ਪ੍ਰਗਟਾਵਾ ਨਹੀਂ ਹੈ? ਬਿਲਕੁਲ ਹੈ। ਕੀ ਮੁਸਲਮਾਨ ਇਸ ਦੇਸ਼ ਦੇ ਨਾਗਰਿਕ ਨਹੀਂ ਹਨ ਕਿ ਉਨ੍ਹਾਂ ਨੂੰ ਮਾਰਨ ਵਾਲਿਆਂ ਨੂੰ ਸਨਮਾਨਿਤ ਕੀਤਾ ਜਾਵੇ? ਬਿਲਕੁਲ ਇਹ ਮੁਸਲਮਾਨ ਭਾਈਚਾਰੇ ਨੂੰ ਇਸ ਦੇਸ਼ ਦੇ ਨਾਗਰਿਕ ਨਹੀਂ ਮੰਨਦੀ।




ਆਰ. ਐਸ.ਐਸ. ਮੁਖੀ ਮੋਹਨ ਭਾਗਵਤ ਨੇ ਪਿਛਲੇ ਦਿਨੀਂ ਬਿਆਨ ਦਿੱਤਾ ਹੈ ਕਿ ਪਾਕਿਸਤਾਨ, ਬੰਗਲਾਦੇਸ਼, ਅਤੇ ਸਾਡਾ ਦੇਸ਼ ਹਿੰਦੂ ਰਾਸ਼ਟਰ ਹਨ। ਜਦੋਂ ਕਿ ਹਕੀਕਤ 'ਚ ਸਾਡਾ ਦੇਸ਼ ਬਹੁ-ਧਰਮੀ,ਗੈਰ-ਧਾਰਮਿਕ, ਬਹੁ-ਕੌਮੀ, ਬਹੁ-ਭਾਸ਼ਾਈ ਅਤੇ ਵੱਖੋ-ਵੱਖਰੇ ਇਲਾਕਿਆਂ ਦੀਆਂ ਵੱਖੋ-ਵੱਖਰੀਆਂ ਰੀਤੀ-ਰਿਵਾਜਾਂ ਵਾਲੇ ਮਿਸ਼ਰਣ ਵਾਲਾ ਦੇਸ਼ ਹੈ। ਕੀ ਸਾਡੇ ਦੇਸ਼ ਨੂੰ ਧਿੰਙੋ-ਜ਼ੋਰੀ ਨਾਲ ਹਿੰਦੂ-ਰਾਸ਼ਟਰ ਬਣਾਉਣਾ ਠੀਕ ਹੈ? ਨਹੀਂ। ਪਰ ਇਹ ਫਿਰਕੂ ਇਸੇ ਕੁਰਾਹੇ 'ਤੇ ਪਏ ਹੋਏ ਹਨ। ਆਰ.ਐਸ.ਐਸ. ਦਾ ਲੀਕ ਹੋ ਚੁੱਕੇ ਗੁਪਤ ਏਜੰਡੇ ਦੀ ਮਦ ਨੰਬਰ 20 ਦੇਖੋ। ਇਹ ਕਹਿੰਦੀ ਹੈ ਕਿ "ਕਮਿਊਨਿਜ਼ਮ, ਕਮਿਊਨਿਸਟਾਂ, ਅੰਬੇਡਕਰਵਾਦ ਤੇ ਉਸਦੇ ਹਮਾਇਤੀਆਂ, ਇਸਲਾਮੀ ਸਿੱਖਿਆਵਾਂ, ਈਸਾਈ ਮਿਸ਼ਨਰੀਆਂ ਤੇ ਪ੍ਰਚਾਰਕਾਂ ਉੱਤੇ ਹਮਲਿਆਂ ਨੂੰ ਤੇਜ਼ ਕੀਤਾ ਜਾਵੇ।" ਭਾਵ ਹਿੰਦੂਵਾਦ ਦੇ ਵਿਰੋਧ ਕਰਨ ਦੀ ਗੱਲ ਤਾਂ ਵੱਡੀ ਹੈ, ਇਹ ਫਿਰਕੂ ਤਾਂ ਇਸ ਤੋਂ ਅੱਗੇ ਲੰਘਦਿਆਂ ਆਜ਼ਾਦ ਤੌਰ 'ਤੇ ਆਪਣਾ ਜੀਵਨ ਜਿਉਣ ਨੂੰ ਲੋਚਦੇ ਹਰ ਇਨਸਾਨ ਨੂੰ ਖਤਮ ਕਰਨ 'ਤੇ ਤੁਲੇ ਹੋਏ ਹਨ। ਇਸੇ ਲਈ ਇਹ ਆਏ ਦਿਨ ਕੋਈ ਨਾ ਕੋਈ ਫਿਰਕੂ ਸਿੰਗੜੀ ਖੜ੍ਹੀ ਕਰੀ ਰੱਖਦੇ ਹਨ। ਜਿਵੇਂ ਕਿ ਇਹ ਕਹਿਣਾ ਕਿ ਜਿਹੜੇ ਸਾਡੇ ਦੇਸ਼ ਨੂੰ ਹਿੰਦੂ ਰਾਸ਼ਟਰ ਨਹੀਂ ਮੰਨਦੇ, ਉਹ ਦੇਸ਼ ਛੱਡਕੇ ਪਾਕਿਸਤਾਨ ਚਲੇ ਜਾਣ। ਜਿਵੇਂ ਕਿਤੇ ਸਾਡਾ ਦੇਸ਼ ਇਨ੍ਹਾਂ ਦੀ ਜਾਗੀਰ ਹੋਵੇ।

ਅਸੀਂ ਤਰਕਸ਼ੀਲ ਇਹ ਸਮਝਦੇ ਹਾਂ ਕਿ ਹਰ ਨਾਗਰਿਕ ਨੂੰ ਆਪੋ-ਆਪਣੀ ਮਰਜ਼ੀ ਅਨੁਸਾਰ ਕਿਸੇ ਵੀ ਧਰਮ ਨੂੰ ਮੰਨਣ ਜਾਂ ਨਾ-ਮੰਨਣ ਅਤੇ ਆਪਣਾ ਪ੍ਰਚਾਰ ਕਰਨ ਦੀ ਆਜ਼ਾਦੀ ਹੈ ਅਤੇ ਸਭ ਨੂੰ ਧਾਰਮਿਕ ਭਾਵਨਾਵਾਂ ਦਾ ਖਿਆਲ ਰੱਖਣਾ ਬਣਦਾ ਹੈ। ਪਰ ਇਹ ਫਿਰਕੂ ਤਰਕ ਦੇ ਆਧਾਰ 'ਤੇ ਵਿਚਾਰ ਬਣਾਉਣ ਅਤੇ ਪ੍ਰਗਟਾਉਣ ਨੂੰ ਮਾਨਤਾ ਨਹੀਂ ਦਿੰਦੇ ਅਤੇ ਆਪਣਾ ਫਿਰਕੂ ਅਜੰਡਾ ਜ਼ੋਰਾ-ਜ਼ਰਵੀ ਲਾਗੂ ਕਰਨ ਦੀ ਸਿਰਤੋੜ ਕੋਸ਼ਿਸ਼ ਕਰਦੇ ਆ ਰਹੇ ਹਨ। ਹੁਣ ਦੇਖੋ। ਲੋਕਾਂ ਨੂੰ ਪ੍ਰਧਾਨ ਮੰਤਰੀ ਮੋਦੀ ਦੀ ਪੜਚੋਲ ਕਰਨ ਦਾ ਪੂਰਾ-ਪੂਰਾ ਅਧਿਕਾਰ ਹੈ। ਪਰ ਕਿਉਂਕਿ ਇਹ ਮੋਦੀ ਨੂੰ ਹਿੰਦੂਵਾਦ ਦੇ ਇੱਕ "ਦਮਦਾਰ" ਰਾਖੇ ਵਜੋਂ ਦੇਖਦੇ ਹਨ, ਭਾਵੇਂ ਇਹ ਸਿੱਧੇ ਤੌਰ 'ਤੇ ਨਾ ਵੀ ਕਹਿਣ, ਇਸ ਲਈ ਇਹ ਮੋਦੀ 'ਤੇ ਕੀਤੀ ਗਈ ਕੋਈ ਵੀ ਟਿੱਪਣੀ ਨੂੰ ਹੀ ਹਿੰਦੂਵਾਦ ਲਈ ਖਤਰਾ ਮੰਨਕੇ ਉਸ ਵਿਰੁਧ ਵਾ-ਵੇਲਾ ਮਚਾ ਦਿੰਦੇ। ਕੁੱਝ ਮਿਸਾਲਾਂ ਲਵੋ।




ਮੁੰਬਈ ਦੀ ਐਕਟਰੈਸ ਨੇਹਾ ਧੂਪੀਆ ਨੇ ਟਵੀਟ ਕਰ ਦਿੱਤਾ ਕਿ "ਇੱਕ ਵਾਰੀ ਮੀਂਹ ਪੈਣ 'ਤੇ ਮੁੰਬਈ ਦਾ ਸਾਰਾ ਸ਼ਹਿਰ ਜਾਮ ਹੋ ਜਾਂਦਾ



ਹੈ। ਇਸ ਲਈ ਚੰਗਾ ਸ਼ਾਸ਼ਨ ਸੈਲਫੀਆਂ ਨਾਲ ਅਤੇ ਯੋਗਾ ਕਰਨ ਨਾਲ ਨਹੀਂ ਬਣਦਾ, ਬਲਕਿ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਸਾਡੇ ਨਾਗਰਿਕ ਸੁਰੱਖਿਅਤ ਹੋਣ।" ਬਸ, ਇਨ੍ਹਾਂ ਲਿਖਣ 'ਤੇ ਇਨ੍ਹਾਂ ਹਿੰਦੂਤਵੀਆਂ ਨੇ ਨੇਹਾ ਧੁਪੀਆ ਖਿਲਾਫ ਵਾ-ਵੇਲਾ ਖੜ੍ਹਾ ਕਰ ਦਿੱਤਾ ਅਤੇ ਉਸਨੂੰ ਆਪਣੇ ਟਵੀਟ ਨੂੰ ਹਲਕਾ ਕਰਨਾ ਪਿਆ। ਇਵੇਂ ਹੀ ਸਲਮਾਨ ਖਾਨ ਦੇ ਟਵੀਟ 'ਤੇ ਪ੍ਰਤੀਕਿਰਿਆ ਹੋਈ। ਹੁਣੇ ਹੁਣੇ ਯਾਕੂਬ ਮੈਮਨ ਨੂੰ ਫਾਂਸੀ ਦਿੱਤੀ ਗਈ। ਇਸ ਫਾਂਸੀ ਨੂੰ ਗਲਤ ਠਹਿਰਾਉਣ ਵਾਲੇ ਲੋਕਾਂ ਨੂੰ ਦੇਸ਼ ਦੇ ਗੱਦਾਰ ਤੱਕ ਕਹਿ ਦਿੱਤਾ ਗਿਆ ਹੈ। ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਹੈ। ਕੋਈ ਇਸਨੂੰ ਠੀਕ ਮੰਨ ਸਕਦਾ ਹੈ ਅਤੇ ਕੋਈ ਗਲਤ। ਪਰ ਕਿਉਂਕਿ ਇਨ੍ਹਾਂ ਫਿਰਕੂਆਂ ਦੇ ਦਿਮਾਗ 'ਚ ਮੁਸਲਮਾਨ, ਈਸਾਈ ਧਰਮ ਵਾਲੇ ਅਤੇ ਹੋਰ ਘੱਟ-ਗਣਤੀਆਂ ਭਾਈਚਾਰੇ ਵਾਲਿਆਂ ਅਤੇ ਕਮਿਊਨਿਸਟਾਂ ਪ੍ਰਤੀ ਅੰਨੀ ਨਫਰਤ ਹੈ, ਇਸ ਲਈ ਜਿਹੜਾ ਵੀ ਕੋਈ ਘੱਟ-ਗਿਣਤੀਆਂ ਪ੍ਰਤੀ ਕੋਈ ਨਾ ਕੋਈ ਨਰਮ ਰੁਖ ਅਪਣਾਉਂਦਾ ਹੈ, ਉਸੇ ਨੂੰ ਇਹ ਗੱਦਾਰ ਕਹਿ ਦਿੰਦੇ ਹਨ। ਸਵਾਲ ਇਹ ਨਹੀਂ ਕਿ ਯਾਕੂਬ ਮੈਮਨ ਪੂਰੀ ਤਰ੍ਹਾਂ ਨਿਰਦੋਸ਼ ਹੈ। ਸਵਾਲ ਤਾਂ ਇਹ ਹੈ ਕਿ ਜਦੋਂ ਹੇਠਲੀਆਂ ਅਤੇ ਉੱਪਰਲੀਆਂ ਕੋਰਟਾਂ ਵਿੱਚ ਲੱਖਾਂ-ਕਰੋੜਾਂ ਕੇਸ ਨਿਪਟਾਰੇ ਦੀ ਉਡੀਕ 'ਚ ਹੋਣ ਤਾਂ ਇਕੱਲੇ ਯਾਕੂਬ ਮੈਮਨ ਲਈ ਸੁਪਰੀਮ ਕੋਰਟ ਦਾ ਰਾਤ ਨੂੰ ਅਦਾਲਤ ਲਾਉਣ ਦੀ ਦਿਖਾਈ ਗਈ ਤੱਦੀ ਕਿਸ ਗੱਲ ਦਾ ਸ਼ੰਕਾ ਖੜ੍ਹਾ ਕਰਦੀ ਹੈ? ਇਹੀ ਕਿ ਮੈਮਨ ਨੂੰ ਛੇਤੀ ਤੋਂ ਛੇਤੀ ਤੇ ਹਰ ਹਾਲਤ 'ਚ ਫਾਂਸੀ ਦਿੱਤੀ ਜਾਵੇ।







ਹੁਣ ਦੂਸਰੇ ਪਾਸੇ ਦੇਖੋ। ਹਿੰਦੂਤਵੀ ਦਹਿਸ਼ਤਗਰਦੀ ਨਾਲ ਜੁੜੇ ਮੁਲਜ਼ਮਾਂ ਨੂੰ ਬਚਾਉਣ ਲਈ ਹਕੂਮਤ ਵੱਲੋਂ ਪੂਰੀ ਟਿੱਲ ਲਾਈ ਜਾਂਦੀ ਹੈ। ਮਿਸਾਲ ਦੇ ਤੌਰ 'ਤੇ ਸਾਧਵੀ ਪ੍ਰੀਗਿਆ, ਕਰਨਲ ਪ੍ਰੋਹਿਤ, ਅਸੀਮਾਨੰਦ ਵਰਗਿਆਂ 'ਤੇ ਮਾਲੇਗਾਂਓਂ ਅਤੇ ਸਮਝੌਤਾ ਐਕਸਪ੍ਰੈਸ 'ਚ ਬੰਬ ਫਟਾਉਣ ਵਾਲੇ ਮੁਲਜ਼ਮਾਂ ਦੇ ਕੇਸ ਦੀ ਸਰਕਾਰੀ ਪੈਰਵਾਈ ਕਰ ਰਹੀ ਸਰਕਾਰੀ ਵਕੀਲ ਰੋਹਿਨੀ ਸਾਲੀਅਨ ਨੇ ਦੱਸਿਆ ਹੈ ਕਿ ਹਕੂਮਤ ਉਸ 'ਤੇ ਦਬਾਅ ਬਣਾ ਰਹੀ ਹੈ ਕਿ ਉਹ ਇਸ ਕੇਸ 'ਚ ਨਰਮੀ ਵਰਤੇ। ਇਹੀ ਨਹੀਂ ਬਲਕਿ ਮੁਲਜ਼ਮ ਅਸੀਮਾਨੰਦ ਨੂੰ 10 ਦਿਨ ਲਈ ਪੈਰੋਲ 'ਤੇ ਰਿਹਾ ਕੀਤਾ ਗਿਆ ਅਤੇ ਉਸਨੂੰ ਸ਼ਾਹੀ ਮਹਿਮਾਨ ਵਜੋਂ ਰੱਖਿਆ ਗਿਆ ਹੈ।

ਸੋ ਸਾਰੀ ਵਿਚਾਰ-ਚਰਚਾ ਦਾ ਨਿਚੋੜ ਇਹੀ ਬਣਦਾ ਹੈ ਕਿ ਇਹ ਫਿਰਕੂ ਤਣਾਅ ਬਣਾ ਕੇ ਲੋਕਾਂ ਨੂੰ ਮੂੜ-ਮੱਤੀਏ ਅਤੇ ਤਰਕੋਂ-ਸੱਖਣੇ ਹੀ ਬਣਾਈ ਰੱਖਣਾ ਚਾਹੁੰਦੇ ਹਨ। ਕਿਉਂਕਿ ਆਮ ਲੋਕ ਤਰਕ ਦੇ ਆਧਾਰ 'ਤੇ ਸੋਚਕੇ ਆਪਣੀ ਰੋਜ਼ੀ-ਰੋਟੀ ਜਿਹੇ ਬੁਨਿਆਦੀ ਮੁੱਦਿਆਂ 'ਤੇ ਅਤੇ ਹੁੰਦੀ ਲੁੱਟ ਬਾਰੇ ਇਸ ਹਕੂਮਤ ਨੂੰ ਸਵਾਲ ਕਰ ਰਹੇ ਹਨ। ਲੋਕ ਘੋਲਾਂ ਦੇ ਰਾਹ ਪੈ ਰਹੇ ਹਨ। ਇਸੇ ਲਈ ਹਾਕਮ ਫਿਰਕੂ ਪਾੜਾ ਵਧਾਕੇ ਲੋਕਾਂ ਨੂੰ ਭਰਾ-ਮਾਰ ਲੜਾਈ 'ਚ ਉਲਝਾਉਣਾ ਚਾਹੁੰਦੇ ਹਨ। ਇਸੇ ਲਈ ਭਗਤ ਸਿੰਘ ਨੇ ਸਾਨੂੰ ਸਿੱਖਿਆ ਦਿੰਦਿਆਂ ਕਿਹਾ ਸੀ ਕਿ




**"ਤੁਹਾਡਾ ਭਲਾ ਇਸੇ ਵਿੱਚ ਹੈ ਕਿ ਤੁਸੀਂ ਧਰਮ, ਰੰਗ, ਨਸਲ, ਕੌਮ ਅਤੇ ਮੁਲਕ ਦੇ ਭਿੰਨ-ਭੇਦ ਮਿਟਾ ਕੇ ਇਕੱਠੇ ਹੋ ਜਾਓ ਅਤੇ ਹਕੂਮਤੀ ਤਾਕਤ ਨੂੰ ਆਪਣੇ ਹੱਥ ਵਿੱਚ ਲੈਣ ਦੇ ਯਤਨ ਕਰੋ"**




ਅਸੀਂ ਮੰਗ ਕਰਦੇ ਹਾਂ:

* ਡਾ. ਨਰੇਂਦਰ ਦਭੋਲਕਰ ਦੇ ਕਤਲ ਦੀ ਸੀ.ਬੀ.ਆਈ. ਜਾਂਚ ਕਰਵਾਈ ਜਾਵੇ।
* ਕਾਤਲਾਂ ਨੂੰ ਗ੍ਰਿਫਤਾਰ ਕਰਕੇ ਸਖਤ ਸਜਾਵਾਂ ਦਿੱਤੀਆਂ ਜਾਣ।
* ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਦਾ ਹੱਕ ਬਹਾਲ ਕਰਦੇ ਹੋਏ ਫਿਰਕਾ ਪ੍ਰਸਤ ਤਾਕਤਾਂ ਨੂੰ ਨੱਥ ਪਾਈ ਜਾਵੇ।
* ਦੇਸ਼ ਵਿੱਚ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਬਣਾਕੇ ਲਾਗੂ ਕੀਤਾ ਜਾਵੇ।

**ਸੂਬਾ ਕਮੇਟੀ**

ਅੱਜ ਕੱਲ ਸੋਸਲ ਮੀਡੀਆ ਲੋਕ ਮਨਾਂ 'ਚ ਘਰ ਕਰ ਰਿਹਾ ਹੈ, ਇਸ ਦੀ ਹੋ ਰਹੀ ਦੁਰਵਰਤੋਂ ਦੇ ਨਾਲ ਨਾਲ ਹਾਂ ਪੱਖੀ ਰੁਝਾਨ ਵੀ ਜ਼ਿਕਰਯੋਗ ਹੈ, ਨਵੇਂ ਰਾਹ ਤਲਾਸ਼ਦੇ ਲੋਕਾਂ ਦੇ ਵਿਚਾਰਾਂ ਨੂੰ ਇਸ ਕਾਲਮ ਚ ਪਰੋ ਕੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ।

*... ਅਦਾਰਾ*

ਜੋ ਨਵਾਂ ਸਿੱਖਣ ਤੋਂ ਇਨਕਾਰੀ ਹੁੰਦਾ ਹੈ ਉਹ ਬੁੱਢਾ ਹੀ ਹੁੰਦਾ ਹੈ ਭਾਵੇਂ ਉਸਦੀ ਉਮਰ 20 ਸਾਲ ਹੋਵੇ ਜਾਂ 80 ਸਾਲ ਜਦਕਿ ਸਿੱਖਣ ਵਾਲਾ ਹਮੇਸ਼ਾ ਜੁਆਨ ਹੀ ਰਹਿੰਦਾ ਹੈ।

**-ਹੈਨਰੀ ਫੋਰਡ**

## ਗੌਰ ਤਾਂ ਕਰੋ......

- ਸਰਸਵਤੀ ਦੀ ਪੂਜਾ ਭਾਰਤ ਵਿੱਚ ਹੁੰਦੀ ਹੈ ਪਰ ਹੁਸ਼ਿਆਰ ਬੱਚੇ ਜਾਪਾਨ ਚ ਪੈਦਾ ਹੁੰਦੇ ਹਨ।
- ਲੱਛਮੀ ਦੀ ਪੂਜਾ ਭਾਰਤੀ ਕਰਦੇ ਹਨ ਪਰ ਧਨ ਅਮਰੀਕਨ ਸਾਮਰਾਜ ਕਮਾ ਰਿਹਾ ਹੈ।
- ਵਿਸਵਕਰਮਾ ਦੀ ਪੂਜਾ-ਅਰਚਨਾ ਸਾਡੇ ਲੋਕ ਕਰਦੇ ਹਨ ਪਰ ਤਕਨਾਲੋਜੀ 'ਚ ਚੀਨ ਅੱਗੇ ਹੈ।

## ਪਾਠ-ਪੂਜਾ ਬਨਾਮ ਖੁਸਹਾਲੀ

ਸਾਰਾ ਭਾਰਤ ਤੇ ਪਾਕਿਸਤਾਨ ਨਮਾਜ਼ਾਂ, ਉਰਸਾਂ, ਦਰਗਾਹਾਂ ਤੇ ਤੀਰਥਾਂ ਤੇ ਭਟਕਦਾ ਫਿਰਦਾ ਹੈ। ਜਗਰਾਤੇ, ਅਖੰਡ ਪਾਠ, ਯਾਤਰਾ ਆਦਿਕ ਦਾ ਅੰਤ ਨਹੀਂ। ਪੂਜਾ-ਪਾਠ, ਡੇਰਿਆਂ ਦੇ ਗੇੜੇ, ਸਾਧਾਂ ਦੇ ਚਰਨਾਂ 'ਚ ਮੱਥੇ ਰਗੜਨੇ, ਜੋਤਿਸੀਆਂ, ਤਾਂਤਰਿਕਾਂ ਦੇ ਲੜ ਲੱਗੀ ਜਾਣਾ, ਸਾਰਾ ਦੇਸ਼ ਝੂਠਿਆਂ, ਪਖੰਡੀਆਂ, ਭਰਿਸ਼ਟਾਂ, ਰਿਸ਼ਵਤਖੋਰ, ਜਾਇਦਾਦ ਹੜੱਪਣਿਆਂ, ਭਾੜੇ ਦੇ ਕਾਤਲਾਂ, ਲੁਟੇਰਿਆਂ ਤੇ ਗੈਰਇਖਲਾਕੀ, ਬੁਰਾਈਆਂ ਚ ਫਸਿਆ ਹੋਇਆ ਹੈ। ਗਰੀਬ ਤੇ ਭੋਲੇ-ਭਾਲੇ ਲੋਕ ਤੀਰਥਾਂ ਤੇ ਰੱਬ ਲੱਭਦੇ ਫਿਰਦੇ ਹਨ, ਖੁਸ਼ਹਾਲੀ ਲਈ ਭਟਕ ਰਹੇ ਹਨ।

ਮੈਂ 40 ਸਾਲ ਤੋਂ ਕੈਨੈਡਾ ਰਹਿ ਰਿਹਾ ਹਾਂ, ਇੱਥੋਂ ਦੀ ਬਹੁ ਗਿਣਤੀ ਯਹੂਦੀ-ਈਸਾਈ ਹੈ। ਕੈਨੇਡਾ ਵਿੱਚ ਕੋਈ ਤੀਰਥ ਅਸਥਾਨ ਹੈ ਹੀ ਨਹੀਂ। ਇਹ ਲੋਕ ਤੀਰਥਾਂ ਤੇ ਵਕਤ ਤੇ ਪੈਸਾ ਬਰਬਾਦ ਨਹੀਂ ਕਰਦੇ ਪਰ ਏਥੇ ਸਫਾਈ ਹੈ, ਰੁਜਗਾਰ ਹੈ, ਕਾਨੂੰਨ ਤੇ ਚੰਗੀ ਐਡਮਨਿਸਟ੍ਰੇਸਨ ਹੈ। ਭਾਰਤ-ਪਾਕਿਸਤਾਨ ਦੇ ਲੋਕ ਪੂਜਾ ਪਾਠ ਵਿੱਚ ਖਿੱਚਤ ਹੋ ਕੇ ਵੀ ਗਰੀਬ, ਬੀਮਾਰ ਤੇ ਬੇਰੁਜਗਾਰ ਕਿਉ ਹਨ ?

**ਇਕਬਾਲ ਰਾਮੂਵਾਲੀਆ, ਟੋਰਾਂਟੋ**

## ਅੱਛੇ ਦਿਨਾਂ ਦਾ ਮਿਜਾਜ

***15 ਅਗਸਤ 2015 : ਮੋਦੀ ਸਰਕਾਰ ਦਾ ਅਮਲ***

ਸਰਕਾਰ 100 ਕਰੋੜ ਦੀ ਗੈਸ ਸਬਸਿਡੀ ਖਤਮ ਕਰਵਾਉਣ ਲਈ 250 ਕਰੋੜ ਰੁਪਏ ਇਸਤਿਹਾਰਬਾਜੀ ਤੇ ਖਰਚ ਕਰ ਚੁੱਕੀ ਹੈ।

ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਟੈਕਸ ਚ ਛੋਟ ਦੇਣ ਲਈ 64 ਹਜਾਰ ਕਰੋੜ ਹੈ ਪਰ ਆਤਮਹੱਤਿਆਵਾਂ ਕਰਨ ਵਾਲੇ ਕਿਸਾਨਾਂ ਦਾ ਕਰਜ ਚੁਕਾਉਣ ਵਾਸਤੇ 15 ਹਜਾਰ ਕਰੋੜ ਨਹੀਂ ਹੈ।

ਸਰਕਾਰ ਪਾਸ ਯੋਗਾ ਡੇ ਲਈ ਤਾਂ 500 ਕਰੋੜ ਰੁਪਏ ਹਨ ਪਰ ਪ੍ਰਾਇਮਰੀ ਸਿਖਿਆ ਦੇ ਕੁੱਲ ਬੱਜਟ ਚੋਂ 20 ਪ੍ਰਤੀਸਤ ਕਟੌਤੀ ਪੈਸੇ ਦੀ ਤੋਟ ਕਾਰਣ ਕੀਤੀ ਗਈ ਹੈ।

ਸਕਿੱਲ ਇੰਡੀਆ ਦੀ ਇਸਤਿਹਾਰਬਾਜੀ ਲਈ ਕੇਂਦਰ ਸਰਕਾਰ ਨੇ 200 ਕਰੋੜ ਦਾ ਬੱਜਟ ਰੱਖਿਆ ਹੈ ਪ੍ਰੰਤੂ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਵਜੀਫੇ ਚ 500 ਕਰੋੜ ਦੀ ਕਟੌਤੀ ਕੀਤੀ ਹੈ।

## ਧਰਮ ਦੀ ਟੇਕ



ਧਰਮ ਕੋਈ ਵੀ ਹੋਵੇ, ਇਹ ਵਿਸਵਾਸ ਦੀ ਟੇਕ ਤੋਂ ਬਿਨਾ ਖੜਾ ਨਹੀਂ ਰਹਿ ਸਕਦਾ ਇਹੋ ਵਿਸ਼ਵਾਸ ਜਨੂੰਨ ਦੀ ਹੱਦ ਤੱਕ ਪਹੁੰਚ ਕਿ ਅੰਧਵਿਸਵਾਸ ਹੋ ਨਿਬੜਦਾ ਹੈ, ਕਿੰਤੂ ਕਰਨ ਵਾਲਿਆਂ ਲਈ ਧਰਮ ਵਿੱਚ ਕੋਈ ਥਾਂ ਨਹੀਂ। ਇਸ ਵਿੱਚ ਤਾਂ ਜੀ ਹਜੂਰੀਏ, ਲਾਈਲੱਗ, ਡਰਪੋਕ, ਆਤਮਵਿਸ਼ਵਾਸ ਤੋਂ ਕੋਰੇ, ਬਹਿਸ, ਚਿੰਤਨ ਜਾਂ ਮੰਥਨ ਤੋਂ ਅਣਜਾਣ, ਤਰਕ ਵਿਹੂਣੇ, ਜਾਗਦਿਆਂ ਹੀ ਸੁਪਨੇ ਵੇਖਣ ਵਾਲੇ ਤੇ ਗੈਰ-ਜ਼ਿੰਮੇਵਾਰ ਕਿਸਮ ਦੇ ਲੋਕ ਵਧੇਰੇ ਹੁੰਦੇ ਹਨ। ***ਪ੍ਰੇਮ ਸਿੰਘ ਮਸਤਾਨਾ (ਕਿੰਤੂ-ਪ੍ਰੰਤੂ)***

ਜਿਵੇਂ ਜਿਵੇਂ ਲੋਕਾਂ ਨੂੰ ਸਮਝ ਆਉਂਦੀ ਹੈ ਉਹ ਪ੍ਰਾਚਰਕਾਂ ਦੀ ਘੱਟ ਅਤੇ ਅਧਿਆਪਕਾਂ ਦੀ ਵੱਧ ਸੁਣਦੇ ਹਨ।

**ਰੋਬਰਟ ਜੀ. ਇੰਗਰਸੋਲ**

# ਸਲਾਮ ਜ਼ਿੰਦਗੀ !



ਸੰਸਾਰ ਪ੍ਰਸਿੱਧ ਵਿਗਿਆਨੀ ਆਈਨਸਟਾਈਨ ਕਿਹਾ ਕਰਦੇ ਸਨ ਕਿ ਜਿਸ ਵਿਅਕਤੀ ਨੇ ਗਲਤੀ ਨਹੀਂ ਕੀਤੀ ਉਸ ਨੇ ਕਦੇ ਕੁਝ ਨਵਾਂ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।

ਆਈਨਸਟਾਈਨ ਨੂੰ ਇੱਕ ਵਾਰ ਇੱਕ ਬੱਚੇ ਨੇ ਪੁੱਛਿਆ, 'ਤੁਸੀਂ ਮਹਾਨ ਕਿਵੇਂ ਬਣੇ, ਮਹਾਨ ਬਣਨ ਦਾ 'ਮੰਤਰ' ਕੀ ਹੈ? ਕ੍ਰਿਪਾ ਕਰਕੇ ਮੈਨੂੰ ਵੀ ਸਮਝਾਉ।' ਆਈਨਸਟਾਈਨ ਨੇ ਬੜੇ ਪਿਆਰ ਨਾਲ ਆਪਣੀ ਉਦਾਹਰਣ ਦਿੰਦੇ ਹੋਏ ਇੱਕੋ ਸ਼ਬਦ ਵਿੱਚ ਉਸ ਬੱਚੇ ਨੂੰ ਉੱਤਰ ਦਿੱਤਾ 'ਲਗਨ'। ਬੱਚੇ ਨੂੰ ਕੁਝ ਸਮਝ ਨਾ ਪਿਆ। ਉਸ ਨੇ ਆਖਿਆ, ਮੈਂ ਸਮਝਿਆ ਨਹੀਂ। ਆਈਨਸਟਾਈਨ ਨੇ ਸਮਝਾਉਣਾ ਸ਼ੁਰੂ ਕੀਤਾ, 'ਜਦ ਮੈਂ ਛੋਟਾ ਬੱਚਾ ਸਾਂ ਤਾਂ ਗਣਿਤ ਮੇਰੇ ਪੱਲੇ ਨਹੀਂ ਸੀ ਪੈਂਦਾ। ਮੇਰੇ ਸਾਥੀ ਗਣਿਤ ਵਿੱਚੋਂ ਪਾਸ ਹੋ ਜਾਂਦੇ ਮੈਂ ਫੇਲ੍ਹ ਹੋ ਜਾਂਦਾ। ਮੇਰੇ ਜਮਾਤੀ ਮੈਨੂੰ ਛੇੜਦੇ ਤੇ ਮੇਰੀ ਪਿੱਠ 'ਤੇ ਵੀ ਬੁੱਧੂ ਲਿਖ ਦਿੰਦੇ। ਜਮਾਤ 'ਚ ਮੈਨੂੰ ਬੈਂਚ ਤੇ ਖੜ੍ਹੇ ਰਹਿਣ ਦੀ ਸਜਾ ਮਿਲਦੀ ਹੀ ਰਹਿੰਦੀ ਸੀ। ਕਈ ਵਾਰੀ ਅਧਿਆਪਕ ਮੈਨੂੰ ਸਾਰਾ ਦਿਨ ਬੈਂਚ 'ਤੇ ਖੜਾ ਕਰੀ ਰਖਦੇ। ਗਣਿਤ ਅਧਿਆਪਕ ਤਾਂ ਮੈਨੂੰ 'ਸੱਤ ਜਨਮ' ਗਣਿਤ 'ਚੋਂ ਫੇਲ੍ਹ ਹੋਣ ਦੀ ਗੱਲ ਵੀ ਕਹਿੰਦਾ ਹੁੰਦਾ ਸੀ। ਅਧਿਆਪਕ ਨੇ ਤਾਂ ਇਥੋਂ ਤੱਕ ਵੀ ਆਖ ਦਿੱਤਾ ਸੀ ਕਿ ਗਣਿਤ ਤੈਨੂੰ ਸਮਝ ਨਹੀਂ ਆ ਸਕਦਾ। ਇਹ ਤੇਰੀ ਸਮਝ ਤੋਂ ਬਾਹਰ ਹੈ।

ਇੱਕ ਦਿਨ ਮੈਂ ਇਕਾਂਤ ਵਿੱਚ ਬੈਠ ਕੇ ਵਿਚਾਰ ਕਰਨ ਲੱਗਾ ਕਿ ਮੇਰੇ 'ਚ ਕਿਹੜੀ ਕਮੀ ਹੈ। ਕੀ ਮੈਂ ਇਸ ਕਮੀ ਨੂੰ ਦੂਰ ਨਹੀਂ ਕਰ ਸਕਦਾ। ਇੱਕ ਦਿਨ ਮੈਂ ਪੱਕਾ ਇਰਾਦਾ ਧਾਰ ਲਿਆ ਕਿ ਗਣਿਤ ਕਿੱਦਾਂ ਨਹੀਂ ਮੈਨੂੰ ਆਉਂਦਾ। ਮੈਂ ਸਾਰਾ ਜੋਰ ਲਗਾ ਦਿਆਂਗੇ ਤੇ ਇਸ 'ਚੋਂ ਚੰਗੇ ਨੰਬਰ ਲੈ ਕੇ ਪਾਸ ਹੋ ਕੇ ਦਿਖਾਵਾਂਗਾ। ਸੋ ਮੈਂ ਇਸ ਤਰ੍ਹਾਂ ਗਣਿਤ 'ਚ ਮਿਹਨਤ ਕਰਨੀ ਸ਼ੁਰੂ ਕੀਤੀ। ਮੈਂ ਮਿਹਨਤ ਕਰਦਾ ਪਰ ਪਾਸ ਨਾ ਹੁੰਦਾ। ਇਸ ਤਰ੍ਹਾਂ ਕਈ ਸਾਲ ਹੁੰਦਾ ਰਿਹਾ ਤੇ ਅਖੀਰ ਮੈਂ ਕਾਮਯਾਬ ਹੋ ਗਿਆ। ਨਿਸ਼ਚੇ ਹੀ ਲਗਨ ਨਾਲ ਕੀਤੀ ਮਿਹਨਤ ਕਾਮਯਾਬੀ ਬਣਦੀ ਹੈ।



ਸ਼ਹਾਦਤ 9 ਅਕਤੂਬਰ 1967

✶ ਰੀਂਗ ਕੇ ਜਿਉਣ ਨਾਲੋਂ, ਖੜ੍ਹੇ ਹੋ ਕੇ ਮਰਨਾ ਜਿਆਦਾ ਠੀਕ ਹੈ।

✶ ਜੇ ਅਨਿਆਂ ਵੇਖ ਕੇ ਤੁਸੀਂ ਰੋਸ ਨਾਲ ਭਰ ਜਾਂਦੇ ਹੋ ਤਾਂ ਤੁਸੀਂ ਮੇਰੇ ਹਮਸਫ਼ਰ ਹੋ।

✶ ਮੇਰਾ ਮੰਨਣਾ ਹੈ ਕਿ ਸੱਚੇ ਇਨਕਲਾਬ ਦੀ ਅਗਵਾਈ ਪ੍ਰੇਮ ਦੀ ਮਹਾਨ ਭਾਵਨਾ ਕਰਦੀ ਹੈ ਅਤੇ ਇਸ ਗੁਣ ਦੇ ਬਿਨਾਂ ਕਿਸੇ ਖ਼ਰੇ ਇਨਕਲਾਬੀ ਦੀ ਕਲਪਨਾ ਕਰਨਾ ਅਸੰਭਵ ਹੈ।

✶ ਹਕੀਕਤ ਪਸੰਦ ਬਣੋ ਅਤੇ ਅਸੰਭਵ ਦੀ ਮੰਗ ਕਰੋ। ਮੈਂ ਮੁਕਤੀ ਦਾਤਾ ਨਹੀਂ ਹਾਂ। ਕੋਈ ਮੁਕਤੀ ਦਾਤਾ ਨਹੀਂ ਹੁੰਦਾ। ਲੋਕ ਆਪਣੇ ਆਪ ਨੂੰ ਮੁਕਤ ਕਰਦੇ ਹਨ।

✶ ਫਿਰ ਬਹੁਤ ਸਾਰੀਆਂ ਗੱਲਾਂ ਸਪੱਸ਼ਟ ਹੋਈਆਂ। ਅਸੀਂ ਸਿੱਖਿਆ ਕਿ ਇੱਕ ਵੀ ਬੰਦੇ ਦਾ ਜੀਵਨ, ਧਰਤੀ ਦੇ ਸਭ ਤੋਂ ਅਮੀਰ ਬੰਦੇ ਦੀ ਜਾਇਦਾਦ ਨਾਲੋਂ ਲੱਖਾਂ ਗੁਣਾ ਕੀਮਤੀ ਹੈ।

✶ ਇੱਕ ਇਨਕਲਾਬੀ ਦੀ ਪਹਿਲੀ ਲੋੜ, ਉਸ ਦਾ ਪੜ੍ਹੇ-ਗੁੜ੍ਹੇ ਹੋਣਾ ਹੈ।

✶ ਸਾਡੇ ਕੋਲ ਸਮਾਜਵਾਦ ਦੀ ਹੋਰ ਕੋਈ ਪ੍ਰੀਭਾਸ਼ਾ ਨਹੀਂ ਕਿ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਖਾਤਮਾ ।

✶ ਅਸੀਂ ਜ਼ਿੰਦਗੀ ਵਿੱਚ ਕੁਝ ਪਾਉਣ ਦੀ ਆਸ ਨਹੀਂ ਕਰ ਸਕਦੇ ਜਿਨਾਂ ਚਿਰ ਅਸੀਂ ਉਸ ਲਈ ਮਰਨ ਲਈ ਤਿਆਰ ਨਹੀਂ ਹੁੰਦੇ।

**ਆਰਨੈਸਟੋ ਚੀ ਗੁਵੇਰਾ**

(ਦੱਖਣੀ ਅਮਰੀਕਾ ਦੇ ਇਨਕਲਾਬੀ ਨਾਇਕ)

## ਧਰਮ ਜਾਂ ਨਾਸਤਿਕਤਾ

ਦੁਨੀਆਂ ਭਰ 'ਚ ਖੁਸਹਾਲ ਮੰਨੇ ਜਾਂਦੇ ਪਹਿਲੇ 4 ਦੇਸਾਂ ਦਾ ਨਾਮਕਰਣ ਇੰਜ ਹੈ: 1. ਸਵੀਡਨ, 2. ਡੈਨਮਾਰਕ, 3. ਨਾਰਵੇ, 4. ਆਸਟਰੇਲੀਆ

ਜਿਕਰਯੋਗ ਹੈ ਇਹਨਾਂ ਦੇਸ਼ਾਂ ਚ ਨਾਸਤਿਕਾਂ ਦੀ ਗਿਣਤੀ ਜਿਆਦਾ ਹੈ ਨਾਸਤਿਕਤਾ ਪ੍ਰਧਾਨ ਇਹ ਦੇਸ਼ ਹੋਰਨਾਂ ਲਈ ਪ੍ਰੇਰਨਾ ਦਾ ਸਬੱਬ ਤਾਂ ਹਨ ਹੀ, ਨਾਲ ਹੀ ਇਹ ਸੁਆਲ ਵੀ ਪੈਦਾ ਹੁੰਦਾ ਹੈ ਕਿ ਨਾਸਤਿਕਤਾ ਦਾ ਖੁਸੀ/ਖੁਸ਼ਹਾਲੀ ਨਾਲ ਜਰੂਰ ਨੇੜਲਾ ਸਬੰਧ ਹੈ ਇਸੇ ਲਈ ਵਿਕਸਤ ਮੁਲਕ ਧਰਮ ਤੋਂ ਕਿਨਾਰਾਕਸੀ ਕਰ ਰਹੇ ਹਨ।

*ਯਾਦ ਸਦੀਵੀ*

## ਨਾਇਕ ਦਾ ਕਥਨ



...ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਅਸੀਂ ਜੀਣਾ ਹੈ, ਜ਼ਿੰਦਗੀ ਵੱਲ ਆਪਣਾ ਫਰਜ਼ ਪੂਰਾ ਕਰਨਾ ਹੈ, ਸੰਘਰਸ਼ ਨੂੰ ਨਵੇਂ ਇਰਾਦੇ ਨਾਲ ਜਾਰੀ ਰੱਖਣਾ ਹੈ ਅਤੇ ਇੱਕ ਅਜਿਹੇ ਪ੍ਰਬੰਧ ਦੀ ਕਾਇਮੀ ਲਈ ਜੱਦੋ ਜਹਿਦੀ ਕਰਨੀ ਹੈ, ਜਿਸ ਵਿੱਚ ਜਬਰ ਤੇ ਲੁੱਟ ਦੀ ਕੋਈ ਥਾਂ ਨਾ ਹੋਵੇ। ਰੱਬ ਅਤੇ ਦੇਵੀ-ਦੇਵਤਿਆਂ ਦੀ ਕਲਪਿਤ ਹੋਂਦ ਅੰਧ-ਵਿਸ਼ਵਾਸ ਨੂੰ ਜਨਮ ਦਿੰਦੀ ਹੈ। ਇਸ ਅੰਧ-ਵਿਸ਼ਵਾਸ ਨੇ ਹੀ ਧਰਮਾਂ ਦੇ ਪੁਆੜਿਆਂ ਨੂੰ ਹੋਂਦ ਵਿੱਚ ਲਿਆਂਦਾ ਹੈ, ਜਿਨ੍ਹਾਂ ਨੇ ਬੇਹੱਦ ਮਨੁੱਖੀ ਖ਼ੂਨ ਡੋਲ੍ਹਿਆ ਹੈ। ਜੇ ਅੰਧ-ਵਿਸ਼ਵਾਸ ਦੀਆਂ ਜੜ੍ਹਾਂ ਮੁਕਾਈਆਂ ਜਾਣ ਤਾਂ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਮਨੁੱਖ ਵਿਗਿਆਨਕ ਜੀਵਨ-ਫਲਸਫ਼ੇ ਜਾਂ ਜੀਵਨ-ਜਾਂਚ ਦਾ ਮਾਲਕ ਹੋ ਸਕਦਾ ਹੈ, ਜਿਸ ਨਾਲ ਉਹ ਆਪਣੇ ਆਲੇ-ਦੁਆਲੇ ਦਾ ਸਹੀ ਦ੍ਰਿਸ਼ਟੀ ਨਾਲ ਵਿਸ਼ਲੇਸ਼ਣ ਕਰਕੇ ਜੀਵਨ ਨੂੰ ਸਫਲ ਕਰ ਸਕਦਾ ਹੈ। **ਗੁਰਸ਼ਰਨ ਸਿੰਘ**

## ਖਤ ਦਾ ਬਿਰਤਾਂਤ

ਗੋਰਕੀ ਨਾਲ ਚਿੱਠੀ-ਪੱਤਰ ਕਰਨ ਵਾਲੀ ਇੱਕ ਮਜ਼ਦੂਰ ਦੀ 15 ਸਾਲਾ ਲੜਕੀ ਨੇ ਲਿਖਿਆ, 'ਇਸ ਉਮਰੇ ਉਸ ਅੰਦਰ ਇੱਕ ਲੇਖਿਕਾ ਦੀ ਪ੍ਰਤਿਭਾ ਜਾਗ ਪਈ ਹੈ। ਜਿਸ ਦਾ ਕਾਰਨ ਅਕੇਵੇਂ ਭਰਿਆ ਕਠੋਰ ਜੀਵਨ ਹੈ।' ਸਾਫ਼ ਹੈ, ਲੇਖਕ ਦੀ ਪ੍ਰਤਿਭਾ ਦੀ ਬਜਾਏ ਸਿਰਫ ਲਿਖਣ ਦੀ ਇੱਛਾ ਹੋਣਾ ਜ਼ਿਆਦਾ ਠੀਕ ਹੋਵੇਗਾ ਤਾਂ ਕਿ ਅਕੇਵੇਂ ਭਰੇ ਸਖਤ ਜੀਵਨ ਨੂੰ ਆਪਣੀ ਕਲਪਨਾ ਰਾਹੀਂ 'ਖ਼ੂਬਸੂਰਤ' ਬਣਾਇਆ ਜਾ ਸਕੇ। ਸਵਾਲ ਪੈਦਾ ਹੁੰਦਾ ਹੈ ਕਿ ਅਜਿਹੀਆਂ ਜੀਵਨ ਹਾਲਤਾਂ 'ਚ ਮਨੁੱਖ ਕਿਸ ਚੀਜ ਬਾਰੇ ਲਿਖ ਸਕਦਾ ਹੈ।

**..ਮੈਕਸਿਮ ਗੋਰਕੀ**

## ਰਸੂਲ ਹਮਜ਼ਾਤੋਵ ਨੇ ਕਿਹਾ:


ਜਨਮ 8 ਸਤੰਬਰ 1923

...ਸੋਨਾ ਜਾਂ ਚਾਂਦੀ ਆਪਣੇ ਆਪ ਵਿੱਚ ਕੋਈ ਮਹੱਤਤਾ ਨਹੀਂ ਰੱਖਦੇ। ਮਹੱਤਤਾ ਇਸ ਗੱਲ ਦੀ ਹੁੰਦੀ ਹੈ ਕਿ ਕਾਰੀਗਰ ਦੇ ਹੱਥ ਸੋਨਾ ਸਿਰਜਦੇ ਹੋਣ।

***

...ਲਫਜ਼ ਬਾਰਸ਼ ਵਾਂਗ ਹੁੰਦੇ ਹਨ ਜੋ ਪਹਿਲੀ ਵਾਰ ਨਿਆਮਤ ਹੁੰਦੀ ਹੈ, ਦੂਜੀ ਵਾਰ ਚੰਗੀ ਹੁੰਦੀ ਹੈ, ਤੀਜੀ ਵਾਰ ਸਹੀ ਜਾ ਸਕਦੀ ਹੈ ਜਦਕਿ ਚੌਥੀ ਵਾਰ ਮੁਸੀਬਤ ਹੁੰਦੀ ਹੈ।

***

...ਕੋਈ ਵਿਚਾਰ ਉਸ ਪ੍ਰਕਾਰ ਦਾ ਪਾਣੀ ਨਹੀਂ ਹੁੰਦਾ ਜਿਹੜਾ ਚੱਟਾਨਾਂ ਵਿੱਚੋਂ ਦੀ ਦੁੜੰਗੇ ਲਾਉਂਦਾ, ਫ਼ੁਹਾਰਾਂ ਦਾ ਬੱਦਲ ਛੱਡਦਾ ਹੋਇਆ ਹੇਠਾਂ ਆਉਂਦਾ ਹੈ, ਸਗੋਂ ਐਸਾ ਪਾਣੀ ਹੁੰਦਾ ਹੈ ਜਿਹੜਾ ਅੱਖਾਂ ਤੋਂ ਉਹਲੇ, ਤਪੀ ਹੋਈ ਧਰਤੀ ਨੂੰ ਨਮੀ ਪਹੁੰਚਾਉਂਦਾ ਹੈ ਤੇ ਬੂਟਿਆਂ ਤੇ ਦਰਖ਼ਤਾਂ ਦੀਆਂ ਜੜ੍ਹਾਂ ਨੂੰ ਪਾਲਦਾ ਹੈ।

## ਬੌਧਿਕ ਵਿਕਾਸ


ਜਨਮ 14 ਅਕਤੂਬਰ 1884

ਆਪਣੇ ਮਨ ਨੂੰ ਸਿੱਖਿਅਤ ਤੇ ਵਿਕਸਤ ਕਰਨਾ ਅਤੇ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰਨਾ ਤੁਹਾਡਾ ਫਰਜ਼ ਹੈ। ਜੇਕਰ ਤੁਸੀਂ ਆਪਣੇ ਦਿਮਾਗ ਨੂੰ ਵੱਧ ਤੋਂ ਵੱਧ ਵਿਕਸਤ ਨਹੀਂ ਕਰਦੇ ਤੇ ਇਸ ਦੀ ਵੱਧ ਤੋਂ ਵੱਧ ਵਰਤੋਂ ਨਹੀਂ ਕਰਦੇ ਤਾਂ ਤੁਸੀਂ ਹੈਵਾਨ ਵੱਧ ਅਤੇ ਇਨਸਾਨ ਘੱਟ ਹੋ। ਗਿਆਨ ਅਤੇ ਮਾਨਸਿਕ ਸਭਿਅਤਾ ਤੁਹਾਨੂੰ ਵਰਨਣ ਰਹਿਤ ਗੁਣ ਪ੍ਰਦਾਨ ਕਰਨਗੇ। ਤੁਸੀਂ ਧਰਮ ਅਤੇ ਸਿਆਸਤ ਵਿੱਚ ਅੰਧਵਿਸ਼ਵਾਸ ਅਤੇ ਭੜਕਾਹਟ ਦਾ ਸ਼ਿਕਾਰ ਨਹੀਂ ਹੋਵੋਗੇ। ਤੁਹਾਨੂੰ ਆਪਣੇ ਫਰਜ਼ ਦਾ ਪਤਾ ਹੋਵੇਗਾ ਤੇ ਤੁਸੀਂ ਇਸ ਨੂੰ ਪੂਰਾ ਕਰੋਗੇ। ਆਪਣੇ ਧਰਮ ਅਤੇ ਸਿਆਸਤ ਵਿੱਚ ਸਿਆਣੇ ਅਤੇ ਸੁਤੰਤਰ ਹੋਣਾ ਅਤੇ ਖੁਦਗਰਜ਼ ਪੁਜਾਰੀਆਂ ਅਤੇ ਪੂੰਜੀਵਾਦ ਜਾਂ ਫਰਜ਼ੀ ਸਮਾਜਵਾਦ ਦੇ ਸਾਜਿਸ਼ੀ ਸਿਆਸਤਦਾਨਾਂ ਦੇ ਧੋਖੇ ਵਿੱਚ ਨਾ ਆਉਣਾ ਇੱਕ ਨੇਕ ਆਦੇਸ਼ ਹੈ। ਜਿਸ ਨੂੰ ਪ੍ਰਾਪਤ ਕਰਨ ਲਈ ਸੰਘਰਸ਼ ਕਰਨਾ ਬਹੁਤ ਉਚਿਤ ਹੈ। ***ਲਾਲਾ ਹਰਦਿਆਲ***

# ਸਰੀਰ ਦੀ ਸੁਰੱਖਿਆ ਪ੍ਰਣਾਲੀ ਅਤੇ ਬਾਜ਼ਾਰ



ਡਾ. ਸ਼ਿਆਮ ਸੁੰਦਰ ਦੀਪਤੀ

ਅਸੀਂ ਸਰੀਰ ਦੀਆਂ ਅਨੇਕਾਂ ਪ੍ਰਣਾਲੀਆਂ ਬਾਰੇ ਜਾਣਦੇ ਹਾਂ। ਖ਼ੂਨ ਸੰਚਾਰ ਪ੍ਰਣਾਲੀ (ਦਿਲ ਅਤੇ ਨਾੜਾਂ), ਖ਼ੁਰਾਕ ਪ੍ਰਣਾਲੀ (ਪੇਟ ਅਤੇ ਆਂਤੜਾਂ), ਸਾਹ ਪ੍ਰਣਾਲੀ (ਨੱਕ, ਫੇਫੜੇ), ਦਿਮਾਗ ਅਤੇ ਨਿਕਾਸ (ਗੁਰਦੇ) ਪ੍ਰਣਾਲੀ ਆਦਿ ਨੂੰ ਲੋਕ ਕਿਸੇ ਨਾ ਕਿਸੇ ਢੰਗ ਨਾਲ, ਬੀਮਾਰ ਹੋਣ ਦੀ ਸੂਰਤ ਵਿੱਚ ਜਾਣਦੇ-ਸਮਝਦੇ ਹਨ ਤੇ ਡਾਕਟਰ ਇੰਨ੍ਹਾਂ ਅੰਗਾਂ ਦਾ ਨਾਂ ਲੈ ਕੇ ਨੁਕਸ ਦੱਸਦੇ ਹਨ। ਸੁਰੱਖਿਆ ਪ੍ਰਣਾਲੀ ਬਾਰੇ ਬਹੁਤੇ ਜਾਣੂ ਨਹੀਂ ਹਨ ਅਤੇ ਡਾਕਟਰ ਵੀ ਕਦੇ ਇਸ ਪ੍ਰਣਾਲੀ ਦਾ ਜਿਕਰ ਨਹੀਂ ਕਰਦੇ। ਦਰਅਸਲ ਸੁਰੱਖਿਆ ਪ੍ਰਣਾਲੀ ਸਰੀਰ ਦੀਆਂ ਸਾਰੀਆਂ ਪ੍ਰਣਾਲੀਆਂ ਦਾ ਧੁਰਾ ਹੈ। ਕਿਸੇ ਵੀ ਪ੍ਰਣਾਲੀ ਦਾ ਨੁਕਸ, ਜੋ ਲੱਛਣ ਬਣਕੇ ਸਾਡੇ ਸਾਹਮਣੇ ਆਉਂਦਾ ਹੈ, ਅਸਲ ਵਿੱਚ ਸੁਰੱਖਿਆ ਪ੍ਰਣਾਲੀ ਦੇ ਕਮਜ਼ੋਰ ਹੋਣ ਨਾਲ ਜੁੜਿਆ ਹੁੰਦਾ ਹੈ। ਸਾਡੀ ਪ੍ਰਚਲਿਤ ਇਲਾਜ ਪ੍ਰਣਾਲੀ ਵਿੱਚ, ਇਲਾਜ ਲੱਛਣਾਂ ਦਾ ਹੁੰਦਾ ਹੈ, ਪ੍ਰਣਾਲੀ ਅਧਾਰਿਤ ਹੁੰਦਾ ਹੈ ਤਾਂ ਲੱਛਣਾਂ ਨਾਲ ਜੁੜੀ ਪ੍ਰਣਾਲੀ ਹੀ ਮੁੱਖ ਥਾਂ ਲੈਂਦੀ ਹੈ ਜਿਵੇਂ ਦਿਲ ਦੀਆਂ ਬੀਮਾਰੀਆਂ, ਗੁਰਦੇ ਜਾਂ ਪੇਟ ਦੀਆਂ ਬੀਮਾਰੀਆਂ, ਸਾਹ ਦੀਆਂ ਤੇ ਹੱਡੀਆਂ ਆਦਿ ਦੀਆਂ ਅਤੇ ਸਾਡੇ ਸਮਾਜ ਵਿੱਚ ਡਾਕਟਰ, ਮਾਹਿਰ ਵੀ ਇੰਨ੍ਹਾਂ ਲਈ ਹੀ ਤਿਆਰ ਹੁੰਦੇ ਹਨ ਅਤੇ ਮਿਲਦੇ ਹਨ। ਸੁਰੱਖਿਆ ਪ੍ਰਣਾਲੀ ਦਾ ਮਾਹਿਰ ਡਾਕਟਰ ਤੁਹਾਨੂੰ ਸੁਣਨ ਨੂੰ ਨਹੀਂ ਮਿਲਦਾ।

ਸੁਰੱਖਿਆ ਪ੍ਰਣਾਲੀ ਦਾ ਕੰਮ ਹੈ, ਸਰੀਰ ਨੂੰ ਹਰ ਤਰ੍ਹਾਂ ਦੇ ਹਮਲੇ ਤੋਂ, ਹਰ ਤਰ੍ਹਾਂ ਦੇ ਨੁਕਸਾਨਦਾਇਕ ਤੱਤਾਂ ਤੋਂ ਬਚਾਉਣਾ, ਉਹ ਚਾਹੇ ਬੈਕਟੀਰੀਆ, ਵਾਇਰਸ ਹੋਣ ਜਾਂ ਕੋਈ ਰਸਾਇਣ ਤੱਤ ਜੋ ਧੂੰਏ ਆਦਿ ਤੋਂ ਪੈਦਾ ਹੋਣ ਅਤੇ ਨਾਲ ਹੀ ਸਰੀਰ ਦੀ ਰੋਜਮਰ੍ਹਾ ਦੀ ਕਾਰਗੁਜਾਰੀ ਦੌਰਾਨ ਪੈਦਾ ਹੋਏ ਫਾਲਤੂ ਨੁਕਸਾਨਦਾਇਕ ਤੱਤ, ਜੋ ਕੁੱਝ ਤਾਂ ਨਿਕਾਸ ਪ੍ਰਣਾਲੀ ਰਾਹੀਂ ਬਾਹਰ ਆ ਜਾਂਦੇ ਹਨ। (ਪੇਸ਼ਾਬ, ਮੱਲ, ਸਾਹ ਰਾਹੀਂ) ਤੇ ਕੁੱਝ ਖ਼ੂਨ ਵਿੱਚ ਘੁੰਮਦੇ ਹੋਏ ਨੁਕਸਾਨ ਵੀ ਕਰਦੇ ਹਨ। ਕਹਿਣ ਤੋਂ ਭਾਵ ਕੋਈ ਵੀ ਅਜਿਹੀ ਕਾਰਵਾਈ ਸਰੀਰ ਨੂੰ ਨੁਕਸਾਨ ਪਹੁੰਚਾਉਂਦੀ ਹੈ, ਉਸਨੂੰ ਠੀਕ ਢੰਗ ਨਾਲ ਸਾਂਭਣਾ ਅਤੇ ਸਹੀ ਟਿਕਾਣੇ ਲਗਾਉਣਾ। ਇੱਥੇ ਇਹ ਗੱਲ ਉਭਾਰਨ ਦੀ ਲੋੜ ਹੈ ਕਿ ਸਰੀਰ ਦੇ ਅੰਦਰਲੇ ਰਸਾਇਣ, ਸਰੀਰ ਦੀ ਕਾਰਜ ਪ੍ਰਣਾਲੀ ਦਾ ਹਿੱਸਾ ਹੀ ਹਨ, ਪਰ ਅਸੀਂ ਬਾਹਰੀ ਵਾਤਾਵਰਨ ਤੋਂ, ਆਪਣੀ ਰੋਜਮਰ੍ਹਾ ਦੀ ਕਾਰਗੁਜਾਰੀ ਰਾਹੀਂ ਇੱਕ ਤਾਂ ਨੁਕਸਾਨਦਾਇਕ ਤੱਤ ਅੰਦਰ ਲੈ ਜਾ ਰਹੇ ਹਨ (ਜੋ ਕਿ ਅਸੀਂ ਹੀ ਸਹੇੜੇ ਹਨ-ਖੁਰਾਕ, ਨਸ਼ੇ, ਤਨਾਓ, ਪ੍ਰਦੂਸ਼ਣ ਆਦਿ) ਅਤੇ ਨਾਲ ਹੀ ਅੰਦਰੂਨੀ ਕਾਰਜ ਪ੍ਰਣਾਲੀ ਨੂੰ ਠੱਲ ਪਾਉਣ ਦੀ ਥਾਂ, ਉਸਨੂੰ ਹੋਰ ਕਮਜ਼ੋਰ ਕਰ ਰਹੇ ਹਾਂ ਤੇ ਉਹ ਤੱਤ ਵੀ ਖਾਰਜ ਘੱਟ ਹੁੰਦੇ ਹਨ ਤੇ ਸਰੀਰ ਵਿੱਚ ਲਗਾਤਾਰ ਇਕੱਠੇ ਹੁੰਦੇ ਰਹਿੰਦੇ ਹਨ।

ਸਰੀਰ ਦੀ ਸੁਰੱਖਿਆ ਪ੍ਰਣਾਲੀ ਇੱਕ ਅਜੀਬੋ-ਗਰੀਬ ਪ੍ਰਣਾਲੀ ਹੈ। ਇਸਦਾ ਆਪਣਾ ਇਕ ਖਾਸ ਪ੍ਰਬੰਧ ਹੈ। ਇਸਨੂੰ ਚਲਾਉਣ ਲਈ ਇੱਕ ਪ੍ਰਬੰਧਕੀ ਅਮਲਾ ਹੈ। ਇਸ ਪ੍ਰਬੰਧ ਨੂੰ ਅਸੀਂ ਪੁਲਿਸ ਵਿਭਾਗ ਨਾਲ ਤੁਲਨਾ ਕਰ ਸਕਦੇ ਹਾਂ ਜਿਸ ਦੇ ਇਸ ਵਿਭਾਗ ਦੇ ਤਹਿਤ ਸੜਕਾਂ ਤੇ ਫੇਰੀ ਮਾਰਨ ਵਾਲੇ ਸਿਪਾਹੀ, ਖਬਰੀ, ਸੂਚਨਾ ਇਕੱਠੀ ਕਰਨ ਅਤੇ ਜਸੂਸੀ ਕਰਨ ਵਾਲੇ ਸਿਪਾਹੀ, ਮਾਹਿਰ ਰਾਏ ਦੇਣਾ, ਪ੍ਰਸ਼ਾਸਨਿਕ ਮੁੱਖ ਅਧਿਕਾਰੀ, ਟ੍ਰੇਨਿੰਗ ਸਕੂਲ ਅਤੇ ਨਵੇਂ ਰੰਗਰੂਟ ਦਾਖਲ ਕਰਨਾ ਵਾਲਾ ਵਿੰਗ ਤਰ੍ਹਾਂ ਹੀ ਸੁਰੱਖਿਆ ਪ੍ਰਣਾਲੀ ਦਾ ਇੱਕ ਤਾਣਾ ਬਾਣਾ ਹੁੰਦਾ ਹੈ।

ਸੁਰੱਖਿਆ ਪ੍ਰਣਾਲੀ ਦੀ ਮੌਜੂਦਗੀ ਦਾ ਭਾਵੇਂ ਸਾਨੂੰ ਉਸ ਸ਼ਿੱਦਤ ਨਾਲ ਅਹਿਸਾਸ ਨਹੀਂ ਹੁੰਦਾ, ਜਿਸ ਤਰ੍ਹਾਂ ਦਾ ਇਸਦਾ ਕੰਮ ਹੈ, ਪਰ ਇਸਨੂੰ ਦੂਸਰੇ ਪਹਿਲੂ ਤੋਂ ਸਮਝਿਆ ਜਾਵੇ ਕਿ ਜੇਕਰ ਇਹ ਪ੍ਰਣਾਲੀ ਤਹਿਸ-ਨਹਿਸ ਹੋ ਜਾਵੇ ਤਾਂ ਕੋਈ ਵੀ ਵਿਅਕਤੀ ਮਹੀਨਾ ਭਰ ਵੀ ਜ਼ਿੰਦਾ ਨਹੀਂ ਰਹਿ ਸਕਦਾ, ਜੋ ਕਿ ਔਸਤਨ 65-70 ਸਾਲ ਉਮਰ ਭੋਗਦਾ ਹੈ। ਇਸਦੇ ਇਸ ਪਹਿਲੂ ਨੂੰ, ਇਸ ਤੱਥ ਤੋਂ ਵੀ ਸਮਝ ਸਕਦੇ ਹਾਂ ਕਿ ਸਾਡੇ ਆਲੇ-ਦੁਆਲੇ ਪ੍ਰਦੂਸ਼ਿਤ ਵਾਤਾਵਰਨ ਹੈ। ਅਸੀਂ ਹਰ ਰੋਜ ਕਿੰਨੇ ਹੀ ਜ਼ਰਮ (ਕੀਟਾਣੂ, ਵਿਸ਼ਾਣੂ) ਅਤੇ ਰਸਾਇਣ (ਧੂੰਏ ਦੇ ਰੂਪ ਵਿੱਚ) ਆਪਣੇ ਅੰਦਰ ਲੈ ਕੇ ਜਾਂਦੇ ਹਾਂ। ਇਸੇ ਤਰ੍ਹਾਂ ਬਾਜ਼ਾਰੋਂ ਸਬਜੀਆਂ-ਸਮਾਨ ਖਰੀਦਦੇ ਹਾਂ, ਖਾਂਦੇ ਪੀਂਦੇ ਹਾਂ। ਅਸੀਂ ਹਰ ਰੋਜ ਸਵੇਰੇ ਘਰੋਂ ਨਿਕਲ ਕੇ ਸ਼ਾਮੀ ਬੀਮਾਰ ਹੋ ਕੇ ਘਰ ਨਹੀਂ ਆਉਂਦੇ। ਜਿੱਥੋਂ ਤੱਕ ਵਾਹ ਲੱਗਦੀ ਹੈ, ਸਾਡੀ ਸੁਰੱਖਿਆ ਪ੍ਰਣਾਲੀ ਇੰਨ੍ਹਾਂ ਦੇ ਹਮਲਿਆਂ ਨਾਲ ਨਜਿੱਠਦੀ ਹੈ।

**ਸੁਰੱਖਿਆ ਪ੍ਰਣਾਲੀ ਦੇ ਕੁੱਝ ਮਹੱਤਵਪੂਰਨ ਅੰਗ :**

**1. ਸਿਪਾਹੀਆਂ ਦੇ ਰੂਪ ਵਿੱਚ ਗਸ਼ਤ ਕਰਦੇ**

ੳ) ਗਰੇਨੂਲੋਸਾਈਟ, ਅ) ਮੈਕਰੋਫੇਜੀਜ

ਇਸ ਵਿਚੋਂ ਵੀ ਜਦੋਂ ਹਮਲਾ ਹੁੰਦਾ ਹੈ, ਫੌਰੀ ਹਰਕਤ ਵਿੱਚ ਆਉਣ ਵਾਲੇ ਗਰੇਨੂਲੋਸਾਈਟ ਹੁੰਦੇ ਹਨ।

ਮੈਕਰੋਫੇਜਿਜ, ਵੀ ਉਸੇ ਤਰਜ ਤੇ ਕੰਮ ਕਰਦੇ ਹਨ, ਪਰ ਇਹ ਕੁੱਝ ਜਿਆਦਾ ਮਾਹਿਰ ਹੁੰਦੇ ਹਨ। ਇਨ੍ਹਾਂ ਦੀ ਵਿਸ਼ੇਸ਼ਤਾ ਹੁੰਦੀ ਹੈ ਕਿ ਇਹ ਦੁਸ਼ਮਣ ਦੀ (ਜਰਮ, ਰਸਾਇਣ) ਦੀ ਪਛਾਣ ਨੂੰ ਸਾਂਭ ਲੈਂਦੇ ਤੇ ਨਾਲ ਹੀ ਇਹ ਹਮਲੇ ਦੀ ਸੂਚਨਾ ਅੱਗੋਂ ਪ੍ਰਬੰਧਕੀ ਅਮਲੇ ਨੂੰ ਪਹੁੰਚਾਉਂਦੇ ਹਨ।

2. **ਕਮਪਲੀਮੈਂਟ** : ਇਹ ਦੂਸਰੇ ਪੜਾਅ ਦੇ ਫੌਜੀ ਹਨ, ਜੋ ਗਰੇਨੂਲੋਸਾਈਟ ਨੂੰ ਅਤੇ ਮੈਕਰੋਫੇਜੀਜ ਨੂੰ ਹਮਲੇ ਵਾਲੀ ਥਾਂ (ਚਮੜੀ ਦੀ ਸੱਟ, ਸਾਹ ਪ੍ਰਣਾਲੀ ਜਾ ਪੇਟ) ਤੇ ਪਹੁੰਚਣ ਲਈ ਸੂਚਿਤ ਕਰਦੇ ਹਨ। ਇਹ ਸਰੀਰ ਨੂੰ ਚੇਤਾਵਨੀ ਦਿੰਦੇ ਹਨ ਕਿ ਸਰੀਰ ਨਾਲ ਕੁਝ ਗਲਤ ਵਾਪਰ ਗਿਆ ਹੈ।

3. **ਸੀ.ਡੀ. 4 ਸੈੱਲ** : ਇਹ ਇੱਕ ਤਰ੍ਹਾਂ ਦੇ ਇਸ ਪ੍ਰਬੰਧ ਦੇ ਅਧਿਕਾਰੀ ਹਨ। ਸੀ.ਡੀ. 4 ਸੈੱਲ ਉਦੋਂ ਹਰਕਤ ਵਿੱਚ ਆਉਂਦੇ ਹਨ ਜਦੋਂ ਪਹਿਲੀ ਸੁਰੱਖਿਆ ਦੀ ਕਤਾਰ ਕੰਮ ਕਰਨ ਲਈ ਸਮਰਥ ਨਹੀਂ ਹੁੰਦੀ। ਇਸ ਸਥਿਤੀ ਨੂੰ ਜਾਂਚਣ ਤੋਂ ਬਾਅਦ ਉਹ ਤਾਕਤਵਰ ਸਿਪਾਹੀਆਂ-ਜਿਵੇਂ ਬੀ. ਸੈੱਲ ਅਤੇ ਐਂਟੀਬਾਡੀਜ ਨੂੰ ਇਸ ਕਾਰਵਾਈ ਲਈ ਅੱਗੇ ਨੂੰ ਬੁਲਾਉਂਦੇ ਹਨ।

4. **ਬੀ-ਸੈੱਲ ਅਤੇ ਐਂਟੀਬਾਡੀਜ** : ਵਿਸ਼ੇਸ਼ ਹਥਿਆਰਾਂ ਨਾਲ ਲੈਸ ਹੁੰਦੇ ਹਨ ਅਤੇ ਵੱਧ ਘਾਤਕ ਅਤੇ ਹਮਲਾਵਰ ਹੁੰਦੇ ਹਨ। ਇਸ ਸਾਰੇ ਪ੍ਰਬੰਧ ਵਿੱਚ ਸਾਈਟੋਕਾਈਨ ਅਤੇ ਇੰਟਰਲਿਉਕੋਨ ਨਾਂ ਦੇ ਪ੍ਰੋਟੀਨ ਸੁਨੇਹਾ ਵਾਹਕਾਂ ਦਾ ਕੰਮ ਕਰਦੇ ਹਨ।

ਇਸ ਪ੍ਰਣਾਲੀ ਦਾ ਜਿਕਰ ਇਸ ਕਰਕੇ ਨਹੀਂ ਹੁੰਦਾ ਕਿ ਇਹ ਨਿਯੰਤ੍ਰਿਤ (ਕੰਟਰੋਲ) ਕਰਨ ਵਾਲੀ ਹੈ। ਆਮ ਤੌਰ ਤੇ, ਪੁਲਿਸ ਦੀ ਉਦਾਹਰਨ ਤੋਂ ਸਮਝੀਏ ਤਾਂ ਬਲਾਤਕਾਰ, ਆਤਮ ਹੱਤਿਆ, ਸੜਕ ਦੁਰਘਟਨਾਵਾਂ ਜਾਂ ਹੋਰ ਵਾਰਦਾਤਾਂ ਹੁੰਦੀਆਂ ਹਨ ਤਾਂ ਕਾਨੂੰਨ ਵਿਵਸਥਾ, ਕਾਨੂੰਨ ਵਿੱਚ ਸੋਧ, ਸਜਾਵਾਂ ਦੀ ਗੱਲ ਹੁੰਦੀ ਹੈ, ਪਰ ਪੁਲਿਸ ਪ੍ਰਬੰਧ ਵਿੱਚ ਕਿਵੇਂ ਨਵੇਂ ਢੰਗ ਲਿਆ ਕੇ ਉਸਨੂੰ ਮਜਬੂਤ ਕੀਤਾ ਜਾਵੇ ਇਹ ਗੱਲ ਘੱਟ ਉਭਰਦੀ ਹੈ। ਇਸ ਸੁਰੱਖਿਆ ਪ੍ਰਣਾਲੀ ਨੂੰ ਸਮਝਣ ਜਾਨਣ ਲਈ, ਏਡਜ਼ ਦੀ ਬੀਮਾਰੀ ਨੇ ਸਾਨੂੰ ਸੁਚੇਤ ਕੀਤਾ। ਏਡਜ ਦੀ ਬੀਮਾਰੀ ਦਾ ਪੂਰਾ ਨਾਂ ਹੈ - ਏਕਵਾਇਰਡ ਅਮੀਉਨੋ ਡੈਫੀਸੈਂਸੀ ਸਿੰਡੋਰਮ। ਸੁਰੱਖਿਆ ਪ੍ਰਣਾਲੀ ਨੂੰ ਕਮਜ਼ੋਰ ਕਰਨ ਵਾਲੀ ਬੀਮਾਰੀ। ਏਡਜ਼ ਦੀ ਬੀਮਾਰੀ ਦਾ ਕੋਈ ਬੀਮਾਰੀ ਨਾਲ ਜੁੜਿਆ ਵਿਸ਼ੇਸ਼ ਲੱਛਣ ਨਹੀਂ ਹੈ। ਬੀਮਾਰੀ ਦਾ ਵਾਇਰਸ ਸੁਰੱਖਿਆ ਪ੍ਰਣਾਲੀ ਦੇ ਸਿਪਾਹੀਆਂ ਨੂੰ ਤਹਿਸ ਨਹਿਸ ਕਰਦਾ ਹੈ ਤੇ ਫਿਰ ਸਰੀਰ ਵਿੱਚ ਕਿਸੇ ਵੀ ਹੋਰ ਪ੍ਰਣਾਲੀ ਤੇ ਹਮਲਾ ਮਰੀਜ ਨੂੰ ਮਾਰ ਦਿੰਦਾ ਹੈ। ਜੇਕਰ ਏਡਜ਼ ਦੇ ਮਰੀਜ ਨਾਲ ਕਦੇ ਗੱਲਬਾਤ ਕਰਨ ਦਾ ਮੌਕਾ ਮਿਲਿਆ ਹੋਵੇ ਤਾਂ ਉਨ੍ਹਾਂ ਦੀ ਬੀਮਾਰੀ ਦਾ ਪੱਧਰ ਜਾਨਣ ਲਈ, ਜੋ ਟੈਸਟ ਹੁੰਦਾ ਹੈ-ਉਹ ਹੈ ਸੀ.ਡੀ. 4 ਸੈੱਲਾਂ ਦੀ ਗਿਣਤੀ, ਜਿਸਨੂੰ ਆਪਾਂ ਇਸ ਪ੍ਰਣਾਲੀ ਦੇ ਮੁੱਖ ਅਧਿਕਾਰੀ, ਜਰਨਲ ਕਿਹਾ ਹੈ।

**ਸੁਰੱਖਿਆ ਪ੍ਰਣਾਲੀ, ਸਿਹਤ ਅਤੇ ਬਾਜ਼ਾਰ :**

ਇਸ ਪ੍ਰਣਾਲੀ ਦੀ ਸੰਖੇਪ ਜਿਹੀ ਸਮਝ ਤੋਂ ਇਹ ਜਾਣਨਾ ਹੈ ਕਿ ਕਿਵੇਂ ਸਾਡੇ ਸਰੀਰ ਦੀ ਇਹ ਪ੍ਰਣਾਲੀ ਕਾਰਜ ਕਰਦੀ ਹੈ ਤੇ ਕਿਵੇਂ ਇਸਦੀ ਕਮਜ਼ੋਰੀ ਨਾਲ ਬੀਮਾਰੀਆਂ ਅਤੇ ਸਿਹਤ ਦਾ ਰਿਸ਼ਤਾ ਹੈ। ਇਸ ਸਮਝ ਦੇ ਤਹਿਤ ਦੋ ਪਹਿਲੂ ਉਭਾਰਨ ਦੀ ਲੋੜ ਹੈ :

1. ਸੁਰੱਖਿਆ ਪ੍ਰਣਾਲੀ ਨੂੰ ਆਪਣਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਲਈ ਇਸਨੂੰ ਠੀਕ ਠਾਕ ਰੱਖਿਆ ਜਾਵੇ ਤੇ ਉਹ ਸਾਰੇ ਉਪਰਾਲੇ ਢੰਗ ਤਰੀਕੇ ਵਰਤੇ ਜਾਣ ਜੋ ਇਸ ਪ੍ਰਣਾਲੀ ਨੂੰ ਪੂਰੀ ਕਾਰਜਕੁਸ਼ਲਤਾ ਨਾਲ ਕੰਮ ਕਰਨ ਵਿੱਚ ਸਹਾਇਕ ਹੁੰਦੇ ਹਨ।

2. ਦੂਸਰਾ ਪਹਿਲੂ ਹੈ ਕਿ ਜੇਕਰ ਬੀਮਾਰੀ ਹੋ ਜਾਵੇ, ਕਿਸੇ ਤਰ੍ਹਾਂ ਦਾ ਬਾਹਰੀ-ਅੰਦਰਲਾ ਹਮਲਾ ਸਾਂਭਿਆ ਨਾ ਜਾਵੇ ਤਾਂ ਫੌਰੀ ਉਨ੍ਹਾਂ ਲੱਛਣਾਂ, ਉਸ ਗੰਭੀਰ ਸਥਿਤੀ ਦਾ ਇਲਾਜ ਕਰਕੇ, ਲੱਛਣ ਠੀਕ ਕਰਕੇ, ਸੁਰੱਖਿਆ ਪ੍ਰਣਾਲੀ ਤੇ ਆਪਣੀ ਸਮਝ ਨੂੰ ਕੇਂਦ੍ਰਿਤ ਕੀਤਾ ਜਾਵੇ ਕਿ ਅਜਿਹਾ ਕੀ ਨੁਕਸ ਪੈ ਗਿਆ ਕਿ ਹਮਲਾ ਸਾਂਭਿਆ ਨਹੀਂ ਗਿਆ।

ਇਹ ਦੇਖਣ ਵਿੱਚ ਆਇਆ ਕਿ ਕਿਸੇ ਵੀ ਕੀਟਾਣੂ, ਜੀਵਾਣੂ ਜਾਂ ਰਸਾਇਣਕ ਹਮਲੇ ਦੌਰਾਨ ਬੀਮਾਰੀ ਕਿਉਂ ਹੁੰਦੀ ਹੈ। ਉਹ ਕੁੱਝ ਕੁ ਹਾਲਾਤਾਂ ਇਸ ਤਰ੍ਹਾਂ ਹਨ :

1. ਹਮਲੇ ਦਾ ਵੱਡਾ ਹੋਣਾ, ਦੁਸ਼ਮਣਾਂ ਦੀ ਗਿਣਤੀ (ਕੀਟਾਣੂ, ਜੀਵਾਣੂ) ਗਰੇਨੂਲੋਸਾਈਟ, ਫੇਰੀ ਕਰਦੇ ਸਿਪਾਹੀਆਂ ਤੋਂ ਵੱਧ ਹੋਣਾ।

2. ਸੁਰੱਖਿਆ ਪ੍ਰਣਾਲੀ ਦਾ ਸੁਸਤ ਹੋਣਾ। ਸੁਨੇਹਾ ਵਾਹਕਾਂ ਤੋਂ ਲੈ ਕੇ ਸਿਪਾਹੀਆਂ ਦੀ ਪਲਟਨ ਪਹੁੰਚਣ ਵਿੱਚ ਵੱਧ ਸਮਾਂ ਲੱਗਣਾ।

3. ਸਿਪਾਹੀਆਂ ਦੇ ਆਣ ਦੇ ਬਾਵਜੂਦ ਉਨ੍ਹਾਂ ਦੇ ਕੰਮਕਾਜ ਦੇ ਤਰੀਕੇ ਵਿੱਚ ਸੁਸਤੀ ਹੋਣਾ। ਜਿਵੇਂ ਅਸੀਂ ਮੋਟੇ ਢਿੱਡ ਵਾਲੇ ਸਿਪਾਹੀ ਤੋਂ ਕਿਸੇ ਫੁਰਤੀਲੇ ਚੋਰ ਨੂੰ ਫੜਣ ਦੀ

ਆਸ ਨਹੀਂ ਕਰ ਸਕਦੇ।

4. ਮਾਹਿਰ ਸਿਪਾਹੀਆਂ - ਵੱਧ ਤਾਕਤਵਰ ਹਥਿਆਰਾਂ ਵਾਲੇ ਸਿਪਾਹੀਆਂ ਬੀ-ਸੈੱਲ ਆਦਿ ਦੀ ਗਿਣਤੀ ਘੱਟ ਹੋਣੀ ਤੇ ਟ੍ਰੇਨਿੰਗ ਵੀ ਨਾ ਹੋਣੀ।

5. ਸਰੀਰ ਉੱਪਰ ਕਿਸੇ ਅਨਜਾਣ ਦੁਸ਼ਮਣ ਦਾ ਇਕੋਦਮ ਹਮਲਾ, ਜਿਸ ਬਾਰੇ ਸੁਰੱਖਿਆ ਪ੍ਰਣਾਲੀ ਕੋਲ ਕੋਈ ਢੰਗ ਤਰੀਕਾ ਨਾ ਹੋਣਾ। ਜਿਵੇਂ ਆਪਾਂ ਬੀਮਾਰੀਆਂ ਦੇ ਜਰਮਾਂ ਦੀ ਪਛਾਣ ਅਤੇ ਉਨ੍ਹਾਂ ਮੁਤਾਬਿਕ ਮਾਹਿਰਾਂ ਨੂੰ ਤਿਆਰ ਕਰਨਾ-ਐਂਟੀਬਾਡੀਜ ਇਹ ਕੰਮ ਕਰਦੀਆਂ ਹਨ।

ਹਮਲੇ ਦੀ ਕਿਸਮ ਅਤੇ ਸੁਰੱਖਿਆ ਪ੍ਰਣਾਲੀ ਦੇ ਆਪਸੀ ਸੰਬੰਧ ਨੂੰ ਸਮਝਣ ਤੋਂ ਬਾਅਦ ਜੋ ਚੀਜ ਸਮਝਣ ਵਾਲੀ ਹੈ ਉਹ ਹੈ:

ਸਰੀਰ ਨੂੰ ਰੋਜ਼ਾਨਾ ਅਜਿਹਾ ਕੁਝ ਮੁਹੱਈਆ ਕਰਵਾਉਣਾ (ਖੁਰਾਕ, ਪਾਣੀ, ਹਵਾ, ਸਮਾਜਿਕ ਮਾਨਸਿਕ ਹਾਲਤ) ਤਾਂ ਜੋ ਉਹ ਆਪਣੀ ਰੋਜਮਰ੍ਹਾ ਦੀ ਲੋੜੀਂਦੀ ਸਮਰੱਥਾ ਬਣਾਈ ਰੱਖੇ। ਦੂਸਰਾ ਹੈ ਕਿ ਅਜਿਹੀਆਂ ਹਾਲਤਾਂ ਤੋਂ ਬਚਣਾ ਜੋ ਅਸੀਂ ਕਈ ਵਾਰੀ ਸੁਚੇਤ ਤੌਰ ਤੇ ਵਰਤਦੇ ਹਾਂ, ਜੋ ਸੁਰੱਖਿਆ ਪ੍ਰਣਾਲੀ ਨੂੰ ਤਾਕਤ ਦੇਣ ਦੀ ਬਜਾਏ ਕਮਜੋਰ ਕਰਦੀਆਂ ਹਨ (ਨਸ਼ੇ, ਧੂੰਆਂ, ਤਨਾਉ ਆਦਿ) ਇਸ ਤਰ੍ਹਾਂ ਹੋਣ ਨਾਲ ਸਾਡੇ ਪਹਿਲੇ ਕੀਤੇ ਉਪਰਾਲੇ ਵੀ ਆਪਣਾ ਅਸਰ ਨਹੀਂ ਦਿਖਾ ਪਾਉਂਦੇ।

ਏਡਜ ਬੀਮਾਰੀ ਦੇ ਪਹਿਲੂ ਤੋਂ ਹੀ ਇੱਕ ਗੱਲ ਹੋਰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਕਿਸੇ ਵਕਤ ਏਡਜ ਹੋਣ ਦਾ ਮਤਲਬ ਮੌਤ ਸੀ। ਅੱਜ ਸਾਡੇ ਕੋਲ ਕੁਝ ਕੁ ਐਂਟੀਵਾਇਰਲ ਦਵਾਈਆਂ ਹਨ ਜੋ ਏਡਜ ਦੇ ਵਾਇਰਸ ਨੂੰ ਮਾਰਦੀਆਂ ਹਨ। ਇਹ ਸਮਝਿਆ ਜਾਂਦਾ ਹੈ ਇੰਨ੍ਹਾਂ ਦਵਾਈਆਂ ਨਾਲ ਮਰੀਜ ਦੀ ਉਮਰ ਛੇ-ਸੱਤ ਸਾਲ ਵੱਧ ਜਾਂਦੀ ਹੈ। ਸੁਰੱਖਿਆ ਪ੍ਰਣਾਲੀ ਦੇ ਅਧਿਐਨ ਤੋਂ ਬਾਅਦ ਜਦੋਂ ਇਸਦੀ ਕਾਰਗੁਜਾਰੀ ਸਮਝੀ ਗਈ ਕਿ ਜੇਕਰ ਸੁਰੱਖਿਆ ਪ੍ਰਣਾਲੀ ਨੂੰ ਤਾਕਤਵਰ ਬਣਾਉਣ ਵਾਲੇ ਪਹਿਲੂ ਜਿਵੇਂ ਚੰਗੀ ਖੁਰਾਕ (ਐਂਟੀਆਕਸੀਡੈਂਟ, ਵਿਟਾਮਨ ਵਾਲੀ) ਸਮਾਜ ਵੱਲੋਂ ਪਿਆਰ, ਚੰਗੇ ਪਰਿਵਾਰਕ ਰਿਸ਼ਤੇ (ਜਿਸ ਤਰ੍ਹਾਂ ਕਿ ਅੱਜ ਵੀ ਨਫ਼ਰਤ ਅਤੇ ਵਿਤਕਰੇ ਦੀ ਗੱਲ ਹੁੰਦੀ ਹੈ), ਆਤਮ ਵਿਸ਼ਵਾਸ ਨੂੰ ਵਧਾਵਾ ਦੇਣ ਵਾਲੇ ਪਹਿਲੂ, ਕੌਂਸਲਿੰਗ ਆਦਿ ਹੋਣ ਤਾਂ ਵਿਅਕਤੀ ਦਵਾਈ ਤੋਂ ਬਿਨਾਂ ਵੀ ਛੇ-ਸੱਤ ਸਾਲ ਕੱਢ ਸਕਦਾ ਹੈ। ਇਹ ਵੀ ਸਿੱਟਾ ਕੱਢਿਆ ਗਿਆ, ਜਿੰਨ੍ਹਾਂ ਕੰਮ ਦਵਾਈਆਂ ਵਾਇਰਸ ਨੂੰ ਮਾਰ ਕੇ ਕਰਦੀਆਂ ਹਨ, ਉਨ੍ਹਾਂ ਕੰਮ ਉਹ ਨਾਲੋ ਨਾਲ ਸੁਰੱਖਿਆ ਪ੍ਰਣਾਲੀ ਤੇ ਬੁਰਾ ਪ੍ਰਭਾਵ ਛੱਡ ਕੇ ਕਰਦੀਆਂ ਹਨ, ਕਿਉਂਕਿ ਦਵਾਈਆਂ ਵੀ ਘੱਟ ਖਤਰਨਾਕ ਨਹੀਂ ਹਨ। ਇਸ ਤਰ੍ਹਾਂ ਵੀ ਸਮਝਿਆ ਗਿਆ ਕਿ ਦਵਾਈਆਂ ਬਹੁਤਾ ਅਸਰ ਨਹੀਂ ਕਰਦੀਆਂ, ਜਿੰਨ੍ਹਾਂ ਹੋਰ ਢੰਗ ਕਰ ਸਕਦੇ ਹਨ।

**ਕੁਦਰਤ, ਸਿਹਤ ਅਤੇ ਬਾਜ਼ਾਰ :**

ਜੇਕਰ ਅਕਸਰ ਵਿਕਾਸ ਲੜੀ ਨੂੰ ਦੇਖੀਏ ਤਾਂ ਕੁਦਰਤ ਨੇ ਸਭ ਨੂੰ ਆਤਮ ਨਿਰਭਰ ਬਣਾਇਆ ਹੈ। ਸਰੀਰ ਦੀਆਂ ਸਾਰੀਆਂ ਪ੍ਰਣਾਲੀਆਂ, ਉਨ੍ਹਾਂ ਦੇ ਆਪਣੇ ਸੁਚੱਜੇ ਕਾਰਜ। ਉਨ੍ਹਾਂ ਨੂੰ ਕਾਰਜਸ਼ੀਲ ਰਹਿਣ ਲਈ ਖੁਰਾਕ, ਪਾਣੀ, ਹਵਾ। ਸਾਰੇ ਜੀਵ ਹੀ ਚਾਹੇ ਉਹ ਧਰਤੀ ਤੇ ਰਹਿਣ ਚਾਹੇ ਸਮੁੰਦਰ ਵਿੱਚ। ਧਰਤੀ ਤੇ ਵੀ ਉਹ ਪਹਾੜਾਂ, ਜੰਗਲਾਂ, ਰੇਤਲੇ ਇਲਾਕਿਆਂ ਵਿੱਚ ਰਹਿਣ। ਉਨ੍ਹਾਂ ਦੀਆਂ ਪ੍ਰਣਾਲੀ ਉਸੇ ਤਰ੍ਹਾਂ ਹੀ ਢਲੀਆ ਹੋਈਆਂ ਹਨ। ਮਨੁੱਖ ਨੇ ਸਮਾਜ ਰਚਿਆ ਤੇ ਕੁਦਰਤ ਨਾਲ ਛੇੜਛਾੜ ਕੀਤੀ। ਖੁਰਾਕ ਤੋਂ ਲੈ ਕੇ ਆਪਣੇ ਆਲੇ ਦੁਆਲੇ ਦੇ ਵਾਤਾਵਰਨ ਤੱਕ।

ਇਸ ਛੇੜਛਾੜ ਨੇ ਮਨੁੱਖ ਨੂੰ ਕਿੰਨਾ ਆਰਾਮ ਪਹੁੰਚਾਇਆ, ਸੁਰੱਖਿਆ ਦਿੱਤੀ (ਬਾਹਰੀ) ਅਤੇ ਕਿੰਨਾ ਸਰੀਰ ਦੇ ਅੰਦਰ ਕਮਜ਼ੋਰ ਕੀਤਾ, ਇਹ ਸਵਾਲ ਹੈ।

ਮਨੁੱਖ ਨੇ ਇਸ ਵਿਕਾਸ ਲੜੀ ਵਿੱਚ ਬੀਮਾਰੀਆਂ ਨੂੰ ਵੀ ਸਮਝਿਆ। ਬੀਮਾਰੀਆਂ ਨਾਲ ਲੜਣ ਦੇ ਰਾਹ ਵੀ ਲੱਭੇ। ਕਾਮਯਾਬ ਵੀ ਹੋਇਆ ਪਰ ਇਲਾਜ ਦਾ ਕੇਂਦਰ ਬੀਮਾਰੀ ਅਤੇ ਲੱਛਣ ਰਹੇ। ਅੱਜ ਵੀ ਅਸੀਂ ਦਿਲ ਦੀਆਂ ਬੀਮਾਰੀਆਂ ਦੀ ਗੱਲ ਕਰਦੇ ਹਾਂ ਪਰ ਇਹ ਖੂਨ ਦੀਆਂ ਨਾੜਾਂ ਬੰਦ ਕਿਉਂ ਹੁੰਦੀਆਂ ਹਨ। ਇੰਨ੍ਹਾਂ ਤੱਕ ਇਹ ਪ੍ਰਭਾਵ ਪੈਣ ਤੱਕ ਸਾਡੀ ਸੁਰੱਖਿਆ ਪ੍ਰਣਾਲੀ ਆਪਣਾ ਵਾਹ ਕਿਉਂ ਨਹੀਂ ਲਗਾਉਂਦੀ? ਦਰਅਸਲ ਸਿਹਤ ਦੀ ਸਮਝ ਲਈ ਸੁਰੱਖਿਆ ਤੰਤਰ ਨੂੰ ਸਮਝਣ ਦੀ ਗੱਲ ਉਭਰੀ ਹੀ ਨਹੀਂ। ਇਹ ਪਹਿਲੂ ਸਪੱਸ਼ਟ ਤੌਰ ਤੇ ਸਾਡੇ ਸਾਹਮਣੇ ਲਿਆਇਆ ਹੀ ਨਹੀਂ ਗਿਆ। ਨਿਸ਼ਚਿਤ ਰੂਪ ਵਿੱਚ ਬੀਮਾਰੀ ਪਰੇਸ਼ਾਨ ਕਰਦੀ ਹੈ। ਉਸ ਹਾਲਤ ਵਿੱਚੋਂ ਬਾਹਰ ਆਉਣਾ ਜਰੂਰੀ ਹੈ ਤੇ ਛੇਤੀ ਤੋਂ ਛੇਤੀ ਆਪਣੇ ਆਪ ਨੂੰ ਠੀਕ ਕਰਨਾ ਪਹਿਲ ਹੈ ਪਰ ਜੇਕਰ ਸੁਰੱਖਿਆ ਤੰਤਰ ਅਜਿਹਾ ਹੀ ਰਹੇਗਾ ਤਾ ਬੀਮਾਰੀ ਦੀਆਂ ਵਾਰਦਾਤਾਂ ਹੁੰਦੀਆਂ ਹੀ ਰਹਿਣੀਆਂ ਹਨ।

ਸੁਰੱਖਿਆ ਤੰਤਰ ਦੇ ਮਾਮਲੇ ਵਿੱਚ ਸਿਰਫ ਦੋ ਸਵਾਲਾਂ ਦੇ ਰੂਬਰੂ ਹੋ ਕੇ ਦੇਖੀਏ :

- ਸਿਪਾਹੀਆਂ ਦੀ ਲੋੜੀਂਦੀ ਗਿਣਤੀ ਕਿਉਂ ਨਹੀਂ ਹੈ?

• ਸਿਪਾਹੀ, ਸੰਚਾਰ ਪ੍ਰਣਾਲੀ, ਪ੍ਰਬੰਧ ਆਦਿ ਸੁਸਤ ਕਿਉਂ ਹੈ? ਕਿਉਂ ਉਹ ਸਰਗਰਮ ਅਤੇ ਚੁਸਤ ਨਹੀਂ ਹੈ?

ਇਹ ਸਵਾਲ ਉਸ ਹਾਲਤ ਵੱਲ ਇਸ਼ਾਰਾ ਕਰਦੇ ਹਨ ਕਿ ਜਾਂ ਤਾਂ ਸਾਡੇ ਕੋਲ ਸੁਰੱਖਿਆ ਪ੍ਰਣਾਲੀ ਨੂੰ ਪਾਲਣ ਪੋਸਣ ਦੇ ਢੰਗ ਨਹੀਂ ਹਨ-ਚੰਗੀ ਖੁਰਾਕ, ਸਾਫ ਹਵਾ ਪਾਣੀ ਤੇ ਦੂਸਰਾ ਅਸੀਂ ਆਪਣੇ ਅੰਦਰ ਜੋ ਖੁਰਾਕ ਲੈ ਕੇ ਜਾ ਰਹੇ ਹਾਂ ਉਹ ਫਾਇਦੇ ਤੋਂ ਵੱਧ ਨੁਕਸਾਨ ਕਰ ਰਹੀ ਹੈ (ਵਾਧੂ ਘੀ, ਤੜਕੇ, ਮਸਾਲੇ ਤੇ ਹੋਰ ਗੈਰ ਕੁਦਰਤੀ ਰਸਾਇਣ ਆਦਿ।)

ਮਨੁੱਖ ਦੀ ਲੜਾਈ ਦੁਖ ਤਕਲੀਫ ਤੋਂ ਨਿਜਾਤ ਪਾਉਣ ਦੀ ਹੈ। ਬੀਮਾਰੀਆਂ ਤੋਂ ਲੜਦਾ ਵੀ ਉਹੀ ਸੀ। ਕਿਸੇ ਨੂੰ ਸੁੱਖ ਦਾ ਸਾਹ ਪਹੁੰਚਾਉਣਾ ਇੱਕ ਵਧੀਆ ਗੁਣ ਮੰਨਿਆ ਗਿਆ। ਇਸਦੇ ਲਈ ਕੁੱਝ ਵਿਸ਼ੇਸ਼ ਪ੍ਰਵਿਰਤੀ ਦੇ ਲੋਕ ਹੀ ਅੱਗੇ ਆਉਂਦੇ। ਕਈ ਖੋਜਾਂ ਹੋਈਆਂ। ਪਰ ਹੌਲੀ ਹੌਲੀ ਬੀਮਾਰੀ ਬਾਜ਼ਾਰ ਆ ਗਈ। ਦੁਨੀਆਂ ਵਿੱਚ ਹਥਿਆਰਾਂ ਦੇ ਵਿਉਪਾਰ ਤੋਂ ਬਾਅਦ, ਦਵਾਈਆਂ ਦਾ ਵਿਉਪਾਰ ਸਭ ਤੋਂ ਮੁਨਾਫੇ ਵਾਲਾ ਹੈ। ਜਿਵੇਂ ਕੋਈ ਵੀ ਦੇਸ਼ ਅਤੇ ਉਦਯੋਗ ਜੋ ਹਥਿਆਰ ਬਣਾਉਂਦਾ ਹੈ, ਉਹ ਸ਼ਾਂਤੀ ਦੇ ਨਾਂ ਤੇ ਹਥਿਆਰ ਵੇਚਦਾ ਹੈ। ਉਸੇ ਤਰ੍ਹਾਂ ਦਵਾਈ ਸਨੱਅਤ ਸਿਹਤ ਦੇ ਨਾਂ ਤੇ ਦਵਾਈਆਂ ਵੇਚਣ ਨੂੰ ਉਤਸਾਹਿਤ ਕਰਦੀ ਹੈ, ਸਿਹਤ ਦੇ ਨਾਂ ਤੇ।

ਬੀਮਾਰੀ ਦੇ ਵਧਦੇ ਵਿਉਪਾਰ ਦੇ ਤਹਿਤ, ਖੋਜਾਂ ਤਹਿਤ ਸਿਹਤ ਦੇ ਹੋਰ ਪਹਿਲੂ ਵੀ ਸਾਹਮਣੇ ਆਏ ਕਿ ਸੁਰੱਖਿਆ ਪ੍ਰਣਾਲੀ ਦੀ ਭੂਮਿਕਾ ਅਹਿਮ ਹੈ। 'ਬੀਮਾਰ ਹੋਇਆ ਹੀ ਨਾ ਜਾਵੇ,' ਦੇ ਪਹਿਲੂ ਤੋਂ ਜਦੋਂ ਕੁਝ ਨਵੇਂ ਪਹਿਲੂਆਂ ਤੇ ਗੱਲ ਹੋਈ ਤਾਂ 'ਸਿਹਤ ਪ੍ਰਤੀ ਸੁਚੇਤਤਾ' ਦਾ ਰਾਹ ਖੁੱਲ੍ਹਦਾ ਹੈ। ਉਸ ਵਿੱਚ ਫਿਰ ਉਹ ਚੰਗੀ ਹਵਾ, ਸਾਫ ਪਾਣੀ, ਕਸਰਤ, ਯੋਗਾ, ਮੈਡੀਟੇਸ਼ਨ, ਕੀਟਨਾਸ਼ਕ ਦਵਾਈਆਂ ਰਹਿਤ ਖੁਰਾਕ ਸਾਹਮਣੇ ਆਏ ਤਾਂ ਫਿਰ ਸਿਹਤ ਦੀ ਇਸ ਸੁਚੇਤਤਾ ਵਾਲੇ ਪੱਖ ਨੂੰ ਬਾਜਾਰ ਆਪਣੇ ਘੇਰੇ ਵਿੱਚ ਲੈ ਆਉਂਦਾ ਹੈ।

ਆਪਾਂ ਸਮਝ ਸਕਦੇ ਹਾਂ ਕਿ ਸਿਹਤ ਪ੍ਰਤੀ ਸੁਚੇਤਤਾ ਲਈ ਇਕ ਅਮੀਰ ਵਰਗ ਹੈ ਜੋ ਚਾਹੁੰਦਾ ਹੈ ਕਿ ਮੇਰੇ ਕੋਲ ਬਹੁਤ ਪੈਸਾ ਹੈ, ਮੈਂ ਹਰ ਸਹੂਲਤ ਖਰੀਦ ਸਕਦਾ, ਮੈਂ ਬੀਮਾਰ ਨਾ ਹੋਵਾਂ ਤਾਂ ਫਿਰ ਚੰਗੀ ਖੁਰਾਕ ਦੇ ਨਾਂ ਤੇ ਘੀ, ਮੱਖਣ, ਪਰੀਮੀਅਮ ਆਟਾ ਆਦਿ ਦੇ ਲੇਬਲ ਹੇਠ ਸਮਾਨ ਵਿਕਨ ਲੱਗਿਆ ਹੈ। 'ਪਰੀਮੀਅਮ' ਸ਼ਬਦ ਸਿਹਤ ਲਈ ਸਮਾਨ ਅਰਥੀ ਹੋ ਰਿਹਾ ਹੈ। ਸਿਹਤ ਨਾਲ ਸ਼ਰਾਬ ਨੂੰ ਜੋੜ ਕੇ ਪਰੀਮੀਅਮ ਵਿਸ਼ਕੀ ਤੇ ਆਰਟ ਆਫ ਲੀਵਿੰਗ ਵੱਲੋਂ ਯੋਗਾ ਅਤੇ ਮੈਡੀਟੇਸ਼ਨ ਇਕ ਸਨਅਤ ਹੋ ਗਈ ਹੈ। ਪਤਲੇ ਰਹਿਣ ਦੇ ਜਾਂ ਮੋਟਾਪਾ ਘੱਟ ਕਰਨ ਦੇ ਵੱਖਰੇ ਮਾਹਿਰ, ਵੀ.ਐਲ.ਸੀ.ਸੀ. ਤੋਂ ਲੈ ਕੇ ਮੋਟਾਪਾ ਘੱਟ ਕਰਨ ਦੇ ਆਪ੍ਰੇਸ਼ਨ ਅਤੇ ਦਵਾਈਆਂ ਦੀ ਭਰਮਾਰ ਹੈ। ਪਾਣੀ ਦੀ ਕਿੰਨੀ ਵੱਡੀ ਸਨਅਤ ਹੈ। ਬੋਤਲਾਂ ਤੋਂ ਲੈ ਕੇ ਆਰ.ਓ. ਤੱਕ।

ਸਿਹਤ ਦਾ ਰਾਜ ਕੁਦਰਤ ਵਿੱਚ ਹੈ। ਇਹ ਅਸੀਂ ਸਮਝ ਰਹੇ ਹਾਂ। ਕੁਦਰਤ ਦੇ ਅੰਗ ਸੰਗ ਰਹਿਣ ਦੀ ਲੋੜ ਹੈ। ਜਦੋਂਕਿ ਅਸੀਂ ਸਿਹਤ ਦੇ ਨਾਂ ਤੇ ਇੱਕ ਵਾਰੀ ਫਿਰ ਛੇੜਛਾੜ ਹੀ ਕਰ ਰਹੇ ਹਾਂ ਅਤੇ ਪਰੀਮੀਅਮ ਦਾ ਨਾਂ ਦੇ ਕੇ ਠੀਕ ਠਹਿਰਾ ਰਹੇ ਹਾਂ।

**(ਸਿਹਤ ਅਤੇ ਇਸ ਨਾਲ ਜੁੜੇ ਹੋਰ ਪਹਿਲੂ ਜੋ ਬਾਜਾਰ ਪਹੁੰਚ ਰਹੇ ਹਨ, ਜਿਵੇਂ ਆਰ.ਓ. ਵਾਲਾ ਪਾਣੀ, ਪਰੀਮੀਅਮ ਬ੍ਰਾਂਡ, ਦਵਾਈਆਂ ਅਤੇ ਆਪਰੇਸ਼ਨ ਸਿਹਤ ਦੇ ਪੱਖ ਤੋਂ ਨਾ ਕਿ ਬੀਮਾਰੀ ਵੇਲੇ, ਆਉਣ ਵਾਲੇ ਕੁੱਝ ਲੇਖਾਂ ਵਿੱਚ ਚਰਚਾ ਕਰਾਂਗੇ)**

-98158-08506

## ਤਰਕਸ਼ੀਲ ਭਵਨ ਵਿਖੇ ਹਾਲ ਦੀ ਉਸਾਰੀ ਲਈ ਆਰਥਿਕ ਸਹਾਇਤਾ ਸਬੰਧੀ ਅਪੀਲ

ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਵੱਲੋਂ ਤਰਕਸ਼ੀਲ ਭਵਨ ਬਰਨਾਲਾ ਵਿਖੇ ਉਸਾਰੇ ਜਾ ਰਹੇ ਹਾਲ ਉੱਪਰ ਲਗਭਗ 35 ਲੱਖ ਰੁਪਏ ਖਰਚਾ ਹੋਵੇਗਾ। ਇਹ ਹਾਲ 300 ਕੁਰਸੀਆਂ ਦਾ ਹੋਵੇਗਾ। ਇਸ ਦੇ ਹੇਠਾਂ ਪਾਰਕਿੰਗ, ਨਾਲ ਹੀ ਲਾਇਬਰੇਰੀ ਅਤੇ ਹੋਰ ਲੋੜੀਂਦੇ ਕਮਰੇ ਹੋਣਗੇ। ਸਾਰੇ ਜ਼ੋਨਾਂ, ਇਕਾਈਆਂ, ਭਰਾਤਰੀ ਜਥੇਬੰਦੀਆਂ, ਦੇਸ਼ ਵਿਦੇਸ਼ ਵਿੱਚ ਬੈਠੇ ਪਾਠਕਾਂ, ਸਹਿਯੋਗੀਆਂ ਅਤੇ ਤਰਕਸ਼ੀਲ ਲਹਿਰ ਦੇ ਸ਼ੁਭ-ਚਿੰਤਕਾਂ ਨੂੰ ਇਸ ਕਾਰਜ ਲਈ ਵੱਧ ਤੋਂ ਵੱਧ ਆਰਥਿਕ ਸਹਾਇਤਾ ਭੇਜਣ ਦੀ ਅਪੀਲ ਕੀਤੀ ਜਾਂਦੀ ਹੈ। ਪ੍ਰਾਪਤ ਸਹਾਇਤਾ ਮੈਗਜ਼ੀਨ ਵਿੱਚ ਲੜੀਵਾਰ ਛਾਪੀ ਜਾ ਰਹੀ ਹੈ। ਸਹਾਇਤਾ ਚੈੱਕ, ਡਰਾਫਟ ਰਾਹੀਂ ਭੇਜੀ ਜਾ ਸਕਦੀ ਹੈ ਜੋ ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਦੇ ਨਾਮ ਹੋਵੇ ਜਾਂ ਮੁੱਖ ਦਫ਼ਤਰ ਵਿੱਚ ਨਕਦ ਜਮ੍ਹਾਂ ਕਰਵਾਈ ਜਾ ਸਕਦੀ ਹੈ। ਸੁਸਾਇਟੀ ਦੇ ਖਾਤਾ ਨੰਬਰ 0044000100282234, (IFS Code: PUNB0004400) ਪੰਜਾਬ ਨੈਸ਼ਨਲ ਬੈਂਕ ਵਿੱਚ ਤੁਸੀਂ ਸਿੱਧੇ ਵੀ ਸਹਾਇਤਾ ਜਮ੍ਹਾਂ ਕਰਵਾ ਸਕਦੇ ਹੋ ਪਰ ਜਮ੍ਹਾਂ ਕਰਵਾਉਣ ਉਪਰੰਤ ਮੁੱਖ ਦਫ਼ਤਰ ਨੂੰ ਫੋਨ 'ਤੇ ਜ਼ਰੂਰ ਸੂਚਿਤ ਕਰ ਦਿੱਤਾ ਜਾਵੇ। **ਵੱਲੋਂ : ਸੂਬਾ ਕਮੇਟੀ**

# ਤਰਕਸ਼ੀਲਤਾ ਨੇ ਬਦਲੀ ਜ਼ਿੰਦਗੀ



**ਜਸਵੰਤ ਸਿੰਘ**

ਮੇਰਾ ਜਨਮ ਛੋਟੇ ਕਿਸਾਨੀ ਪਰਿਵਾਰ ਵਿੱਚ ਹੋਇਆ। 5 ਸਾਲ ਦੀ ਉਮਰ ਤੱਕ ਮੈਂ ਆਪਣੇ ਦਾਦਾ ਦਾਦੀ ਜੀ ਦੀ ਨਿੱਘੀ ਗੋਦ ਦਾ ਆਨੰਦ ਮਾਣਿਆ, ਪਰ ਉਨ੍ਹਾਂ ਦੋਹਾਂ ਦੇ ਜਹਾਨੋਂ ਤੁਰਦਿਆਂ ਹੀ ਮੇਰੇ ਪਿਤਾ ਜੀ ਨਸ਼ੇ ਦੇ ਆਦੀ ਹੋ ਗਏ। ਘਰੇ ਨਿੱਤ ਰੋਜ਼ ਕਲੇਸ਼ ਰਹਿਣ ਲੱਗਾ। ਇਸ ਕਲੇਸ਼ ਤੋਂ ਦੁਖੀ ਹੋਈ ਮੇਰੀ ਮਾਂ ਸਾਨੂੰ ਦੋਵਾਂ ਭੈਣ ਭਰਾਵਾਂ ਨੂੰ ਨਾਲ ਲੈ ਕੇ ਮੇਰੇ ਨਾਨਕੇ ਪਿੰਡ ਆ ਗਈ। ਇਸ ਘਟਨਾਂ ਨੇ ਮੇਰੇ ਬਾਲ ਮਨ ਤੇ ਬਹੁਤ ਡੂੰਘਾ ਅਸਰ ਪਾਇਆ। ਮੇਰਾ ਮਨ ਨਿਰਾਸ਼ ਰਹਿਣ ਲੱਗਾ। ਨਾਨਕੇ ਮੇਰਾ ਦਿਲ ਨਹੀ ਸੀ ਲੱਗਦਾ। ਘਰ ਦੀ ਆਰਥਿਕ ਹਾਲਤ ਵੀ ਕੋਈ ਬਹੁਤੀ ਚੰਗੀ ਨਹੀ ਸੀ। ਸਾਨੂੰ ਰੋਜ਼ੀ ਰੋਟੀ ਲਈ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਮੈਂ ਪਿੰਡ ਦੇ ਸਕੂਲ ਤੋਂ ਪੰਜਵੀਂ ਪਾਸ ਕਰ ਲਈ। ਕਦੇ ਕਦੇ ਮੈਂ ਆਪਣੇ ਪਿਤਾ ਜੀ ਨੂੰ ਮਿਲਣ ਜਾਂਦਾ ਪਰ ਉਹ ਨਸ਼ੇ ਵਿਚ ਹੀ ਚੂਰ ਰਹਿੰਦੇ ਸਨ। ਮੇਰੇ ਸੈਕੰਡਰੀ ਕਲਾਸ ਤੱਕ ਪਹੁੰਚਦਿਆਂ ਪਿਤਾ ਜੀ ਵੀ ਸਾਡੇ ਕੋਲ ਨਾਨਕੇ ਪਿੰਡ ਆ ਕੇ ਰਹਿਣ ਲੱਗ ਪਏ। ਉਨ੍ਹਾਂ ਆਪਣੀ ਬਦਲੀ ਵੀ ਉੱਥੇ ਹੀ ਕਰਵਾ ਲਈ। ਹੁਣ ਨਸ਼ਾ ਉਨ੍ਹਾਂ ਦੀ ਕਮਜ਼ੋਰੀ ਬਣ ਗਿਆ ਸੀ। ਇਹ ਨਸ਼ਾ ਹੀ ਇੱਕ ਦਿਨ ਉਨ੍ਹਾਂ ਦੀ ਮੌਤ ਦਾ ਕਾਰਨ ਬਣਿਆ।

ਚੜ੍ਹਦੀ ਉਮਰੇ ਹੀ ਪਿਤਾ ਜੀ ਦਾ ਸਾਇਆ ਸਿਰ ਤੋਂ ਉੱਠ ਜਾਣ ਕਾਰਣ ਪਰਿਵਾਰ ਦੀ ਜ਼ਿੰਮੇਵਾਰੀ ਵੀ ਮੇਰੇ ਸਿਰ ਆ ਪਈ। ਉਦੋ ਮੈਂ ਕਾਲਜ ਪੜ੍ਹਨ ਲੱਗ ਗਿਆ ਸਾਂ। ਪਿਤਾ ਜੀ ਦੀ ਮੌਤ ਤੋਂ ਇੱਕ ਸਾਲ ਬਾਅਦ ਮੈਨੂੰ ਉਨ੍ਹਾਂ ਦੀ ਥਾਂ ਤੇ ਕਲਰਕ ਦੀ ਨੌਕਰੀ ਮਿਲ ਗਈ। ਪਰ ਬਚਪਨ ਦੀ ਉਦਾਸੀ ਤੇ ਅੰਧਵਿਸ਼ਵਾਸਾ ਨੇ ਮੇਰਾ ਖਹਿੜਾ ਨਾ ਛੱਡਿਆ। ਮੈਂ ਨਿਰਾਸ਼ ਤੇ ਡਰਿਆ ਹੋਇਆ ਰਹਿੰਦਾ ਸਾਂ। ਕੰਮ ਵਿਚ ਮੇਰਾ ਦਿਲ ਨਹੀ ਸੀ ਲੱਗਦਾ। ਮੈਨੂੰ ਨੌਕਰੀ ਮਿਲਣ ਦੀ ਵੀ ਕੋਈ ਬਹੁਤੀ ਖੁਸ਼ੀ ਨਹੀ ਹੋਈ। ਮੈਂ ਆਪਣੀ ਡਿਊਟੀ ਵੀ ਠੀਕ ਢੰਗ ਨਾਲ ਨਹੀ ਸਾਂ ਕਰ ਸਕਦਾ। ਆਪਣੇ ਇਲਾਜ ਲਈ ਜਦ ਡਾਕਟਰਾਂ ਦੇ ਦਰ ਤੇ ਗਿਆ ਤਾਂ ਉਨ੍ਹਾਂ ਦਵਾਈਆਂ ਨਾਲ ਮੇਰਾ ਪੇਟ ਭਰਨਾ ਸ਼ੁਰੂ ਕਰ ਦਿੱਤਾ। ਸ਼ਹਿਰ ਦੇ ਇੱਕ ਵੱਡੇ ਡਾਕਟਰ ਨੇ ਕਿਹਾ ਕਿ ਤੇਰਾ ਮਨ ਕਮਜ਼ੋਰ ਹੈ। ਇਲਾਜ ਕਰਦਿਆਂ ਉਸਨੇ ਮੇਰੇ ਹਜ਼ਾਰਾਂ ਰੁਪਏ ਖ਼ਰਚਾ ਦਿੱਤੇ ਪਰ ਮੇਰੀ ਉਦਾਸੀ ਤੇ ਮਨ ਦੇ ਡਰ ਦਾ ਇਲਾਜ ਨਾ ਹੋਇਆ।

ਸੱਤ ਸਾਲ ਪਹਿਲਾਂ ਜਦ ਮੈਂ ਮੁਕਤਸਰ ਮਾਘੀ ਮੇਲੇ 'ਚੋਂ ਲੰਘ ਰਿਹਾ ਸਾਂ ਤਾਂ ਇੱਕ ਥਾਂ ਤੇ ਮੈਂ ਪੰਡਾਲ ਵਿਚ ਲੋਕਾਂ ਦੀ ਭੀੜ ਜੁਟੀ ਵੇਖੀ। ਮੈਂ ਅਗਾਂਹ ਗਿਆ ਤਾਂ ਉੱਚੇ ਮੰਚ ਤੇ ਇੱਕ ਬਾਬਾ (ਭਾਈ ਮੰਨਾ ਸਿੰਘ) ਤਰਕਸ਼ੀਲਾਂ ਦੇ ਪੰਡਾਲ ਵਿੱਚ ਗਰਜ਼ਵੀਂ ਆਵਾਜ਼ ਵਿਚ ਲੋਕਾਂ ਨੂੰ ਸੰਬੋਧਨ ਹੋ ਰਿਹਾ ਸੀ। ਮੈਂ ਉਨ੍ਹਾਂ ਦਾ ਇੱਕ ਨਾਟਕ ਵੇਖਿਆ ਜਿਸ ਨੇ ਮੈਨੂੰ ਧੁਰ ਅੰਦਰ ਤੱਕ ਹਲੂਣ ਦਿੱਤਾ। ਪੰਡਾਲ 'ਚੋਂ ਬਾਹਰ ਨਿਕਲਦਿਆਂ ਮੈਂ ਪੁਸਤਕਾਂ ਦੀ ਸਟਾਲ ਤੇ ਨਜ਼ਰ ਮਾਰੀ ਤਾਂ ਇੱਕ ਪੁਸਤਕ ' ਮਨ ਮਾਹੌਲ ਤੇ ਮਨੋਰੋਗ ' ਨੇ ਮੇਰਾ ਧਿਆਨ ਖਿੱਚਿਆ ਜਿਹੜੀ ਡਾ. ਸ਼ਿਆਮ ਸੁੰਦਰ ਦੀਪਤੀ ਦੀ ਲਿਖੀ ਹੋਈ ਸੀ। ਦੋ ਦਿਨਾਂ ਵਿਚ ਹੀ ਮੈਂ ਇਹ ਪੁਸਤਕ ਪੜ੍ਹ ਦਿੱਤੀ ਜਿਸ ਨੇ ਮੇਰੇ ਸਾਰੇ ਭਰਮ ਭੁਲੇਖੇ ਦੂਰ ਕਰ ਦਿੱਤੇ। ਮੈਨੂੰ ਆਪਣੇ ਭੋਲੇਪਨ ਤੇ ਮਨ ਪਤਲਾ ਕਹਿਣ ਵਾਲੇ ਡਾਕਟਰ ਦੀ ਚਲਾਕੀ ਤੇ ਬਹੁਤ ਗੁੱਸਾ ਆਇਆ 'ਤੇ ਮੈਂ ਇਸ ਮਸਲੇ ਤੇ ਅੱਗੇ ਸੋਚਣਾ ਸ਼ੁਰੂ ਕੀਤਾ। ਇੱਕ ਦਿਨ ਅਚਾਨਕ ਮੈਨੂੰ ਪੁਸਤਕ ਸਟਾਲ ਤੋਂ ਮੈਨੂੰ ਉਹ ਪੁਸਤਕ ਦੇਣ ਵਾਲਾ ਸੱਜਣ ਬਾਜ਼ਾਰ ਵਿਚ ਮਿਲ ਗਿਆ 'ਤੇ ਮੈਂ ਉਸ ਤੋਂ ਪਤਾ ਲੈ ਕੇ ਆਪਣੇ ਖੇਤਰ ਦੇ ਤਰਕਸ਼ੀਲ ਲਹਿਰ ਦੇ ਆਗੂ ਕੋਲ ਜਾ ਪਹੁੰਚਿਆ। ਜਿਨ੍ਹਾਂ ਮੈਨੂੰ ਬਿਲਕੁਲ ਠੀਕ ਹੋ ਜਾਣਾ ਦਾ ਹੌਂਸਲਾ ਦਿੱਤਾ ਤੇ ਮਾਨਸਿਕ ਰੋਗਾਂ ਬਾਰੇ ਚਰਚਾ ਕਰਦਿਆਂ ਪੜ੍ਹਨ ਲਈ ਹੋਰ ਪੁਸਤਕਾਂ ਦਿੱਤੀਆਂ। ਮੈਂ ਕੁੱਝ ਹਫ਼ਤੇ ਉਨ੍ਹਾਂ ਕੋਲ ਜਾਂਦਾ ਰਿਹਾ। ਉਨ੍ਹਾਂ ਦੀ ਪ੍ਰੇਰਨਾ ਤੇ ਕੌਂਸਲਿੰਗ ਦਾ ਅਸਰ ਵੀ ਦਿਸਣ ਲੱਗਾ।

ਮੈਨੂੰ ਆਪਣੀ ਜ਼ਿੰਦਗੀ ਤੇ ਕੰਮ ਨਾਲ ਮੋਹ ਜਾਗਿਆ। ਹੋਰਨਾਂ ਪ੍ਰਤੀ ਮੇਰੇ ਵਤੀਰੇ ਵਿਚ ਵੀ ਸੁਧਾਰ ਆਇਆ। ਬਾਕੀ ਰਹਿੰਦੀ ਕਸਰ ਮਨੋਰੋਗ ਮਾਹਿਰ ਦੁਆਰਾ ਕਈ ਮਹੀਨਿਆਂ ਦੀ ਦਵਾਈ ਨੇ ਪੂਰੀ ਕਰ ਦਿੱਤੀ। ਇਸ ਘਟਨਾ ਨੇ ਮੇਰੀ ਜ਼ਿੰਦਗੀ ਦਾ ਰੁੱਖ ਹੀ ਬਦਲ ਦਿੱਤਾ। ਮੇਰੀ ਆਪਣੇ ਕੰਮ ਵਿੱਚ ਰੁਚੀ ਵਧਣ ਲੱਗੀ। ਮੈਨੂੰ ਆਪਣੇ ਘਰ ਅਤੇ ਦਫ਼ਤਰ ਵਿੱਚ ਵੀ ਚੰਗਾ ਚੰਗਾ ਲੱਗਣਾ। ਪਹਿਲਾਂ ਜਦ ਮੈਂ ਘਰ ਅਤੇ ਦਫ਼ਤਰ ਨਿਰਾਸ਼ ਤੇ ਅੱਕਿਆ ਹੋਇਆ ਰਹਿੰਦਾ ਸਾਂ ਹੁਣ ਮੇਰੀ ਸਥਿਤੀ ਇਸ ਤੋਂ ਬਿਲਕੁਲ ਹੀ ਉਲਟ ਹੋ ਗਈ ਸੀ। ਆਪਣੇ ਘਰ ਮੈਂ ਪਰਿਵਾਰ ਨਾਲ ਵਧੇਰੇ ਮੇਲ ਮਿਲਾਪ ਨਾਲ ਰਹਿਣ ਲੱਗਾ ਤੇ ਦਫ਼ਤਰ ਵਿੱਚ ਵੀ ਹਰ ਆਏ ਗਏ ਵਿਅਕਤੀ ਦੇ ਕੰਮ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਲੱਗ ਪਿਆ। ਆਪਣੀ ਜ਼ਿੰਦਗੀ

ਬਾਕੀ ਪੰਨਾ 38 ਤੇ

# ਤਰਕਸ਼ੀਲਤਾ ਨੇ ਬਦਲੀ ਜ਼ਿੰਦਗੀ



**ਅਜਾਇਬ ਜਲਾਲਆਣਾ**

ਅਜਿਹੇ ਮੌਕੇ ਘੱਟ ਹੀ ਮਿਲਦੇ ਹਨ ਜਦ ਕੋਈ ਡਾਕਟਰ ਆਪਣੇ ਮਰੀਜ਼ ਨੂੰ ਠੀਕ ਕਰਵਾਉਣ ਲਈ ਤਰਕਸ਼ੀਲਾਂ ਕੋਲ ਭੇਜੇ। ਉਹ ਵੀ ਜਿਹੜਾ ਅੱਖਾਂ ਤੋਂ ਨਾ ਦੇਖ ਸਕੇ। ਸਿਰਸੇ ਜਿਲੇ ਦੇ ਰਾਜਸਥਾਨ ਬਾਰਡਰ ਨਾਲ ਲਗਦੇ ਇੱਕ ਪਿੰਡ ਵਿੱਚ 20 ਸਾਲਾਂ ਦੀ ਇੱਕ ਕੁੜੀ ਨੂੰ ਅੱਖਾਂ ਤੋਂ ਦਿਸਣਾ ਇੱਕ ਦਮ ਬੰਦ ਹੋ ਗਿਆ। ਪਰਿਵਾਰ ਵਾਲੇ ਅੱਖਾਂ ਦੇ ਡਾਕਟਰ ਕੋਲ ਲੈ ਆਏ। ਡਾਕਟਰ ਨੇ ਅੱਖਾਂ ਦੀ ਚੈੱਕ-ਅਪ ਕੀਤੀ ਤੇ ਆਖਿਆ ਕਿ ਉਸ ਦੀਆਂ ਅੱਖਾਂ ਦੀ ਰੌਸ਼ਨੀ ਬਿਲਕੁਲ ਠੀਕ ਹੈ। ਡਾਕਟਰ ਨੇ ਪਰਿਵਾਰਕ ਮੈਂਬਰਾਂ ਨਾਲ ਗੱਲ ਕਰਕੇ ਉਸ ਨੂੰ ਤਰਕਸ਼ੀਲਾਂ ਕੋਲ ਲੈ ਕੇ ਜਾਣ ਦੀ ਸਲਾਹ ਦਿੱਤੀ। ਪਰਿਵਾਰ ਨੇ ਡਾਕਟਰ ਦੀ ਸਲਾਹ ਨੂੰ ਅਣਗੌਲਿਆਂ ਕਰਦਿਆਂ ਕੁੜੀ ਨੂੰ ਚੇਲਿਆਂ ਕੋਲ ਲੈ ਜਾਣਾ ਸ਼ੁਰੂ ਕਰ ਦਿੱਤਾ। ਕਦੀ ਕਿਸੇ ਸਿਆਣੇ ਕੋਲ ਤੇ ਕਿਸੇ ਤਾਂਤਰਿਕ ਕੋਲ। ਉਨ੍ਹਾਂ ਕੋਲ ਪੈਸਿਆਂ ਦੀ ਮੋਟੀ ਲੁੱਟ ਕਰਵਾਈ ਤੇ ਚੱਕਰਾਂ ਵਿੱਚ ਵੀ ਪਏ ਰਹੇ। ਕਿਸੇ ਨੇ ਆਖਿਆ ਕਿ ਕਾਲੇ ਪ੍ਰੇਤ ਨੇ ਇਸ ਦੀਆਂ ਅੱਖਾਂ ਦੀ ਰੋਸ਼ਨੀ ਰੋਕੀ ਹੈ ਤੇ ਕਿਸੇ ਨੇ ਦੱਸਿਆ ਕਿ ਉਜਾੜ ਦਾ ਭੂਤ ਇਸ ਦੇ ਮਗਰ ਲੱਗ ਗਿਆ ਹੈ। ਕਾਫੀ ਖੱਜਲ ਖੁਆਰੀ ਤੋਂ ਬਾਅਦ ਉਹ ਕਾਲਾਂਵਾਲੀ ਇਕਾਈ ਕੋਲ ਆ ਪੁੱਜੇ। ਮੇਰੇ ਸਮੇਤ ਸ਼ਮਸ਼ੇਰ ਚੋਰਮਾਰ, ਰਾਜਿੰਦਰ ਤੇ ਰਾਜ ਸਿੰਘ ਕੇਸ ਦੀ ਪੜਤਾਲ ਲਈ ਉਨ੍ਹਾਂ ਦੇ ਪਿੰਡ ਪੁੱਜੇ। ਮੁਢਲੀ ਪੜਤਾਲ ਤੋਂ ਪਤਾ ਲੱਗਾ ਕਿ ਘਰ ਵਿੱਚ ਹੋਰ ਰਹੱਸਮਈ ਘਟਨਾਵਾਂ ਵੀ ਵਾਪਰ ਰਹੀਆਂ ਸਨ। ਕੁੜੀ ਦੇ ਵੱਡੇ ਭਰਾ ਨੇ ਦੱਸਿਆ ਕਿ ਇੱਕ ਦਿਨ ਜਦ ਮੈਂ ਸਵੇਰੇ ਖੇਤ ਪਾਣੀ ਲਾਉਣ ਲਈ ਗਿਆ ਤਾਂ ਮੇਰੇ ਸਾਰੇ ਕੱਪੜੇ ਖੂਨ ਨਾਲ ਲੱਥਪੱਥ ਹੋ ਗਏ। ਛੋਟੇ ਭਰਾ ਦਾ ਕਹਿਣਾ ਸੀ ਕਿ ਜਦ ਮੈਂ ਬੰਦ ਕਮਰੇ ਵਿੱਚ ਟੀ.ਵੀ. ਦੇਖ ਰਿਹਾ ਸਾਂ ਅਚਾਨਕ ਮੇਰੇ ਉੱਪਰ ਪੱਥਰ ਬੱਜਰੀ ਦੀ ਬਰਸਾਤ ਹੋਣ ਲੱਗ ਪਈ। ਮੈਂ ਆਸੇ ਪਾਸੇ ਦੇਖਿਆ ਤਾਂ ਉੱਥੇ ਕੋਈ ਨਹੀਂ ਸੀ। ਇਹ ਵੇਖ ਕੇ ਮੈਂ ਡਰ ਗਿਆ। ਕਈ ਵਾਰ ਜਦ ਮੈਂ ਸਵੇਰੇ ਉੱਠਦਾ ਹਾਂ ਤਾਂ ਮੇਰੇ ਮੂੰਹ ’ਤੇ ਸੁਰਖੀ ਬਿੰਦੀ ਤੇ ਹੱਥਾਂ ’ਤੇ ਮਹਿੰਦੀ ਲੱਗੀ ਰਹਿੰਦੀ ਹੈ। ਮੈਂ ਭੂਤਾਂ ਵਿੱਚ ਵਿਸ਼ਵਾਸ ਨਹੀਂ ਰੱਖਦਾ ਪਰ ਇਹ ਗੱਲ ਮੇਰੀ ਸਮਝ ਤੋਂ ਬਾਹਰ ਹੈ ਕਿ ਮੇਰੇ ਨਾਲ ਕੀ ਹੋ ਰਿਹਾ ਹੈ। ਲੜਕੀ ਦੀ ਮਾਂ ਦਾ ਕਹਿਣਾ ਸੀ ਕਿ ਸਾਡੀਆਂ ਬੰਦ ਪੇਟੀਆਂ ’ਚੋਂ ਪੈਸੇ ਗਾਇਬ ਹੋ ਜਾਂਦੇ ਹਨ ਤੇ ਫਿਰ ਵਾਪਸ ਆ ਜਾਂਦੇ ਹਨ। ਅਸੀਂ ਬਹੁਤ ਪਰੇਸ਼ਾਨ ਹਾਂ, ਸਾਨੂੰ ਕੋਈ ਵੀ ਰਸਤਾ ਨਜ਼ਰ ਨਹੀਂ ਆ ਰਿਹਾ। ਅਸੀਂ ਪਰਿਵਾਰ ਦੇ ਮੈਂਬਰਾਂ ਨੂੰ ਉਨ੍ਹਾਂ ਦੇ ਸਾਥ ਨਾਲ ਸਾਰਾ ਮਸਲਾ ਹੱਲ ਕਰਨ ਦਾ ਭਰੋਸਾ ਦਿੱਤਾ। ਅਸੀਂ ਸਬੰਧਤ ਲੜਕੀ ਨਾਲ ਗੱਲ ਕਰਨੀ ਚਾਹੀ। ਲੜਕੀ ਨੂੰ ਦੋ ਔਰਤਾਂ ਫੜ੍ਹ ਕੇ ਸਾਡੇ ਕੋਲ ਲੈ ਕੇ ਆਈਆਂ। ਇੰਜ ਜਾਪ ਰਿਹਾ ਸੀ ਕਿ ਲੜਕੀ ਨੂੰ ਬਿਲਕੁਲ ਵੀ ਨਹੀਂ ਦਿਸ ਰਿਹਾ। ਉਸ ਦੀਆਂ ਅੱਖਾਂ ਦੀ ਹਰਕਤ ਵਿੱਚ ਅੰਨ੍ਹਿਆਂ ਵਰਗੀ ਸੀ। ਅਸੀਂ ਉਸ ਦੀਆਂ ਅੱਖਾਂ ਕੋਲ ਪੈੱਨ ’ਤੇ ਉਂਗਲਾਂ ਕਰਕੇ ਉਸਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੀਆਂ ਅੱਖਾਂ ਬਿਲਕੁਲ ਨਹੀਂ ਸੀ ਝਪਕ ਰਹੀ। ਅਸੀਂ ਉਸੇ ਵਕਤ ਅੱਖਾਂ ਵਾਲੇ ਡਾਕਟਰ ਕੋਲ ਫੋਨ ਕਰਕੇ ਉਸ ਤੋਂ ਪੂਰੀ ਜਾਣਕਾਰੀ ਹਾਸਲ ਕੀਤੀ। ਜਦ ਅਸੀਂ ਉਸ ਲੜਕੀ ਨਾਲ ਲੰਬੀ ਗੱਲਬਾਤ ਕੀਤੀ ਤੇ ਕੌਂਸਲਿੰਗ ਨਾਲ ਉਸ ਦੀ ਹਮਦਰਦੀ ਦੇ ਸਹਾਰੇ ਪੁੱਛਣ ਦੀ ਕੋਸ਼ਿਸ਼ ਕੀਤੀ ਤਾਂ ਉਹ ਇੱਕੋ ਗੱਲ ਅਲਾਪਣ ਲੱਗੀ ਕਿ ਮੈਂ ਸ਼ਾਦੀ ਨਹੀਂ ਕਰਾਉਣੀ। ਅਸੀਂ ਸ਼ਾਦੀ ਨਾ ਕਰਾਉਣ ਦਾ ਕਾਰਨ ਪੁੱਛਿਆ ਤਾਂ ਉਸਦਾ ਜਵਾਬ ਸੀ ਮੈਨੂੰ ਸ਼ਾਦੀ ਤੋਂ ਨਫ਼ਰਤ ਹੈ। ਸਾਨੂੰ ਇੰਜ ਲੱਗਿਆ ਕਿ ਲੜਕੀ ਦੀ ਮੰਗਣੀ ਉਸ ਦੇ ਪਸੰਦ ਦੇ ਮੁੰਡੇ ਨਾਲ ਨਹੀਂ ਹੋਈ ਹੋਣੀ। ਪਰੰਤੂ ਪੁੱਛਣ ’ਤੇ ਪਤਾ ਲੱਗਾ ਕਿ ਅਜਿਹਾ ਕੁਝ ਨਹੀਂ ਹੋਇਆ ਸਗੋਂ ਉਸ ਦਾ ਕਹਿਣਾ ਕਿ ਮੈਂ ਜ਼ਿੰਦਗੀ ਭਰ ਕੁਆਰੀ ਹੀ ਰਹਿਣਾ ਚਾਹੁੰਦੀ ਹਾਂ। ਅਸੀਂ ਕੁਝ ਸਮੇਂ ਆਪਸ ਵਿੱਚ ਗੱਲਬਾਤ ਕਰਕੇ ਮੁੜ ਲੜਕੀ ਦੀ ਕੌਂਸਲਿੰਗ ਕੀਤੀ। ਜਦ ਅਸੀਂ ਉਸ ਨੂੰ ਆਖਿਆ ਕਿ ਜੇਕਰ ਤੂੰ ਸ਼ਾਦੀ ਨਹੀਂ ਕਰਵਾਉਣੀ ਤਾਂ ਅਸੀਂ ਤੇਰੇ ਮਾਪਿਆਂ ਨੂੰ ਆਖ ਕੇ ਤੇਰੀ ਸ਼ਾਦੀ ਰੁਕਵਾ ਦਿਆਂਗੇ ਤਾਂ ਫਿਰ ਉਸਦਾ ਉੱਤਰ ਸੀ ਕਿ ਮੈਂ ਆਪਣੇ ਮਾਪਿਆਂ ਦਾ ਕਹਿਣਾ ਵੀ ਕਿਵੇਂ ਮੋੜ ਸਕਦੀ ਹਾਂ। ਅਸੀਂ ਕੋਸ਼ਿਸ਼ ਜਾਰੀ ਰੱਖੀ। ਉਸ ਦਾ ਸਾਡੇ ’ਚ ਵਿਸ਼ਵਾਸ ਬੱਝਣ ਲੱਗਾ ਤੇ ਉਹ ਸਹਿਜ ਅਵਸਥਾ ’ਚ ਸਾਡੀਆਂ ਗੱਲਾਂ ਦੇ ਉੱਤਰ ਦੇਣ ਲੱਗੀ। ਅਸੀਂ ਉਸ ਨੂੰ ਇਹ ਵਿਸ਼ਵਾਸ ਦਵਾਇਆ ਕਿ ਤੂੰ ਬਿਲਕੁਲ ਠੀਕ ਹੋ ਜਾਵੇਂਗੀ ਤੇ ਅਸੀਂ ਤੇ ਤੇਰੇ ਪਰਿਵਾਰ ਮੈਂਬਰ ਤੇਰੀ ਇੱਛਾ ਦੇ ਖਿਲਾਫ ਕੁਝ ਨਹੀਂ ਕਰਨਗੇ। ਉਸ ਨੂੰ ਭਰਮ ਮੁਕਤ ਕਰਨ ਲਈ ਅਸੀਂ ਸੰਮੋਹਣ ਵਿਧੀ ਅਪਣਾਈ। ਸੁਝਾਅ ਦਿੱਤੇ ਤੇ ਉਸ ਦੇ ਮਨ ਵਿੱਚ ਚੇਲਿਆਂ ਤਾਂਤਰਿਕਾਂ ਵੱਲੋਂ ਭਰਿਆ ਗਿਆ ਭੂਤਾਂ ਪ੍ਰੇਤਾਂ ਦਾ ਡਰ ਦੂਰ ਕੀਤਾ। ਜਦ ਉਹ ਸੰਮੋਹਣ ’ਚੋਂ ਉੱਠੀ ਤਾਂ ਕੁਝ

ਠੀਕ ਲੱਗ ਰਹੀ ਸੀ। ਅਸੀਂ ਉਸਦੇ ਪਰਿਵਾਰਕ ਮੈਂਬਰ ਨਾਲ ਗੱਲਬਾਤ ਕੀਤੀ ਤੇ ਜਰੂਰੀ ਸੁਝਾਅ ਦਿੱਤੇ। ਅਸੀਂ ਦੁਬਾਰਾ ਮਿਲਣ ਬਾਰੇ ਆਖ ਕੇ ਵਾਪਸ ਆ ਗਏ। ਘਰ ਪਹੁੰਚਣ ਸਾਰ ਹੀ ਉਨ੍ਹਾਂ ਦਾ ਫੋਨ ਆ ਗਿਆ ਕਿ ਲੜਕੀ ਨੂੰ ਚੰਗੀ ਤਰ੍ਹਾਂ ਦਿਸਣ ਲੱਗ ਪਿਆ ਹੈ। ਸਾਨੂੰ ਸਾਰੀ ਗੱਲ ਸਾਫ ਹੋ ਗਈ ਸੀ। ਕੁਝ ਦਿਨਾਂ ਮਗਰੋਂ ਅਸੀਂ ਲੜਕੀ ਦੀ ਕੌਂਸਲਿੰਗ ਤੇ ਘਟਨਾਵਾਂ ਦਾ ਰਹੱਸ ਜਾਨਣ ਲਈ ਮੁੜ ਉਨ੍ਹਾਂ ਦੇ ਪਿੰਡ ਦਾ ਰਸਤਾ ਫੜਿਆ। ਹੁਣ ਉਹ ਉਸ ਨੇ ਖੁਸ਼ੀ ਸਾਡੇ ਨਾਲ ਗੱਲ ਕੀਤੀ ਤੇ ਉਹ ਰਾਜ ਵੀ ਸਾਡੇ ਨਾਲ ਸਾਂਝਾ ਕੀਤਾ ਜਿਸ ਨਾਲ ਸਾਰੇ ਪਰਿਵਾਰ ਨੇ ਲੰਮਾ ਸਮਾਂ ਘਟਨਾਵਾਂ ਦਾ ਸੰਤਾਪ ਭੋਗਿਆ।

**ਰਹੱਸ ਕੀ ਸੀ ?**

ਅਸਲ ਵਿੱਚ ਲੜਕੀ ਨੂੰ ਕਿਸੇ ਪਰਿਵਾਰਕ ਮੈਂਬਰ ਨੇ ਆਪਣੇ ਮੋਬਾਇਲ ਉੱਤੇ ਅਸ਼ਲੀਲ ਕਿਸਮ ਦੀ ਫਿਲਮ ਵਿਖਾ ਦਿੱਤੀ ਸੀ। ਜਿਸ ਨਾਲ ਉਸ ਵਿੱਚ ਮਨੋਵਿਕਾਰ ਪੈਦਾ ਹੋਣ ਲੱਗ ਪਏ। ਉਸ ਦੀਆਂ ਮਨੋ-ਇੱਛਾਵਾਂ ਕਲਪਣਾ ਦੇ ਸਮੁੰਦਰ ਵਿੱਚ ਡਿੱਕ ਡੋਲੇ ਖਾਣ ਲੱਗੀਆਂ। ਰਹਿੰਦੀ ਕਸਰ ਚੇਲਿਆਂ ਦੇ ਪਾਏ ਡਰ ਤੇ ਮਹੌਲ ਨੇ ਪੂਰੀ ਕਰ ਦਿੱਤੀ ਸੀ। ਉਹ ਆਪਣੇ ਆਪ ਨਾਲ ਹੀ ਘੁਲਣ ਲੱਗੀ ਅਗਵਾਈ ਤੇ ਪ੍ਰੇਰਨਾ ਦੀ ਘਾਟ ਦੇ ਚਲਦਿਆਂ ਸਿੱਧੇ ਸਿੱਧੇ ਰੂਪ ਵਿੱਚ ਉਸ ਦਾ ਰਹੱਸਮਈ ਵਰਤਾਰਿਆਂ ਨਾਲ ਨਾਤਾ ਜੁੜ ਗਿਆ। ਉਹ ਆਪਣੇ ਉਸ ਪਰਿਵਾਰਕ ਮੈਂਬਰ ਨੂੰ ਸਤਾਉਣ ਲਈ ਉਨ੍ਹਾਂ ਘਟਨਾਵਾਂ ਨਾਲ ਜੁੜੀ ਜਿਹੜੀਆਂ ਉਸ ਪਰਿਵਾਰ ਵਿੱਚ ਵਾਪਰਦੀਆਂ ਸਨ। ਘਟਨਾਵਾਂ 'ਚੋਂ ਉਸ ਨੂੰ ਸਕੂਨ ਲੱਭਦਾ ਸੀ। ਅਜੇ ਇਸ ਕਾਜ 'ਚੋਂ ਉਸ ਨੂੰ ਆਪਣਾ ਮਸਲਾ ਹੱਲ ਹੁੰਦਾ ਤਾਂ ਨਜ਼ਰ ਨਹੀਂ ਸੀ ਆਉਂਦਾ ਪਰ ਉਸ ਦੀ ਹਾਲਤ ਲਈ ਜ਼ਿੰਮੇਵਾਰ ਮੈਂਬਰਾਂ ਨੂੰ ਸਤਾਉਣ ਤੇ ਉਸ ਦੀ ਈਰਖਾ ਜਰੂਰ ਸ਼ਾਂਤ ਹੁੰਦੀ ਸੀ। ਘਰ ਦੇ ਮੈਂਬਰ ਇਸ ਗੱਲੋਂ ਅਣਜਾਣ ਸਨ ਕਿ ਘਟਨਾਵਾਂ ਲਈ ਕਿਹੜੇ ਕਾਰਨ ਜਿੰਮੇਵਾਰ ਹਨ।

ਸਾਡੇ ਸੁਝਾਵਾਂ ਤੇ ਪ੍ਰੇਰਨਾ ਨਾਲ ਉਸ ਨੂੰ ਜ਼ਿੰਦਗੀ ਦਾ ਇੱਕ ਰਾਹ ਨਜ਼ਰ ਆਇਆ ਤੇ ਉਹ ਮਾਨਸਿਕ ਤੌਰ 'ਤੇ ਤੰਦਰੁਸਤ ਹੋ ਗਈ। ਉਸ ਨੇ ਸ਼ਾਦੀ ਨਾ ਕਰਾਉਣ ਦਾ ਆਪਣਾ ਫੈਸਲਾ ਵੀ ਤਿਆਗ ਦਿੱਤਾ ਸੀ। ਲੜਕੀ ਨੇ ਸਾਨੂੰ ਖੁਸ਼ੀ ਨਾਲ ਇਹ ਗੱਲ ਦੱਸੀ। ਸਾਡੇ ਯਤਨਾਂ ਪਰਿਵਾਰ ਦੇ ਸਹਿਯੋਗ ਨਾਲ ਉਹ ਲੜਕੀ ਬਿਲਕੁਲ ਨੌ-ਬਰ-ਨੌ ਹੋ ਗਈ ਸੀ। ਪਰਿਵਾਰ ਦੀ ਖੁਸ਼ੀ ਦਾ ਕੋਈ ਅੰਤ ਨਹੀਂ ਸੀ। ਗਲਤ ਪ੍ਰੇਰਨਾ ਤੇ ਅੰਧਵਿਸ਼ਵਾਸੀ ਮਹੌਲ ਦੀ ਸਤਾਈ ਇੱਕ ਜ਼ਿੰਦੜੀ ਨੂੰ ਬਚਾਉਣ ਦਾ ਸਾਡਾ ਤਜਰਬਾ ਸਫਲ ਰਿਹਾ।

ਸੰਪਰਕ - 094167-24331

*ਹੱਡੀ ਬੀਤੀ ਦੀ ਬਾਕੀ...*

ਤੇ ਕੰਮ ਨਾਲ ਲਗਨ ਹੋ ਗਈ। ਮੇਰਾ ਵਰਤ ਵਿਹਾਰ ਦੇਖ ਕੇ ਸਾਰੇ ਹੈਰਾਨ ਤੇ ਖੁਸ਼ ਹੋਏ। ਆਪਣੇ ਆਪ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਵੇਖ ਕੇ ਮੈਂ ਆਪਣੇ ਰਿਸ਼ਤੇਦਾਰਾਂ ਤੇ ਨੇੜਲੇ ਮਿੱਤਰਾਂ ਵੱਲ ਵੀ ਨਜ਼ਰ ਫੇਰੀ ਤਾਂ ਮੈਨੂੰ ਆਪਣੇ ਵਰਗੇ ਅਨੇਕਾਂ ਹੀ ਹੋਰ ਪੀੜਤ ਵਿਅਕਤੀ ਨਜ਼ਰ ਆਏ ਜਿਹੜੇ ਅੰਧਵਿਸ਼ਵਾਸਾਂ, ਨਸ਼ਿਆਂ ਤੇ ਯੋਗ ਅਗਵਾਈ ਦੀ ਘਾਟ ਕਾਰਣ ਬਿਮਾਰੀ ਦਾ ਸੰਤਾਪ ਭੋਗ ਰਹੇ ਸਨ।

ਮੈਂ ਵਾਰੀ ਵਾਰੀ ਉਹਨਾਂ ਸਾਰਿਆਂ ਦੇ ਪਰਿਵਾਰ ਨਾਲ ਗੱਲ-ਬਾਤ ਕਰਕੇ ਉਨ੍ਹਾਂ ਨੂੰ ਉਸੇ ਮਨੋਰੋਗ ਮਾਹਿਰ ਪਾਸ ਲੈ ਕੇ ਗਿਆ ਤੇ ਸਾਰਿਆਂ ਦਾ ਇਲਾਜ਼ ਕਰਵਾਇਆ। ਇਸ ਕਾਰਜ ਨੇ ਮੇਰੇ ਅੰਦਰ ਹੋਰ ਉਤਸ਼ਾਹ ਅਤੇ ਹੌਂਸਲਾ ਭਰਿਆ ਤੇ ਮੈਨੂੰ ਘਰ ਪਰਿਵਾਰ ਦੀ ਜਿੰਮੇਵਾਰੀ ਦੇ ਨਾਲ ਨਾਲ ਸਮਾਜਿਕ ਬਿਮਾਰੀ ਦਾ ਵੀ ਅਹਿਸਾਸ ਕਰਵਾਇਆ। ਹੁਣ ਅਖ਼ਬਾਰ ਮੇਰੀ ਪੱਕੀ ਦੋਸਤੀ ਹੈ। ਤਰਕਸ਼ੀਲ ਪੁਸਤਕਾਂ ਮੇਰਾ ਰਾਹ ਦਰਸਾਵਾ ਹਨ। ਮੈਨੂੰ ਜ਼ਿੰਦਗੀ ਨਾਲ ਇਨ੍ਹਾਂ ਮੋਹ ਹੋ ਗਿਆ ਹੈ ਕਿ ਮੈਂ ਬਿਲਕੁਲ ਮੁਕਤ ਹੋ ਗਿਆ ਹਾਂ। ਮੇਰੀ ਉਦਾਸੀ ਕਿੱਧਰੇ ਉੱਡ-ਪੁੱਡ ਗਈ ਹੈ। ਅੰਧਵਿਸ਼ਵਾਸ਼ ਤੇ ਡਰ ਨੇ ਮੇਰਾ ਖਹਿੜਾ ਛੱਡ ਦਿੱਤਾ ਹੈ। ਮੈਂ ਆਪਣੀ ਡਿਊਟੀ ਪੂਰੀ ਈਮਾਨਦਾਰੀ ਨਾਲ ਕਰਦਾ ਹਾਂ। ਮੇਰੇ ਘਰ ਪਰਿਵਾਰ ਵਿੱਚ ਵੀ ਖੁਸ਼ੀਆਂ ਪਰਤ ਆਈਆਂ ਹਨ। ਮੈਂ ਆਪਣੇ ਸਨੇਹੀਆਂ ਦੇ ਘੇਰੇ ਵਿਚ ਪੁਸਤਕ ਸੱਭਿਆਚਾਰ ਫੈਲਾਉਣ, ਸੋਚਣ-ਸਮਝਣ ਤੇ ਕੁਝ ਚੰਗਾ ਕਰਨ ਦੀ ਕੋਸ਼ਿਸ਼ ਵਿੱਚ ਰਹਿੰਦਾ ਹਾਂ। ਮੈਂ ਅਕਸਰ ਹੀ ਸੋਚਦਾ ਹਾਂ ਕਿ ਜੇਕਰ ਮੇਰਾ ਤਰਕਸ਼ੀਲਾਂ ਦੇ ਮੇਲੇ 'ਚੋਂ ਉਹ ਪੁਸਤਕ ਖਰੀਦ ਕੇ ਪੜ੍ਹਨ ਦਾ ਸੱਬਬ ਨਾ ਬਣਦਾ ਤਾਂ ਪਤਾ ਨਹੀ ਮੈਂ ਜ਼ਿੰਦਗੀ ਦੇ ਕਿਹੜੇ ਰਾਹਵਾਂ ਵਿੱਚ ਗੁਆਚ ਗਿਆ ਹੁੰਦਾ। ਪੁਸਤਕ ਨੂੰ ਲਿਖਣ ਵਾਲੇ ਡਾਕਟਰ ਤੇ ਉਸ ਨੂੰ ਮੇਰੇ ਤੱਕ ਪਹੁੰਚਾਉਣ ਵਾਲੇ ਤਰਕਸ਼ੀਲ ਕਾਫਲੇ ਦਾ ਮੈਂ ਹਮੇਸ਼ਾ ਦੇਣਦਾਰ ਰਹਾਂਗਾ। ਕਿੰਨਾ ਚੰਗਾ ਹੋਵੇ ਜੇਕਰ ਅੰਧਵਿਸ਼ਵਾਸ਼ਾਂ ਤੇ ਅਗਿਆਨਤਾ 'ਚ ਭਟਕਦੇ ਲੋਕ ਪੁਸਤਕਾਂ ਨਾਲ ਜੁੜਨ ਤੇ ਜ਼ਿੰਦਗੀ ਦੇ ਨਵੇਂ ਰਾਹ ਤਲਾਸ਼ਣ। ਇਸ ਤਰ੍ਹਾਂ ਤਰਕਸ਼ੀਲਤਾ ਨਾਲ ਮੇਰੀ ਜ਼ਿੰਦਗੀ ਹੀ ਬਦਲ ਗਈ। ਹੁਣ ਮੈਂ ਆਪਣੇ ਵੱਲੋਂ ਹਰ ਸੰਭਵ ਯਤਨ ਜੁਟਾਉਂਦਾ ਹਾਂ ਕਿ ਕਿਸੇ ਨਾ ਕਿਸੇ ਰੂਪ ਵਿੱਚ ਅਗਿਆਨਤਾ ਦੇ ਸਾਗਰ ਵਿੱਚ ਭਟਕਦੇ ਲੋਕਾਂ ਨੂੰ ਪ੍ਰੇਰ ਕੇ ਤਰਕਸ਼ੀਲ ਵਿਚਾਰਾਂ ਨਾਲ ਜੋੜ ਸਕਾਂ। ਮੈਨੂੰ ਜ਼ਿੰਦਗੀ ਦਾ ਏਹੋ ਰਾਹ ਹੀ ਸੱਚਾ ਸੁੱਚਾ ਲਗਦਾ ਹੈ।

ਸੰਪਰਕ - 94179-14677

# ਬਾਲ ਕੋਨਾ



1) ਪਾਖੰਡੀਆਂ ਨੇ ਡਰ ਫੈਲਾਏ
ਵਿਗਿਆਨੀਆਂ ਨੇ ਭਰਮ ਮਿਟਾਏ
ਚੰਦ ਉਪਗ੍ਰਹਿ 'ਤੇ
ਪਹੁੰਚਿਆ ਵਿਗਿਆਨ
ਜਾਣ ਵਾਲਾ ਸੀ ਦੱਸੋ
ਕਿਹੜਾ ਪਹਿਲਾ ਇਨਸਾਨ?

*****

2) ਜੀਵਨ ਦੀ ਜੋ ਹੋਂਦ ਬਚਾਉਣੀ
ਬੱਚਿਓ ਰੱਲ ਕੇ ਸੰਭਾਲੋ ਪਾਣੀ
ਧਰਤੀ ਦਾ ਦੋ ਤਿਹਾਈ ਹਿੱਸਾ
ਕਿਹੜੇ ਦੋ ਤੱਤਾਂ ਤੋਂ ਬਣਦਾ ਪਾਣੀ?

*****

3) ਧਰਤੀ ਸੂਰਜ ਦੁਆਲੇ ਘੁੰਮਦੀ ਜਾਵੇ
ਕਿੰਨੇ ਦਿਨਾਂ 'ਚ ਇਸਦਾ ਇੱਕ ਚੱਕਰ ਲਾਵੇ?

*****

4) ਦੁਨੀਆਂ ਨੂੰ ਰੁਸ਼ਨਾਇਆ ਜਿਸਨੇ
ਹਨੇਰਾ ਦੂਰ ਭਜਾਇਆ ਜਿਸਨੇ
ਅਮਰੀਕਾ ਦੇਸ ਦਾ ਸੀ ਵਾਸੀ
ਬਲਬ ਦੱਸੋ ਬਣਾਇਆ ਕਿਸਨੇ?

*****

5) ਆਪਣੇ ਧੁਰੇ ਤੇ ਘੁੰਮਦੀ ਜਾਵੇ
ਧਰਤੀ ਫਿਰ ਦਿਨ ਰਾਤ ਬਣਾਵੇ
ਬੱਚਿਓ ਬੁੱਝੋ ਮੇਰੀ ਬਾਤ
ਕਿੱਥੇ ਛੇ ਮਹੀਨੇ ਦਿਨ
ਤੇ ਛੇ ਮਹੀਨੇ ਰਾਤ

**ਕੁਲਵਿੰਦਰ ਕੌਸ਼ਲ** (94176 36255)

ਉੱਤਰ ਅਗਲੇ ਅੰਕ 'ਚ

### ਐਡੀਸਨ ਦੀ ਨਸੀਹਤ

ਪ੍ਰਸਿੱਧ ਖੋਜ਼ਕਾਰ ਥਾਮਸ ਐਡੀਸਨ ਕੰਮ ਕਰਦੇ ਹੋਏ ਕਦੇ ਅਕੇਵਾਂ ਜਾਂ ਥਕੇਵਾਂ ਮਹਿਸੂਸ ਨਹੀਂ ਸਨ ਕਰਦੇ। ਇੱਕ ਵਾਰ ਇੱਕ ਔਰਤ ਨੇ ਉਸ ਦੇ ਅੱਗੇ ਕਾਗਜ਼ ਰਖਦਿਆਂ ਕਿਹਾ, 'ਮੇਰੇ ਪੁੱਤਰ ਲਈ ਕੋਈ ਨਸੀਹਤ ਲਿਖ ਦਿਓ।' ਐਡੀਸਨ ਨੇ ਲਿਖਿਆ, 'ਕੰਮ ਦੇ ਵੇਲੇ ਕਦੇ ਘੜੀ ਨਾ ਵੇਖੋ।'

ਬਾਲ ਰਚਨਾ

## ਛੂਈ-ਮੂਈ

ਰੀਨਾ ਤੀਸਰੀ ਕਲਾਸ ਵਿੱਚ ਪੜ੍ਹਦੀ ਸੀ ਤੇ ਕਲਾਸ ਦੀ ਮਨੀਟਰ ਸੀ। ਸਾਰੇ ਅਧਿਆਪਕ ਉਸ ਨੂੰ ਬਹੁਤ ਪਿਆਰ ਕਰਦੇ ਸਨ। ਉਹ ਸੀ ਵੀ ਬਹੁਤ ਆਗਿਆਕਾਰ। ਸਕੂਲੋਂ ਆ ਕੇ ਪਹਿਲਾਂ ਆਪਣਾ ਹੋਮਵਰਕ ਕਰਿਆ ਕਰਦੀ ਸੀ। ਪਰਿਵਾਰ ਦੇ ਸਾਰੇ ਮੈਂਬਰਾਂ ਲਈ ਉਹ ਅੱਖਾਂ ਦਾ ਤਾਰਾ ਸੀ। ਸਕੂਲ ਵਿੱਚ ਕਲਾਸ ਦੀਆਂ ਸਾਰੀਆਂ ਵਿਦਿਆਰਥਣਾਂ ਉਸ ਦੇ ਆਸ ਪਾਸ ਰਹਿੰਦੀਆਂ। ਉਸਦਾ ਭੋਲਾਪਣ ਹਰੇਕ ਦਾ ਮਨ ਮੋਹ ਲੈਂਦਾ ਸੀ।

ਇੱਕ ਦਿਨ ਅਚਾਨਕ ਉਹ ਬੇਹੋਸ਼ ਹੋ ਗਈ। ਉਸ ਦੀਆਂ ਸਹੇਲੀਆਂ ਨੇ ਅਧਿਆਪਕਾਂ ਨੂੰ ਜਾ ਕੇ ਦੱਸਿਆ ਕਿ ਰੀਨਾ ਛੂਈ-ਮੂਈ ਹੋ ਗਈ ਹੈ। ਅਧਿਆਪਕਾਂ ਨੇ ਉਸ ਨੂੰ ਚੁੱਕਿਆ ਅਤੇ ਮੁਢਲੇ ਸਹਾਇਤਾ ਦਿੱਤੀ। ਉਸ ਦਿਨ ਤੋਂ ਬਾਅਦ ਇਸ ਤਰ੍ਹਾਂ ਅਕਸਰ ਹੀ ਵਾਪਰਨ ਲੱਗ ਪਿਆ। ਹਫ਼ਤੇ ਵਿੱਚ ਇੱਕ ਵਾਰ ਅਜਿਹਾ ਵਾਪਰ ਜਾਂਦਾ ਸੀ ਜਦ ਰੀਨਾ ਕੁਝ ਪਲਾਂ ਲਈ ਬੇਹੋਸ਼ ਹੋ ਜਾਂਦੀ। ਮਾਪਿਆਂ ਨੇ ਉਸ ਦੇ ਇਲਾਜ ਦੀ ਕੋਈ ਕਸਰ ਬਾਕੀ ਨਾ ਛੱਡੀ ਪਰ ਉਸ ਦੇ ਮਨ ਦੀ ਗੁੰਝਲ ਨਾ ਖੁੱਲ੍ਹੀ। ਕਈ ਰਿਸ਼ਤੇਦਾਰ ਤੇ ਨੇੜਲਿਆਂ ਨੇ ਰੀਨਾ ਦੇ ਮਾਪਿਆਂ ਨੂੰ ਹੱਥ ਹਥੌਲਿਆਂ ਤੇ ਟੂਣਿਆਂ ਦੇ ਰਾਹ ਵੀ ਪਾਉਣ ਦੀ ਕੋਸ਼ਿਸ਼ ਕੀਤੀ ਤੇ ਆਖਿਆ ਕਿ ਇਸ ਨੂੰ ਜਰੂਰ ਹੀ ਕਿਸੇ ਨੇ ਨਜ਼ਰ ਲਾ ਦਿੱਤੀ ਹੈ। ਪਰ ਰੀਨਾ ਦੇ ਮਾਪੇ ਅਜਿਹੇ ਚੱਕਰਾਂ ਵਿੱਚ ਨਹੀਂ ਪਏ। ਉਨ੍ਹਾਂ ਦੇ ਸਕੂਲ ਵਿੱਚ ਇੱਕ ਨਵੇਂ ਆਏ ਅਧਿਆਪਕ ਨੂੰ ਇਸ ਸਮੱਸਿਆ ਦਾ ਪਤਾ ਲੱਗਾ ਤਾਂ ਉਸ ਨੇ ਰੀਨਾ ਨਾਲ ਬਹੁਤ ਪਿਆਰ ਭਰਿਆ ਵਰਤਾਓ ਕੀਤਾ। ਰੀਨਾ ਵੀ ਵਿਹਲੇ ਸਮੇਂ ਉਸ ਅਧਿਆਪਕ ਕੋਲ ਜਾ ਬੈਠਦੀ ਤੇ ਉਸ ਨਾਲ ਆਪਣੇ ਘਰ ਅਤੇ ਸਕੂਲ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਕਰਦੀ। ਅਧਿਆਪਕ ਨੂੰ ਉਸ ਦਿਨ ਸਫ਼ਲਤਾ ਮਿਲ ਗਈ। ਜਿਸ ਦਿਨ ਉਸ ਨੇ ਰੀਨਾ ਦੇ ਮਨ ਦੀ ਪਰਤ 'ਚੋਂ ਉਸ ਦੀ ਛੂਈ-ਮੂਈ ਦਾ ਰਾਜ਼ ਲੱਭ ਲਿਆ। ਸਕੂਲੋਂ ਤੇ ਘਰੋਂ ਮਿਲਦੇ ਲਾਡ ਪਿਆਰ ਨੇ ਰੀਨਾ ਦੇ ਮਨ ਵਿੱਚ ਇਹ ਡਰ ਬੈਠਾ ਦਿੱਤਾ ਸੀ ਕਿ ਜੇ ਉਹ ਕਿਸੇ ਕਾਰਨ ਪੜ੍ਹਨ ਲਈ ਪੂਰਾ ਸਮਾਂ ਨਾ ਦੇ ਸਕੀ ਤਾਂ ਉਸ ਦਾ ਕੀ ਬਣੇਗਾ। ਅਧਿਆਪਕ ਦੀ ਨਸੀਹਤ 'ਤੇ ਪ੍ਰੇਰਨਾ ਨਾਲ ਰੀਨਾ ਕੁੱਝ ਹੀ ਦਿਨਾਂ ਵਿੱਚ ਸਹਿਜ ਹਾਲਤ ਵਿੱਚ ਆ ਗਈ ਤੇ ਉਸ ਦਾ ਛੂਈ-ਮੂਈ ਤੋਂ ਖਹਿੜਾ ਛੁੱਟ ਗਿਆ।

ਆਓ ਜਾਦੂ ਸਿੱਖੀਏ

## ਬੰਦ ਲਿਫਾਫੇ ਨੂੰ ਖੋਲ੍ਹੇ ਬਿਨਾਂ ਪੱਤਰ ਪੜ੍ਹੋ

**ਲੋੜੀਂਦੀ ਸਮੱਗਰੀ** : ਇੱਕ ਕਾਗਜ ਦੀ ਸ਼ੀਟ, ਇੱਕ ਪੈੱਨ, ਇੱਕ ਲਿਫਾਫਾ, ਈਥਰ-ਘੋਲ, ਇੱਕ ਕੱਪੜੇ ਦਾ ਟੁਕੜਾ ਜਾਂ ਰੂੰ, ਲਿਫਾਫਾ ਬੰਦ ਕਰਨ ਲਈ ਕੋਈ ਪੇਸਟ

**ਪੇਸ਼ਕਾਰੀ** : 1. ਸਫੈਦ ਕਾਗਜ ਦੀ ਸ਼ੀਟ ਲਓ ਅਤੇ ਕਿਸੇ ਵਿਅਕਤੀ ਨੂੰ ਇਕੱਠ ਵਿੱਚੋਂ ਖੜ੍ਹਾ ਕਰਕੇ ਪੈੱਨ ਦੀ ਮੱਦਦ ਨਾਲ ਇਸ ਉੱਪਰ ਕੋਈ ਵਾਕ ਜਾਂ ਪ੍ਰਸ਼ਨ ਲਿਖਣ ਲਈ ਕਹੋ। 2. ਕਾਗਜ ਨੂੰ ਇੱਕ ਲਿਫਾਫੇ ਵਿੱਚ ਬੰਦ ਕਰੋ। ਕਾਗਜ ਅਤੇ ਲਿਫਾਫੇ ਦੀ ਕੋਈ ਤਹਿ ਮਾਰਨ ਦੀ ਥਾਂ ਸਿੱਧਾ ਹੀ ਰੱਖੋ। ਲਿਫਾਫੇ ਨੂੰ, ਇਕੱਠ ਨੂੰ ਵਿਖਾਕੇ ਚੰਗੀ ਤਰ੍ਹਾਂ ਬੰਦ ਕਰ ਦੇਵੋ। 3. ਈਥਰ ਦੇ ਘੋਲ ਵਿੱਚ ਭਿੱਜਿਆ ਹੋਇਆ ਕੱਪੜੇ ਦਾ ਟੁਕੜਾ ਜਾਂ ਰੂੰ ਲਵੋ। ਹੌਲੀ ਹੌਲੀ ਉਸਨੂੰ, ਸੀਲ ਨਾ ਖੋਲ੍ਹਦੇ ਹੋਏ ਲਿਫਾਫੇ ਤੇ ਘਿਸਾਓ। 4. ਲਿਖਿਆ ਹੋਇਆ ਹੌਲੀ-ਹੌਲੀ ਤੁਹਾਨੂੰ ਵਿਖਾਈ ਦੇਣਾ ਸ਼ੁਰੂ ਕਰ ਦੇਵੇਗਾ ਅਤੇ ਤੁਸੀਂ ਬਹੁਤ ਆਸਾਨੀ ਨਾਲ ਉਸਨੂੰ ਪੜ੍ਹ ਸਕੋਗੇ। ਪੜ੍ਹਦੇ ਜਾਓ ਅਤੇ ਜਨਤਾ ਨੂੰ ਹੈਰਾਨ ਕਰਦੇ ਜਾਓ।

**ਵਿਆਖਿਆ** : ਈਥਰ ਦੇ ਘੋਲ ਦੀ ਮੌਜੂਦਗੀ ਵਾਲੀ ਇਹ ਬਹੁਤ ਸਾਧਾਰਨ ਪ੍ਰਕ੍ਰਿਆ ਹੈ। ਜਦੋਂ ਇਹ ਘੋਲ ਕਾਗਜ ਤੇ ਲਗਾਇਆ ਜਾਂਦਾ ਹੈ ਤਾਂ ਕਾਗਜ ਪਾਰਦਰਸ਼ੀ ਹੋ ਜਾਂਦਾ ਹੈ ਅਤੇ ਲਿਖਿਆ ਹੋਇਆ ਆਸਾਨੀ ਨਾਲ ਪੜ੍ਹਿਆ ਜਾਂਦਾ ਹੈ।

**ਸਾਵਧਾਨੀਆਂ** : 1. ਕਾਗਜ, ਲਿਫਾਫੇ ਵਿੱਚ ਬਿਨਾਂ ਤਹਿ ਮਾਰੇ ਰੱਖੋ। 2. ਈਥਰ ਭਿੱਜੀ ਰੂੰ ਜਾਂ ਕੱਪੜਾ ਉਦੋਂ ਤੱਕ ਲਿਫਾਫੇ ਤੇ ਘਿਸਾਉਂਦੇ ਰਹੋ ਜਦੋਂ ਤੀਕ ਲਿਫਾਫੇ ਅੰਦਰਲੀ ਲਿਖਤ ਵਿਖਾਈ ਨਹੀਂ ਦੇਣ ਲੱਗ ਜਾਂਦੀ।

## ਕਿਹੜੇ ਦਿਨ... ਕੀ?

5 ਸਤੰਬਰ: ਕੌਮੀ ਅਧਿਆਪਕ ਦਿਵਸ

8 ਸਤੰਬਰ: ਜਨਮ ਰੂਸੀ ਲੇਖਕ ਰਸੂਲ ਹਮਜਾਤੋਵ (ਪ੍ਰਸਿੱਧ ਪੁਸਤਕ 'ਮੇਰਾ ਦਾਗਿਸਤਾਨ')(1923)
-ਕੌਮਾਂਤਰੀ ਸਾਖਰਤਾ ਦਿਵਸ

9 ਸਤੰਬਰ: ਚੀਨ ਦੇ ਕਮਿਊਨਿਸਟ ਆਗੂ ਮਾਓ-ਜੇ-ਤੁੰਗ ਦਾ ਦਿਹਾਂਤ (1976)
-ਜਨਮ ਮਹਾਨ ਰੂਸੀ ਲੇਖਕ ਲੀਓ ਟਾਲਸਟਾਏ (1828)

13 ਸਤੰਬਰ: ਸ਼ਹੀਦ ਜਤਿੰਦਰ ਨਾਥ ਦਾਸ ਦੀ ਜੇਲ੍ਹ ਵਿੱਚ ਭੁੱਖ ਹੜਤਾਲ ਦੇ 63ਵੇਂ ਦਿਨ ਸ਼ਹੀਦੀ (1929)

16 ਸਤੰਬਰ: ਸੰਸਾਰ ਓਜ਼ੋਨ ਦਿਵਸ
-ਪ੍ਰਮਾਣੂ ਸਿਧਾਂਤ ਦੇਣ ਵਾਲੇ ਵਿਗਿਆਨੀ ਜੌਹਨ ਡਾਲਟਨ ਦਾ ਜਨਮ (1766)
-ਜਨਮ ਲੋਕ ਨਾਟਕਕਾਰ ਗੁਰਸ਼ਰਨ ਸਿੰਘ (1929)

18 ਸਤੰਬਰ: ਡਾ. ਅਬਰਾਹਮ ਟੀ ਕਾਵੂਰ ਦਾ ਦਿਹਾਂਤ (1978)

23 ਸਤੰਬਰ : ਨੈਪਚੂਨ ਗ੍ਰਹਿ ਦੀ ਖੋਜ (1846)

28 ਸਤੰਬਰ: ਜਨਮ ਦਿਨ ਸ਼ਹੀਦ-ਏ-ਆਜਮ ਭਗਤ ਸਿੰਘ (1907)

9 ਅਕਤੂਬਰ: ਇਨਕਲਾਬੀ ਆਗੂ ਚੀ ਗੁਵੇਰਾ ਦੀ ਬੋਲੀਵੀਆ ਵਿੱਚ ਸ਼ਹਾਦਤ (1967)

16 ਅਕਤੂਬਰ: ਵਿਸ਼ਵ ਖੁਰਾਕ ਦਿਵਸ
-ਭਾਰਤੀ ਮੂਲ ਦੇ ਵਿਗਿਆਨੀ ਹਰਗੋਬਿੰਦ ਖੁਰਾਨਾ ਨੇ ਨੋਬਲ ਪੁਰਸਕਾਰ ਪ੍ਰਾਪਤ ਕੀਤਾ (1968)



# ਮਹਾਂਰਾਸ਼ਟਰ ਅੰਧਸ਼ਰਧਾ ਨਿਰਮੂਲਨ ਸਮਿਤੀ ਦੀ ਸਿਲਵਰ ਜੁਬਲੀ

ਮਹਾਂਰਾਸ਼ਟਰ ਅੰਧਸ਼ਰਧਾ ਨਿਰਮੂਲਨ ਸਮਿਤੀ ਦੀ 25 ਸਾਲਾ ਜੁਬਲੀ 7 ਅਗਸਤ ਤੋਂ 9 ਅਗਸਤ 2015 ਤੱਕ ਸਿਵ ਸ਼ੰਕਰ ਸਭਾ ਗ੍ਰਹਿ ਪੂਨਾ ਵਿਖੇ ਮਨਾਈ ਗਈ। ਜਿਸ ਵਿੱਚ ਪਹਿਲੇ ਦਿਨ 7 ਅਗਸਤ ਨੂੰ ਭਾਰਤੀ ਤਰਕਸ਼ੀਲਾਂ ਦੀ ਨੈਸ਼ਨਲ ਕਾਨਫਰੰਸ ਦੇ ਤੌਰ ਤੇ ਮਨਾਇਆ ਗਿਆ। ਜਿਸ ਵਿੱਚ ਪੰਜਾਬ ਦੇ ਤਰਕਸੀਲਾਂ ਸਮੇਤ ਲੱਗਭਗ 11 ਰਾਜਾਂ ਦੇ ਤਰਕਸ਼ੀਲਾਂ, ਮਾਨਵਤਾਵਾਦੀ ਅਤੇ ਨਾਸ਼ਤਿਕ ਸੰਗਠਨਾਂ ਨੇ ਭਾਗ ਲਿਆ। ਇਸ ਕਾਨਫਰੰਸ ਦਾ ਉਦਘਾਟਨ ਡਾ. ਸ੍ਰੀ ਰਾਮ ਲਾਗੂ ਬਜੁਰਗ ਫਿਲਮੀ ਐਕਟਰ ਨੇ ਅੰਧਵਿਸ਼ਵਾਸੀ ਤਾਲੇ ਨੂੰ ਤਰਕਸ਼ੀਲਤਾ ਦੀ ਪ੍ਰਤੀਕ ਚਾਬੀ ਨਾਲ ਖੋਲ੍ਹ ਕੇ ਕੀਤਾ। ਇਸ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਮਾਨਯੋਗ ਸਾਬਕਾ ਚੀਫ ਜੱਜ ਪੀ ਬੀ ਸਾਵੰਤ ਨੇ ਕਿਹਾ ਕਿ ਸਿਖਿਆ ਦਾ ਧਰਮੀਕਰਣ ਕੀਤਾ ਜਾ ਰਿਹਾ ਹੈ ਜੋ ਕਿ ਠੀਕ ਨਹੀਂ ਹੈ। ਸੀਨੀਅਰ ਵਿਗਿਆਨੀ ਜਯੰਤ ਨਰਲੀਕਰ ਨੇ ਕਿਹਾ ਕਿ ਹੁਣ ਸਮਾਂ ਹੈ ਕਿ ਸਮਾਜ ਨੂੰ ਅੰਧ ਸ਼ਰਧਾ ਅਤੇ ਅੰਧ ਵਿਸਵਾਸ ਤੋਂ ਮੁਕਤ ਕੀਤਾ ਜਾਵੇ। ਮਹਾਂਰਾਸ਼ਟਰ ਅੰਧ ਸ਼ਰਧਾ ਨਿਰਮੂਲ ਸਮਿਤੀ ਦੇ ਕਾਰਜਕਾਰੀ ਪ੍ਰਧਾਨ ਅਵਿਨਾਸ਼ ਪਾਟਿਲ ਨੇ ਕਿਹਾ ਕਿ ਜੋ ਲੋਕ ਇਹ ਸੋਚਦੇ ਸਨ ਕਿ ਡਾ. ਦਾਭੋਲਕਰ ਨੂੰ ਸ਼ਹੀਦ ਕਰਕੇ ਅੰਧ ਵਿਸ਼ਵਾਸਾਂ ਵਿਰੁੱਧ ਲੜ੍ਹਨ ਵਾਲੇ ਸੰਘਰਸ਼ਸੀਲ ਲੋਕਾਂ ਦੇ ਹੌਸਲੇ ਤੋੜ ਦੇਣਗੇ। ਇਸ ਗਲਤ ਸਾਬਤ ਹੋ ਗਿਆ ਹੈ। ਉਹਨਾਂ ਦੀ ਪਤਨੀ ਡਾ. ਸ਼ੈਲਾ ਦਾਭੋਕਰ, ਪੁੱਤਰੀ, ਜਵਾਈ ਅਨੀਸ਼ ਪਟਵਰਧਨ ਅਤੇ ਪੁਤਰ ਡਾ. ਹਾਮੀਦ ਦਾਭੋਕਰ ਵੀ ਦ੍ਰਿੜ ਇਰਾਦੇ ਨਾਲ ਇਸ ਮਿਸ਼ਨ ਨੂੰ ਲੈ ਕੇ ਸਮਿਤੀ ਦੇ ਨਾਲ ਖੜੇ ਹਨ। ਪਹਿਲੇ ਦਿਨ ਦੀ ਰਾਸ਼ਟਰੀ ਕਾਨਫਰੰਸ ਵਿੱਚ ਫੈਡਰੇਸ਼ਨ ਆਫ ਇੰਡੀਅਨ ਰੈਸ਼ਨੇਲਿਸਟ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਡਾ. ਨਰਿੰਦਰ ਨਾਇਕ ਨੇ ਕਿਹਾ ਕਿ ਸਾਨੂੰ ਡਾ. ਦਾਭੋਲਕਰ ਦੀ ਵਿਚਾਰਧਾਰਾ ਨੂੰ ਅੱਗੇ ਵਧਾਉਂਣਾ ਹੋਵੇਗਾ। ਪ੍ਰੋ. ਰਾਮ ਪੁਨਿਆਨੀ ਨੇ ਕਿਹਾ ਕਿ ਧਰਮ ਦੇ ਨਾਮ ਤੇ ਰਾਜਨੀਤੀ ਅਤੇ ਵਿਵੇਕਵਾਦ ਤੇ ਹਮਲਾ ਦੋਵੇਂ ਜੁੜਵੇਂ ਮਸਲੇ ਹਨ। ਮਾਰਕਸਵਾਦੀ ਅਤੇ ਸੀ ਪੀ ਐਮ ਆਗੂ ਸੀਤਾ ਰਾਮ ਕੇਸਰੀ ਨੇ ਕਿਹਾ ਕਿ ਹੁਣ 1925 ਦੀ ਨੀਤੀ ਦੇ ਆਧਾਰ ਤੇ ਭਾਰਤ ਨੂੰ ਹਿੰਦੂ ਰਾਸਟਰ ਬਣਾਇਆ ਜਾ ਰਿਹਾ ਹੈ। ਸੋਸਲਿਸਟ ਭਾਈ ਵੈਦਿਆ ਨੇ ਵੱਧ ਰਹੇ ਵੱਖਵਾਦ ਬਾਰੇ ਚਿੰਤਾ ਪ੍ਰਗਟ ਕੀਤੀ। ਸੀਨੀਅਰ ਵਿਗਿਆਨੀ ਅਰਵਿੰਦ ਗੁਪਤਾ ਨੇ ਕਿਹਾ ਕਿ ਸੜਕ 'ਤੇ ਸ਼ੁਰੂ ਕੀਤੇ ਅੰਦੋਲਨ ਦੇ ਨਾਲ ਸਾਨੂੰ ਆਪਣੀ ਸੋਚ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਰਾਤ ਦੇ ਸੈਸ਼ਨ ਵਿੱਚ ਤਰਕਸੀਲ ਸੁਸਾਇਟੀ ਪੰਜਾਬ ਦੇ ਨੁਮਾਇੰਦੇ ਅਤੇ ਫੈਡਰੇਸ਼ਨ ਆਫ ਇੰਡੀਅਨ ਰੈਸ਼ਨੇਲਿਸਟ ਐਸ਼ੋਸੀਏਸ਼ਨ ਦੇ ਵਿੱਤ ਸਕੱਤਰ ਹਰਚੰਦ ਭਿੰਡਰ ਅਤੇ ਤਰਕਸ਼ੀਲ ਅਗੂ ਰਾਮ ਕੁਮਾਰ ਨੇ ਵੀ ਸਮੂਲੀਅਤ ਕੀਤੀ। ਹਰਚੰਦ ਭਿੰਡਰ ਨੇ ਕਿਹਾ ਕਿ ਇਸ ਸਮੇ ਜਦ ਕਿ ਧਾਰਮਿਕ ਮੂਲਵਾਦੀ ਲੋਕ ਰਾਜ ਕਰ ਰਹੇ ਹਨ ਤਾਂ ਸਾਡਾ ਕੰਮ ਹੋਰ ਵੀ ਚਣੌਤੀਪੂਰਣ ਹੋ ਜਾਂਦਾ ਹੈ। ਇਸ ਸਮੇਂ ਭਿੰਡਰ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਕੀਤੀਆਂ ਸਰਗਰਮੀਆਂ ਖਾਸ ਕਰਕੇ ਡਾ. ਦਾਭੋਲਕਰ ਦੀ ਸ਼ਹੀਦੀ ਤੋਂ ਬਾਅਦ ਉਹਨਾਂ ਦੀ ਯਾਦ ਵਿੱਚ ਤੇ ਉਹਨਾਂ ਦੇ ਕਾਤਲਾਂ ਦੀ ਗ੍ਰਿਫਤਾਰੀ ਦੀ ਮੰਗ ਦੇ ਸਬੰਧ ਅਤੇ ਅੰਧ ਵਿਸ਼ਵਾਸ ਵਿਰੋਧੀ ਕਾਨੂੰਨ ਲਾਗੂ ਕਰਨ ਦੇ ਸਬੰਧ ਵਿੱਚ ਕੀਤੀਆਂ ਸਰਗਰਮੀਆਂ ਦੀ ਵੀ ਚਰਚਾ ਕੀਤੀ। ਰਾਮ ਕੁਮਾਰ ਨੇ ਤਰਕਸ਼ੀਲ ਸੁਸਾਇਟੀ ਵੱਲੋਂ ਕੀਤੀਆਂ ਜਾ ਰਹੀਆਂ ਸਰਗਰਮੀਆ ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਇਸ ਸਮੇਂ ਕੁਝ ਜਾਦੂ ਦੀਆਂ ਆਇਟਮਾਂ ਦਿੱਖਾ ਕੇ ਉਹਨਾਂ ਰਾਹੀਂ ਅੰਧ ਵਿਸ਼ਵਾਸ ਨੂੰ ਖਤਮ ਕਰਕੇ ਵਿਗਿਆਨਕ ਚੇਤਨਾ ਪੈਦਾ ਕਰਨ ਵਾਲੀਆਂ ਗੱਲਾਂ ਨਾਲ ਜਿਥੇ ਹਾਜਰ ਲੋਕਾਂ ਦਾ ਮਨੋਰੰਜਨ ਕੀਤਾ, ਉਥੇ ਉਹਨਾਂ ਨੂੰ ਸਿੱਖਿਅਤ ਵੀ ਕੀਤਾ। ਸਾਰੇ ਦਿਨ ਦੇ ਪਰੋਗ੍ਰਾਮ ਵਿੱਚ ਵਿਗਿਆਨ ਚੇਤਨਾ ਅਤੇ ਸਹੀਦ ਭਗਤ ਸਿੰਘ ਨਾਲ ਸਬੰਧਤ ਗੀਤ ਸੰਗੀਤ ਵੀ ਹੁੰਦਾ ਰਿਹਾ ਅਤੇ ਰਾਤ ਸਮੇਂ 'ਸ਼ੁਕਰਾਤ ਤੋਂ ਦਾਭੋਲਕਰ' ਅਤੇ 'ਪੰਸਾਰੇ ਵਾਇਆ ਤੁੱਕਾ ਰਾਮ' ਲੋਕ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਦੂਜੇ ਦਿਨ ਦੇ ਪ੍ਰੋਗਰਾਮ ਵਿੱਚ ਡਾ. ਦਾਭੋਲਕਰ ਅਤੇ ਉਸ ਦੇ ਬਾਅਦ ਅੰਧ ਸ਼ਰਧਾ ਨਿਰਮੂਲਨ ਸਮਿਤੀ ਦੀਆਂ ਗ੍ਰਤੀਵਿਧੀਆਂ ਸਬੰਧੀ ਚਰਚਾ ਹੋਈ ਜਿਸ ਵਿੱਚ ਇਸ ਦੇ ਪ੍ਰਧਾਨ ਐਨ ਡੀ ਪਾਟਿਲ ਨੇ ਕਿਹਾ ਕਿ ਪਹਿਲਾਂ ਸਮਿਤੀ ਦੀਆਂ ਰਾਜ ਭਰ ਵਿੱਚ 200 ਇਕਾਈਆਂ ਸਨ ਜੋ ਕਿ ਹੁਣ ਵਧ ਕੇ 310 ਹਨ, ਵਿਦਿਆਰਥੀ ਵਰਗ ਅਤੇ ਨੌਜਵਾਨ ਤਬਕਾ ਸਾਡੇ ਨਾਲ ਜੁੜ ਰਿਹਾ ਹੈ। ਇਸ ਦੇ ਨਾਲ ਹੀ ਉਹਨਾਂ ਲੋਕਾਂ ਦਾ ਭਰਮ ਵੀ ਟੁੱਟ ਗਿਆ ਹੈ ਕਿ ਜੋ ਲੋਕ ਇਹ ਸੋਚਦੇ ਸਨ ਕਿ ਡਾ. ਦਾਭੋਲਕਰ ਨੂੰ ਸ਼ਹੀਦ ਕਰਨ ਦੇ ਬਾਅਦ ਸੰਗਠਨ ਖਤਮ ਹੋ ਜਾਵੇਗਾ। ਸਮਿਤੀ ਦੀ ਪ੍ਰਮੁੱਖ ਸਕੱਤਰ ਸ਼ੁਸੀਲਾ ਮੁੰਡੇ ਨੇ ਸੰਬੋਧਨ ਕੀਤਾ। ਇਸ ਸਮੇ ਫਿਲਮਸਾਜ਼ ਜੱਬਾਰ ਪਟੇਲ ਨੇ ਹਾਜ਼ਰੀਨ ਨਾਲ ਗੱਲ ਕਰਦੇ ਹੋਏ ਕਿਹਾ ਕਿ ਸ਼ੋਸਲ ਮੀਡੀਆ ਨੂੰ ਵਰਤ ਕੇ ਨੌਜਵਾਨ ਵਰਗ ਨੂੰ ਆਪਣੇ ਨਾਲ ਜੋੜਨਾ ਚਾਹੀਦਾ ਹੈ। ਸਿਲਵਰ ਜੁਬਲੀ ਦੇ ਅੰਤਮ ਅਤੇ ਤੀਜੇ ਦਿਨ ਸਵੇਰੇ 6 ਵਜੇ ਮਹਾਂਰਾਸ਼ਟਰ ਅੰਧ ਸ਼ਰਧਾ ਨਿਰਮੂਲਨ ਸਮਿਤੀ ਵੱਲੋਂ ਸਵਾਰੇ ਗੇਟ ਤੋਂ ਸ਼ੁਰੂ ਕਰਕੇ ਵਿਠਲ ਰਾਮਜੀ ਸ਼ਿੰਦੇ ਪੁਲ ਜਿਥੇ ਕਿ ਦੋ ਅਣਪਛਾਤੇ ਕਾਤਲਾਂ ਨੇ ਡਾ. ਦਾਭੋਲਕਰ ਨੂੰ 20 ਅਗਸਤ 2013 ਨੂੰ ਸਹੀਦ ਕੀਤਾ ਸੀ, ਰੋਸ ਮਾਰਚ ਕੀਤਾ ਇਸ ਮਾਰਚ ਵਿੱਚ ਲੱਗਭਗ 600 ਤੋਂ ਵੀ ਜਿਆਦਾ ਵਰਕਰ ਆਗੂ ਅਤੇ ਦੂਜੀਆਂ ਜਥੇਬੰਦੀਆਂ ਦੇ ਨੁਮਾਇੰਦੇ ਹੱਥਾਂ ਵਿੱਚ ਨਾਹਰਿਆਂ ਅਤੇ ਮੰਗਾਂ ਵਾਲੀਆਂ ਤਖਤੀਆਂ ਚੁੱਕੀ ਸਾਮਿਲ ਸਨ। ਇਸ ਵਿੱਚ ਡਾ. ਦਾਭੋਲਕਰ ਦੀ ਪਤਨੀ ਡਾ. ਸੈਲਾ ਦਾਭੋਲਕਰ ਸਮੇਤ ਸਾਰੇ ਪਰਿਵਾਰ ਦੇ ਮੈਂਬਰ ਅਤੇ ਆਗੂ ਅਗਵਾਈ ਕਰ ਰਹੇ ਸਨ। ਪੁਲ ਤੇ ਪਹੁੰਚ ਕੇ ਇਹ ਰੋਸ ਮਾਰਚ, ਰੈਲੀ ਦੀ ਸ਼ਕਲ ਵਿੱਚ ਬਦਲ ਗਿਆ। ਡਾ. ਦਾਭੋਲਕਰ ਦੀ ਪਤਨੀ ਵੀ ਥੋੜਾ ਭਾਵੁਕ ਹੋਏ ਅਤੇ ਜਲਦੀ ਹੀ ਉਹਨਾਂ ਆਪਣੇ ਤੇ ਕਾਬੂ ਪਾ ਲਿਆ। ਇਸ ਸਮੇਂ ਡਾ. ਦਾਭੋਲਕਰ ਦੇ ਬੇਟੇ ਡਾ. ਹਾਮੀਦ ਦਾਭੋਲਕਰ ਅਤੇ ਕਾਰਜਕਾਰੀ ਪ੍ਰਧਾਨ ਅਵਿਨਾਸ ਪਾਟਿਲ ਨੇ ਕਿਹਾ ਕਿ ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਡਾ. ਦਾਭੋਲਕਰ ਦੇ ਕਤਲ ਕੇਸ਼ ਦੀ ਪੜਤਾਲ ਵਿੱਚ ਤੇਜੀ ਲਿਆ ਕੇ ਅਸਲ ਹਤਿਆਰੇ ਗ੍ਰਿਫਤਾਰ ਕੀਤੇ ਜਾਣ। ਇਸ ਦੇ ਸਬੰਧ ਵਿੱਚ ਅਸੀਂ ਮਹਾਂਰਾਸਟਰ ਅੰਧਸਰਧਾ ਸਮਿਤੀ ਵੱਲੋਂ ਰਾਸ਼ਟਰਪਤੀ ਨੂੰ ਇਕ ਲੱਖ ਪੋਸਟ ਕਾਰਡ ਭੇਜਾਂਗੇ ਇਸ ਦੀ ਕਾਰਵਾਈ ਅੱਜ ਤੋਂ ਹੀ ਸ਼ੁਰੂ ਕਰ ਰਹੇ ਹਾਂ। ਸਮਾਪਤੀ ਸਮਾਰੋਹ ਸਮੇਂ ਡਾ. ਦਭੋਲਕਰ ਦੀ ਪਤਨੀ ਡਾ ਸ਼ੈਲਾ ਦਾਭੋਲਕਰ ਨੇ ਕਿਹਾ ਕਿ ਅੰਧ ਸਰਧਾ ਨਿਰਮੂਲਨ ਸਮਿਤੀ ਦੇ ਮਾਣ ਵਾਲੀ ਗੱਲ ਹੋਣੀ ਚਾਹੀਦੀ ਹੈ ਕਿ ਇਕ ਦਾਭੋਲਕਰ ਨਹੀਂ ਸਾਰੇ ਦਾਭੋਲਕਰ ਵਰਗੇ ਬਣ ਗਏ ਹਨ ਅਤੇ ਆਪਣੇ ਮਿਸ਼ਨ ਨੂੰ ਅੱਗੇ ਲੈਕੇ ਜਾ ਰਹੇ ਹਨ। ਇਸ ਦੇ ਬਾਅਦ 11 ਅਗਸਤ ਨੂੰ ਹਰਚੰਦ ਭਿੰਡਰ ਅਤੇ ਰਾਮ ਕੁਮਾਰ ਨੇ ਮਹਾਂਰਾਸ਼ਟਰ ਅੰਧ ਸਰਧਾ ਨਿਰਮੂਲਨ ਸਮਿਤੀ ਦੀ ਇਕਾਈ ਪੂਨਾ ਦੀ ਮੀਟਿੰਗ ਵਿੱਚ ਸਮੂਲੀਅਤ ਕੀਤੀ।

**...ਹਰਚੰਦ ਭਿੰਡਰ**

# ਥਾਮਸ ਅਲਵਾ ਐਡੀਸਨ

-ਹਰੀ ਕ੍ਰਿਸ਼ਨ ਦੇਵਸਰੇ

ਥਾਮਸ ਅਲਵਾ ਐਡੀਸਨ ਦਾ ਜਨਮ ਮਿਲਾਨ, ਅਮਰੀਕਾ ਵਿੱਚ 11 ਫਰਵਰੀ 1847 ਨੂੰ ਹੋਇਆ। ਬਚਪਨ ਤੋਂ ਹੀ ਉਸ ਨੂੰ ਹਰ ਚੀਜ਼ ਬਾਰੇ ਜਾਨਣ ਦੀ ਜਗਿਆਸਾ ਰਹਿੰਦੀ। ਇਹ ਕਿਉਂ ਹੋਇਆ? ਕਿਵੇਂ ਹੋਇਆ? ਉਹ ਖੁਦ ਤਜ਼ਰਬਾ ਕਰਕੇ ਦੇਖਦਾ ਤਾਂ ਫੇਰ ਸੰਤੁਸ਼ਟ ਹੁੰਦਾ।

ਸਕੂਲ ਦੇ ਪ੍ਰਿੰਸੀਪਲ ਵੱਲੋਂ ਕੀਤੀ ਨਿਰਾਦਰੀ ਕਾਰਣ ਉਸ ਦੀ ਮਾਂ ਨੇ ਜਦੋਂ ਉਸ ਨੂੰ ਫਟਕਾਰਿਆ ਤਾਂ ਉਸ ਦਾ ਇੱਕ ਮਾੜਾ ਨਤੀਜਾ ਇਹ ਨਿਕਲਿਆ ਕਿ ਐਡੀਸਨ ਨੂੰ ਸਕੂਲ ਵਿੱਚੋਂ ਕੱਢ ਦਿੱਤਾ ਗਿਆ। ਉਸ ਵੇਲੇ ਐਡੀਸਨ ਦਸ ਵਰ੍ਹਿਆਂ ਦਾ ਸੀ। ਉਸ ਦੀ ਮਾਂ ਆਪ ਅਧਿਆਪਨ ਦਾ ਕੰਮ ਕਰਦੀ ਸੀ। ਇਸ ਲਈ ਉਹਨੇ ਐਡੀਸਨ ਨੂੰ ਘਰ ਹੀ ਪੜ੍ਹਾਈ ਕਰਾਉਣੀ ਸ਼ੁਰੂ ਕਰ ਦਿੱਤੀ।



ਆਪਣੀ ਪ੍ਰਤਿਭਾ ਤੇ ਲਗਨ ਸਦਕਾ ਬਾਲ ਐਡੀਸਨ ਹਰ ਗੱਲ ਨੂੰ ਬਹੁਤ ਜਲਦੀ ਸਮਝ ਲੈਂਦਾ ਸੀ। ਉਸ ਨੇ ਆਪਣੇ ਘਰ ਦੇ ਤਹਿਖ਼ਾਨੇ ਵਿੱਚ ਇੱਕ ਪ੍ਰਯੋਗਸ਼ਾਲਾ ਵੀ ਬਣਾ ਲਈ। ਵਿਹਲੇ ਵੇਲੇ ਉਹ ਇਸ ਤਹਿਖ਼ਾਨੇ ਵਿੱਚ ਕੰਮ ਕਰਦਾ ਰਹਿੰਦਾ। ਐਡੀਸਨ ਜਦੋਂ ਪੰਦਰਾਂ ਸਾਲਾਂ ਦਾ ਹੋਇਆ ਤਾਂ ਉਸ ਨੂੰ ਆਪਣੇ ਤਜ਼ਰਬਿਆਂ ਲਈ ਵਧੇਰੇ ਧਨ ਦੀ ਲੋੜ ਪਈ। ਪਰ ਧਨ ਆਉਂਦਾ ਕਿੱਥੋਂ? ਪਰਿਵਾਰ ਤਾਂ ਏਨਾ ਅਮੀਰ ਨਹੀਂ ਸੀ। ਇਸ ਵਾਸਤੇ ਉਸ ਨੇ ਗ੍ਰੈਂਡ ਟ੍ਰੰਕ ਰੇਲਵੇ ਵਿੱਚ ਅਖ਼ਬਾਰਾਂ, ਟਾਫੀਆਂ ਆਦਿ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਉਸ ਨੂੰ ਵਿਹਲ ਮਿਲਦੀ ਤਾਂ ਉਹ ਪਬਲਿਕ ਲਾਇਬ੍ਰੇਰੀ ਵਿੱਚ ਜਾ ਕੇ ਵਿਗਿਆਨ ਦੀਆਂ ਪੁਸਤਕਾਂ ਪੜ੍ਹਦਾ ਅਤੇ ਨਵੇਂ-ਨਵੇਂ ਤਜ਼ਰਬਿਆਂ ਅਤੇ ਕਾਢਾਂ ਬਾਰੇ ਸੋਚਦਾ। ਹੌਲੀ-ਹੌਲੀ ਉਸ ਨੇ ਰੇਲਗੱਡੀ ਦੇ ਡੱਬੇ ਵਿੱਚ ਚਲਦੀ-ਫਿਰਦੀ ਪ੍ਰਯੋਗਸ਼ਾਲਾ ਖੋਲ੍ਹ ਲਈ।

ਸੰਨ 1861 ਵਿੱਚ ਉੱਤਰੀ ਤੇ ਦੱਖਣੀ ਅਮਰੀਕਾ ਵਿਚਕਾਰ ਲੜਾਈ ਛਿੜ ਪਈ। ਲੋਕਾਂ ਨੂੰ ਲੜਾਈ ਦੇ ਸਮਾਚਾਰ ਸੁਣਨ ਦੀ ਕਾਹਲ ਰਹਿੰਦੀ। ਤਦ ਐਡੀਸਨ ਦੇ ਮਨ ਵਿੱਚ ਐਸਾ ਸਮਾਚਾਰ ਪੱਤਰ ਕੱਢਣ ਦਾ ਵਿਚਾਰ ਆਇਆ ਜਿਹੜਾ ਰੇਲ ਦੇ ਮੁਸਾਫਰਾਂ ਦੀ ਲੋੜ ਪੂਰੀ ਕਰ ਸਕੇ। ਸਬੱਬ ਨਾਲ ਉਸ ਨੂੰ ਛਪਾਈ ਦੀ ਇੱਕ ਪੁਰਾਣੀ ਮਸ਼ੀਨ ਸਸਤੇ ਭਾਅ ਮਿਲ ਗਈ। ਐਡੀਸਨ ਨੇ ਉਸ ਨੂੰ ਰੇਲ ਦੇ ਇੱਕ ਡੱਬੇ ਵਿੱਚ ਹੀ ਰੱਖ ਲਿਆ। ਉਹ ਆਪ ਹੀ ਸਮਾਚਾਰ ਲਿਖਦਾ, ਕੰਪੋਜ਼ ਕਰਦਾ ਤੇ ਅਖ਼ਬਾਰ ਛਾਪਦਾ। ਉਸ ਦਾ ਨਾਂ ਰੱਖਿਆ – ਗ੍ਰੈਂਡ ਟ੍ਰੰਕ ਹੈਰਲਡ! ਬੜੀ ਛੇਤੀ ਉਸ ਦਾ ਅਖ਼ਬਾਰ ਚੱਲ ਪਿਆ। ਕੋਈ ਚਾਰ ਸੌ ਕਾਪੀਆਂ ਰੋਜ਼ ਵਿਕਦੀਆਂ। ਦੁਨੀਆ ਦਾ ਇਹ ਪਹਿਲਾ ਅਖ਼ਬਾਰ ਸੀ ਜਿਹੜਾ ਚਲਦੀ ਗੱਡੀ ਵਿੱਚ ਛਾਪਿਆ ਜਾਂਦਾ ਸੀ। ਲੰਦਨ ਦੇ ਪ੍ਰਸਿੱਧ ਅਖ਼ਬਾਰ "ਟਾਈਮਜ਼" ਨੇ ਵੀ ਇਸ ਅਖ਼ਬਾਰ ਦੀ ਪ੍ਰਸ਼ੰਸਾ ਵਿੱਚ ਇੱਕ ਟਿੱਪਣੀ ਲਿਖੀ ਸੀ।

ਇੱਕ ਦਿਨ ਐਡੀਸਨ ਰੇਲ ਤੋਂ ਉਤਰ ਕੇ ਅਖ਼ਬਾਰ ਵੇਖ ਰਿਹਾ ਸੀ। ਅਚਾਨਕ ਉਹਦਾ ਧਿਆਨ ਕਿਸੇ ਹੋਰ ਪਾਸੇ ਚਲਾ ਗਿਆ ਤੇ ਗੱਡੀ ਚੱਲ ਪਈ। ਐਡੀਸਨ ਗੱਡੀ ਫੜਨ ਵਾਸਤੇ ਦੌੜਿਆ। ਰੇਲ ਦੇ ਇੱਕ ਆਦਮੀ ਨੇ ਉਸਦੇ ਦੋਵੇਂ ਕੰਨ ਫੜਕੇ ਉਸ ਨੂੰ ਆਪਣੇ ਵੱਲ ਖਿੱਚ ਲਿਆ ਕਿਉਂਕਿ ਚਲਦੀ ਗੱਡੀ ਫੜਨ ਨਾਲ ਜਾਨ ਦਾ ਖ਼ਤਰਾ ਸੀ। ਐਡੀਸਨ ਉਸ ਵੇਲੇ ਡਿੱਗਣ ਤੋਂ ਬਚ ਗਿਆ ਪਰ ਉਸ ਨੂੰ ਘੱਟ ਸੁਣਾਈ ਦੇਣ ਲੱਗ ਪਿਆ ਤੇ ਹੌਲੀ-ਹੌਲੀ ਉਹ ਬੋਲਾ ਹੋ ਗਿਆ।

ਰੇਲ ਗੱਡੀ ਦੇ ਡੱਬੇ ਵਿੱਚ ਐਡੀਸਨ ਛਪਾਈ ਦੀ ਮਸ਼ੀਨ ਤੋਂ ਇਲਾਵਾ, ਪ੍ਰਯੋਗਸ਼ਾਲਾ ਦਾ ਸਾਮਾਨ ਵੀ ਰੱਖਦਾ ਸੀ। ਇੱਕ ਦਿਨ ਉਸ ਨੇ ਫਾਸਫੋਰਸ ਲਿਆ ਕੇ ਰੱਖ ਲਿਆ। ਅਚਾਨਕ ਉਸ ਨਾਲ ਰੇਲ ਦੇ ਡੱਬੇ ਨੂੰ ਅੱਗ ਲੱਗ ਗਈ। ਗੱਡੀ ਰੁਕ ਗਈ ਤੇ ਅੱਗ ਤੁਰੰਤ ਬੁਝਾ ਦਿੱਤੀ ਗਈ। ਪਰ ਰੇਲ ਅਧਿਕਾਰੀ ਐਡੀਸਨ ਨੂੰ ਬਹੁਤ ਗੁੱਸੇ ਹੋਏ ਤੇ ਉਸ ਨੂੰ ਅਖ਼ਬਾਰ ਵੇਚਣ ਤੋਂ ਮਨ੍ਹਾਂ ਕਰ ਦਿੱਤਾ।

ਉਹਨਾਂ ਹੀ ਦਿਨਾਂ ਵਿੱਚ ਇੱਕ ਹੋਰ ਘਟਨਾ ਵਾਪਰੀ। ਰੇਲ ਦੀਆਂ ਪਟੜੀਆਂ ਦੇ ਨੇੜੇ ਸਟੇਸ਼ਨ ਮਾਸਟਰ ਦਾ ਛੋਟਾ ਜਿਹਾ ਮੁੰਡਾ ਖੇਡ ਰਿਹਾ ਸੀ। ਉਸ ਨੂੰ ਕੀ ਪਤਾ ਸੀ ਕਿ ਰੇਲ ਗੱਡੀ ਆ ਰਹੀ ਹੈ। ਆਸ ਪਾਸ ਦੇ ਲੋਕਾਂ ਦੀਆਂ ਨਿਗਾਹਾਂ ਵੀ ਰੇਲਗੱਡੀ ਉੱਤੇ ਟਿਕੀਆਂ ਹੋਈਆਂ ਸਨ। ਅਚਾਨਕ ਐਡੀਸਨ ਨੇ ਉਸ ਬੱਚੇ ਨੂੰ ਦੇਖ ਲਿਆ। ਉਸ ਨੇ ਆਪਣੀ ਜਾਨ ਦੀ ਬਾਜ਼ੀ ਲਾ ਕੇ ਬੱਚੇ ਨੂੰ ਚੁੱਕ ਲਿਆ ਅਤੇ ਛਾਲ ਮਾਰ ਕੇ ਦੂਰ ਜਾ ਡਿੱਗਿਆ। ਇੱਕ ਪਲ ਦੀ ਦੇਰੀ ਨਾਲ ਬੱਚੇ ਦੀ ਜਾਨ ਜਾ ਸਕਦੀ ਸੀ। ਸਾਰੇ ਲੋਕਾਂ ਨੇ ਐਡੀਸਨ ਦੇ ਹੌਸਲੇ ਦੀ ਪ੍ਰਸ਼ੰਸਾ ਕੀਤੀ। ਜਦੋਂ ਇਸ ਘਟਨਾ ਦਾ ਸਟੇਸ਼ਨ ਮਾਸਟਰ ਨੂੰ ਪਤਾ ਲੱਗਾ ਤਾਂ ਉਸ ਨੇ ਐਡੀਸਨ ਦਾ ਧੰਨਵਾਦ ਕਰਦਿਆਂ

ਆਖਿਆ – "ਮਿਹਰਬਾਨੀ ਕਰਕੇ ਇਹ ਦੱਸ ਕਿ ਮੈਂ ਤੇਰੇ ਵਾਸਤੇ ਕੀ ਕਰ ਸਕਦਾ ਹਾਂ ਤਾਂ ਜੋ ਤੁਹਾਡੇ ਇਸ ਉਪਕਾਰ ਦਾ ਬਦਲਾ ਚੁਕਾ ਸਕਾਂ?"

ਐਡੀਸਨ ਨੇ ਕਿਹਾ, "ਮੈਂ ਟੈਲੀਗ੍ਰਾਫੀ ਸਿਖਣਾ ਚਾਹੁੰਦਾ ਹਾਂ ।ਕੀ ਤੁਸੀਂ ਮੈਨੂੰ ਸਿਖਾ ਸਕਦੇ ਹੋ?"

ਸਟੇਸ਼ਨ ਮਾਸਟਰ ਨੇ ਉਸ ਦੀ ਗੱਲ ਖੁਸ਼ੀ-ਖੁਸ਼ੀ ਮੰਨ ਲਈ । ਥੋੜ੍ਹੇ ਦਿਨਾਂ ਵਿੱਚ ਹੀ ਐਡੀਸਨ ਨੇ ਇਹ ਕੰਮ ਸਿੱਖ ਲਿਆ । ਇਸ ਕਰਕੇ ਉਸ ਨੂੰ ਇੱਕ ਸਟੇਸ਼ਨ ਉੱਤੇ ਟੈਲੀਗ੍ਰਾਫ ਆਪ੍ਰੇਟਰ ਦੀ ਨੌਕਰੀ ਮਿਲ ਗਈ । ਪਰ ਉਹ ਤਾਂ ਆਪਣੇ ਤਜ਼ਰਬਿਆਂ ਤੇ ਕਾਢਾਂ ਦੀ ਧੁਨ ਵਿੱਚ ਮਸਤ ਰਹਿੰਦਾ ਸੀ ।ਇਸ ਵਾਸਤੇ ਨੌਕਰੀ ਵਿੱਚ ਮਨ ਕਿਵੇਂ ਲੱਗਦਾ? ਕੰਮ ਵਿੱਚ ਲਾਪ੍ਰਵਾਹੀ ਕਰਨ ਬਦਲੇ ਇੱਕ ਦਿਨ ਨੌਕਰੀ ਤੋਂ ਜਵਾਬ ਹੋ ਗਿਆ ।

ਹੁਣ ਐਡੀਸਨ ਆਪਣੀ ਹੀ ਟੈਲੀਗ੍ਰਾਫ ਮਸ਼ੀਨ ਬਣਾਉਣ ਵਿੱਚ ਜੁਟ ਗਿਆ । ਉਹ ਦਿਨ ਗ਼ਰੀਬੀ ਦੇ ਸਨ । ਕਿਸੇ ਨੇ ਸੁਝਾਅ ਦਿੱਤਾ ਕਿ ਤੈਨੂੰ ਨਿਊਯਾਰਕ ਜਾਣਾ ਚਾਹੀਦਾ ਹੈ। ਉੱਥੇ ਤੇਰੇ ਕੰਮ ਦਾ ਸੱਚਾ ਮੁੱਲ ਪਵੇਗਾ । ਐਡੀਸਨ ਨਿਊਯਾਰਕ ਚਲਾ ਗਿਆ । ਇਥੇ ਉਸ ਨੇ ਆਪਣੀ ਬਣਾਈ ਮਸ਼ੀਨ 'ਨਿਊਯਾਰਕ ਟੈਲੀਗ੍ਰਾਫ ਐਕਸਚੇਂਜ' ਦੇ ਮੁਖੀ ਨੂੰ ਭੇਂਟ ਕੀਤੀ ।ਉਸ ਨੂੰ ਆਸ ਸੀ ਕਿ ਇਹਦੇ ਲਈ ਹਜ਼ਾਰ ਡਾਲਰ ਦਾ ਇਨਾਮ ਮਿਲ ਜਾਏਗਾ । ਪਰ ਜਦੋਂ ਉਸ ਨੂੰ ਚਾਲੀ ਹਜ਼ਾਰ ਡਾਲਰ ਮਿਲੇ ਤਾਂ ਉਹਦੀ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ । ਫੇਰ ਕੀ ਸੀ ਉਸ ਨੇ ਨਿਊਜਰਸੀ ਦੇ ਮੈਨਲੋ ਪਾਰਕ ਵਿੱਚ ਇੱਕ ਪ੍ਰਯੋਗਸ਼ਾਲਾ ਖੋਲ੍ਹੀ ਤੇ ਆਪਣੀ ਖੋਜਾਂ ਵਿੱਚ ਮਸਰੂਫ਼ ਹੋ ਗਿਆ ।

ਹਾਲੇ ਤੱਕ ਤਾਂ ਲੋਕ ਐਡੀਸਨ ਨੂੰ ਦੀਵਾਨਾ ਸਮਝਦੇ ਸਨ ।ਉਹ ਸੋਚਦੇ ਸਨ ਕਿ ਇਹ ਬੰਦਾ ਜੋ ਕੁਝ ਕਰਨਾ ਚਾਹੁੰਦਾ ਹੈ ਉਹ ਸਿਰਫ਼ ਇੱਕ ਸੁਪਨਾ ਹੈ ।ਐਡੀਸਨ ਵੀ ਆਪਣੀ ਧੁਨ ਦਾ ਪੱਕਾ ਸੀ । ਉਸ ਨੂੰ ਆਪਣੇ ਕੱਪੜਿਆਂ ਦਾ ਵੀ ਖ਼ਿਆਲ ਨਹੀਂ ਸੀ ਰਹਿੰਦਾ ਕਿ ਇਹ ਸਾਫ ਹਨ ਜਾਂ ਮੈਲੇ । ਆਪਣੀ ਸਾਰੀ ਕਮਾਈ ਪੁਸਤਕਾਂ ਤੇ ਪ੍ਰਯੋਗਸ਼ਾਲਾ ਦਾ ਸਾਮਾਨ ਖਰੀਦਣ ਉੱਤੇ ਖਰਚ ਕਰ ਦੇਂਦਾ ।ਨਿਊਜਰਸੀ ਦੀ ਪ੍ਰਯੋਗਸ਼ਾਲਾ ਅਤੇ ਫੈਕਟਰੀ ਵਿੱਚ ਉਸ ਨੇ ਤਿੰਨ ਸੌ ਕਰਮਚਾਰੀ ਨੌਕਰ ਰੱਖੇ ਹੋਏ ਸਨ । ਇਸ ਤੋਂ ਬਾਅਦ ਐਡੀਸਨ ਦੀਆਂ ਕਾਢਾਂ ਦਾ ਸਿਲਸਿਲਾ ਸ਼ੁਰੂ ਹੋਇਆ।ਸਭ ਤੋਂ ਪਹਿਲਾਂ 1877 ਵਿੱਚ ਗ੍ਰਾਮੋਫੋਨ ਬਣਾਇਆ। ਇਸ ਵਿੱਚ ਇੱਕ ਸਿਲਿੰਡਰ ਉੱਤੇ ਆਵਾਜ਼ ਰਿਕਾਰਡ ਹੁੰਦੀ ਸੀ । ਇਸ ਨੂੰ ਹੱਥ ਨਾਲ ਘੁਮਾ ਕੇ ਚਲਾਉਂਦੇ ਸਨ। ਇਹ ਇਤਿਹਾਸ ਦਾ ਵਿਸ਼ਾ ਹੈ ਕਿ ਗ੍ਰਾਮੋਫੋਨ ਉੱਤੇ ਐਡੀਸਨ ਨੇ ਜਿਹੜੇ ਪਹਿਲੇ ਸ਼ਬਦ ਰਿਕਾਰਡ ਕੀਤੇ ਉਹ ਸਨ – 'ਮੈਰੀ ਹੈਡ ਏ ਲਿਟਿਲ ਲੈਂਬ' ਤੇ ਫੇਰ ਗ੍ਰਾਮੋਫੋਨ ਨੇ ਇਹੋ ਆਵਾਜ਼ ਐਡੀਸਨ ਨੂੰ ਸੁਣਾਈ ।

ਦੋ ਸਾਲ ਬਾਅਦ ਐਡੀਸਨ ਨੇ ਦੇਖਿਆ ਕਿ ਕੱਚ ਦੇ ਇੱਕ ਗੋਲ ਜਿਹੇ ਬਰਤਨ ਵਿੱਚ ਸੜੇ ਹੋਏ ਧਾਗੇ ਦਾ ਟੁਕੜਾ ਚਾਲੀ ਘੰਟੇ ਚਮਕਦਾ ਰਿਹਾ । ਐਡੀਸਨ ਨੇ ਇਸ ਬਾਰੇ ਖੋਜ ਕੀਤੀ ਅਤੇ ਬਿਜਲੀ ਦੇ ਬਲਬ ਨੂੰ ਵਪਾਰਕ ਰੂਪ ਵਿੱਚ ਵੇਖਣ ਲਈ ਤਿਆਰ ਕਰ ਲਿਆ । ਪਰ ਕੰਮ ਇਥੇ ਰੁਕਿਆ ਨਹੀਂ । ਐਡੀਸਨ ਨੇ ਬਿਜਲੀ ਦਾ ਪ੍ਰਵਾਹ ਬਣਾਈ ਰੱਖਣ ਵਾਸਤੇ ਡਾਇਨੁਮੀ ਬਣਾਇਆ । ਬਿਜਲੀ ਨੂੰ ਵੱਖ-ਵੱਖ ਘਰਾਂ ਵਿੱਚ ਪਹੁੰਚਾਉਣ ਵਾਸਤੇ ਪੂਰੀ ਵਿਧੀ ਤਿਆਰ ਕੀਤੀ ਅਤੇ ਇਥੋਂ ਤੱਕ ਇੱਕ ਕੇਂਦਰੀ "ਪਾਵਰ ਹਾਊਸ" ਵੀ ਬਣਾ ਲਿਆ । ਜਦੋਂ ਇਹ ਕੰਮ ਪੂਰਾ ਹੋ ਗਿਆ ਤਾਂ ਨਵੇਂ ਸਾਲ ਦਾ ਦਿਨ ਆਇਆ । ਐਡੀਸਨ ਨੇ ਸਾਰੀ ਸੜਕ ਨੂੰ ਬਲਬਾਂ ਨਾਲ ਸਜਾਇਆ । ਇਸ ਮਹਾਨ ਕਾਢ ਨੂੰ ਦੇਖਣ ਵਾਸਤੇ ਦੁਨੀਆ ਭਰ ਦੇ ਪੱਤਰਕਾਰ ਆਏ ।

ਸੰਨ 1887 ਨੂੰ ਐਡੀਸਨ ਨੇ ਇੱਕ ਹੋਰ ਪ੍ਰਯੋਗਸ਼ਾਲਾ ਖੋਲ੍ਹ ਲਈ । ਉਸ ਦੀਆਂ ਪ੍ਰਯੋਗਸ਼ਾਲਾਵਾਂ ਵਿੱਚ ਉਪਰੋਥਲੀ, ਮਨੁੱਖੀ-ਸਹੂਲਤ ਦੀਆਂ ਕਾਢਾਂ ਹੋ ਰਹੀਆਂ ਸਨ । ਇਹਨਾਂ, ਵਿੱਚ ਸਭ ਤੋਂ ਅਹਿਮ ਸੀ – ਚਲਚਿੱਤਰ ਕੈਮਰਾ । ਇਸ ਦੇ ਇਲਾਵਾ ਟਾਈਪਰਾਈਟਰ ਦਾ ਬੁਨਿਆਦੀ ਢਾਂਚਾ ਐਡੀਸਨ ਨੇ ਹੀ ਤਿਆਰ ਕੀਤਾ ਸੀ । ਉਸ ਨੇ ਕਰੀਬ ਢਾਈ ਹਜ਼ਾਰ ਚੀਜ਼ਾਂ ਦੀ ਕਾਢ ਕੱਢੀ ।

ਐਡੀਸਨ ਅਣਥੱਕ ਮਿਹਨਤ ਕਰਦਾ ਸੀ । ਹਰ ਰੋਜ਼ ਅਠਾਰਾਂ ਉੱਨੀ ਘੰਟੇ ਕੰਮ ਕਰਨਾ ਆਮ ਗੱਲ ਸੀ । ਉਹ ਨੇਮ ਨਾਲ ਖਾਣਾ ਖਾਂਦਾ ਸੀ ਤੇ ਨੇਮ ਨਾਲ ਸੌਂਦਾ ਸੀ । ਉਹ ਆਪਣੀ ਸਫਲਤਾ ਦਾ ਭੇਦ ਦੱਸਦਾ ਸੀ – "ਮੇਰੀ ਸਫਲਤਾ ਦਾ ਰਹੱਸ ਇਹ ਹੈ ਕਿ ਮੇਰੇ ਕੰਮ ਕਰਨ ਵਾਲੇ ਕਮਰੇ ਵਿੱਚ ਕੋਈ ਘੜੀ ਨਹੀਂ ਸੀ।"

ਐਡੀਸਨ ਦਾ ਸਭ ਤੋਂ ਵੱਡਾ ਗੁਣ ਇਹ ਸੀ ਕਿ ਉਹ ਧੀਰਜ ਵਾਲਾ ਆਦਮੀ ਸੀ । ਉਹ ਕਹਿੰਦਾ ਹੁੰਦਾ ਸੀ – "ਤੁਸੀਂ ਜਿਸ ਨੂੰ ਪ੍ਰਾਪਤ ਕਰਨਾ ਚਾਹੁੰਦੇ ਹੋ, ਉਸ ਨੂੰ ਦ੍ਰਿੜ ਸੰਕਲਪ ਕਰਕੇ ਖੋਜੋ, ਉਹ ਅਵੱਸ਼ ਮਿਲੇਗਾ।" ਅਸਫਲਤਾ ਤੋਂ ਨਾ ਉਹ ਘਬਰਾਉਂਦਾ ਸੀ, ਨਾ ਨਿਰਾਸ਼ ਹੁੰਦਾ ਸੀ । ਇੱਕ ਵਾਰ ਉਸ ਦੀ ਪ੍ਰਯੋਗਸ਼ਾਲਾ ਤੇ ਫੈਕਟਰੀ ਵਿੱਚ ਅੱਗ ਲੱਗ ਗਈ । ਵੀਹ ਲੱਖ ਡਾਲਰ ਦੇ ਮੁੱਲ ਦਾ ਸਾਮਾਨ ਤੇ ਨਾਲ ਸਭ ਕਾਢਾਂ ਦੇ ਜ਼ਰੂਰੀ ਦਸਤਾਵੇਜ਼ ਸੜ ਗਏ । ਅਗਲੇ ਦਿਨ ਐਡੀਸਨ ਨੇ ਫੈਕਟਰੀ ਦੇ ਕਰਮਚਾਰੀਆਂ ਨੂੰ ਆਖਿਆ – "ਚੰਗਾ ਹੋਇਆ, ਸਾਡੀਆਂ ਗਲਤੀਆਂ ਸੜ ਗਈਆਂ, ਅਸੀਂ ਮੁੱਢੋਂ-ਸੁੱਢੋਂ ਕੰਮ ਸ਼ੁਰੂ ਕਰਾਂਗੇ।" ਇਹ ਘਟਨਾ ਐਡੀਸਨ ਦੇ ਧੀਰਜ ਅਤੇ ਹੌਂਸਲੇ ਵਾਲਾ ਬੰਦਾ ਹੋਣ ਦਾ ਪ੍ਰਮਾਣ ਹੈ ।

ਐਡੀਸਨ ਦੀਆਂ ਇਹਨਾਂ ਸਾਰੀਆਂ ਸਫਲਤਾਵਾਂ ਨਾਲ ਇੱਕ ਗੱਲ ਹੈਰਾਨੀ ਵਾਲੀ ਹੈ ਕਿ ਉਹ ਜ਼ਿੰਦਗੀ ਭਰ ਬੋਲਾ ਰਿਹਾ ਅਤੇ ਫੇਰ ਵੀ ਏਨੀਆਂ ਕਾਢਾਂ ਕੱਢੀਆਂ । ਉਸ ਨੂੰ ਸਭ ਪੁਰਸਕਾਰ ਮਿਲੇ । ਨੋਬਲ ਪੁਰਸਕਾਰ ਉਸ ਨੂੰ ਭੌਤਿਕੀ ਦੇ ਵਿਸ਼ੇ ਲਈ ਸੰਨ 1915 ਵਿੱਚ ਮਿਲਿਆ ਸੀ ।

ਐਡੀਸਨ ਨਿਮਰਤਾ ਵਾਲੇ ਸੁਭਾਅ ਦਾ ਮਾਲਕ ਸੀ । ਬੜੇ ਠਰ੍ਹੰਮੇ ਨਾਲ ਆਪਣਾ ਕੰਮ ਕਰਦਾ ਸੀ। ਉਹ ਆਪਣੀ ਸਫਲਤਾ ਲਈ ਧੰਨਵਾਦ ਆਪਣੀ ਮਾਂ ਦਾ ਕਰਦਾ ਹੁੰਦਾ ਸੀ । ਆਪਣੇ ਜੀਵਨ ਦੇ ਅੰਤਮ ਦਿਨ – 18 ਅਕਤੂਬਰ 1931 ਤੱਕ ਉਹ ਕਾਢਾਂ ਕੱਢਣ ਵਿੱਚ ਹੀ ਲੱਗਾ ਰਿਹਾ । ਉਸ ਦੀਆਂ ਸਾਰੀਆਂ ਕਾਢਾਂ ਸੰਸਾਰ ਦੀ ਮਨੁੱਖਤਾ ਦੇ ਕਲਿਆਣ ਨੂੰ ਸਮਰਪਿਤ ਹਨ । ਉਸ ਦੀ ਪ੍ਰਯੋਗਸ਼ਾਲਾ ਨੇ ਸਾਰੀ ਦੁਨੀਆ ਦਾ ਨਕਸ਼ਾ ਹੀ ਬਦਲ ਦਿੱਤਾ ।

# ਅੱਖਾਂ ਜੋ ਵੇਖਦੀਆਂ ਨਹੀਂ

ਦੋ ਸਾਲ ਪਹਿਲਾਂ, ਜਦੋਂ ਪ੍ਰਸਿੱਧ ਤਰਕਸ਼ੀਲ ਆਗੂ ਨਰੇਂਦਰ ਦਾਭੋਲਕਰ ਦੀ ਸ਼ਹਾਦਤ ਕੀਤੀ ਗਈ, ਇਸ ਦਾ ਅਤੁਲ ਪੈਥੇ ਨੂੰ ਬਹੁਤ ਦੁੱਖ ਪਹੁੰਚਿਆ । ਇਹ ਮਰਾਠੀ ਨਾਟਕਕਾਰ ਅਤੇ ਥੀਏਟਰ ਡਾਇਰੈਕਟਰ, ਦਾਭੋਲਕਰ ਨੂੰ ਨਿੱਜੀ ਤੌਰ 'ਤੇ ਚੰਗੀ ਤਰ੍ਹਾਂ ਜਾਣਦਾ ਸੀ ਅਤੇ ਅੰਧ ਵਿਸ਼ਵਾਸਾਂ ਖਿਲਾਫ਼ ਉਹਨਾਂ ਵੱਲੋਂ ਜਥੇਬੰਦ ਕੀਤੀ ਸੰਸਥਾ 'ਮਹਾਰਾਸ਼ਟਰ ਅੰਧ-ਸ਼ਰਧਾ ਨਿਰਮੂਲਣ ਸੰਮਤੀ' (M.A.N.S.) ਦੀਆਂ ਗਤੀਵਿਧੀਆਂ ਵਿੱਚ ਭਾਗ ਲੈਂਦਾ ਰਿਹਾ ਸੀ । ਪੈਥੇ, ਬੈਠ ਕੇ ਮੌਤ 'ਤੇ ਸੋਗ ਮਨਾਉਣ ਦੇ ਪੱਖ ਵਿੱਚ ਨਹੀਂ ਸੀ । ਉਸ ਨੇ M.A.N.S. ਦੇ ਵਲੰਟੀਅਰਾਂ ਅਤੇ ਹੋਰ ਕਲਾਕਾਰਾਂ ਨੂੰ ਇੱਕ ਤਿੰਨ ਰੋਜਾ ਵਰਕਸ਼ਾਪ ਲਈ ਸੱਦਾ ਦਿੱਤਾ ਜੋ ਉਸਨੇ ਕੋਲਹਾਪੁਰ, ਸੋਲਾਪੁਰ, ਇਸਲਾਮਪੁਰ ਅਤੇ ਜਲਗਾਓਂ ਵਿਖੇ ਆਯੋਜਿਤ ਕੀਤੀ । ਉਸ ਨੇ ਅਜਿਹੇ ਨਾਟਕ ਤਿਆਰ ਕਰਨ ਦੀ ਤਜਵੀਜ਼ ਰੱਖੀ ਜੋ ਦਾਭੋਲਕਰ ਦੀ ਲੜਾਈ ਨੂੰ ਹੋਰ ਅੱਗੇ ਲੈ ਕੇ ਜਾਣਗੇ ।



ਇਸ ਵਰਕਸ਼ਾਪ ਦੌਰਾਨ ਨਾਟਕ 'ਸੁਕਰਾਤ ਤੋਂ ਦਾਭੋਲਕਰ ਤੱਕ – ਪੰਸਾਰੇ ਵਾਇਆ ਤੁਕਾ ਰਾਮ' ਰਚਿਆ ਗਿਆ । ਮੁੰਬਈ ਦੇ ਵੱਖ-ਵੱਖ ਸਥਾਨਾਂ ਸਮੇਤ ਪੂਰੇ ਮਹਾਰਾਸ਼ਟਰ ਵਿੱਚ ਇਸ ਨਾਟਕ ਦੀਆਂ 300 ਤੋਂ ਵੱਧ ਪੇਸ਼ਕਾਰੀਆਂ ਹੋ ਚੁੱਕੀਆਂ ਹਨ । ਪੈਥੇ ਨੇ ਮੁੰਬਈ 'ਚ ਨਾਟਕ ਸਟੇਜ ਕਰਦਿਆਂ ਕਿਹਾ, "ਇਹ ਬਹੁਤ ਸ਼ਰਮਨਾਕ ਹੈ ਕਿ ਦਾਭੋਲਕਰ, ਜਿਸ ਨੇ ਅੰਧ-ਵਿਸ਼ਵਾਸਾਂ ਦੇ ਖਾਤਮੇ ਲਈ ਆਪਣਾ ਜੀਵਨ ਲਗਾਇਆ, ਦਿਨ-ਦਿਹਾੜੇ ਕਤਲ ਕਰ ਦਿੱਤਾ ਗਿਆ । ਦੋ ਸਾਲ ਹੋ ਗਏ ਕਾਤਲ ਫੜੇ ਨਹੀਂ ਗਏ, ਇਹ ਹੋਰ ਭੀ ਸ਼ਰਮਨਾਕ ਹੈ । ਇਹ ਉਸ ਤੋਂ ਵੀ ਵੱਧ ਸ਼ਰਮਨਾਕ ਹੋਵੇਗਾ ਜੇ ਅਸੀਂ ਦਾਭੋਲਕਰ ਦੇ ਮਿਸਨ ਨੂੰ ਠੁੱਸ ਕਰਕੇ ਹੱਥ 'ਤੇ ਹੱਥ ਧਰਕੇ ਬੈਠ ਜਾਈਏ । ਅਸੀਂ ਉਹਨਾਂ ਅੱਖਾਂ ਨੂੰ ਵੇਖਣ ਲਾਉਣਾ ਹੈ ਜੋ ਵੇਖਦੀਆਂ ਨਹੀਂ ।" ਪ੍ਰੋਗਰਾਮਾਂ ਦੌਰਾਨ ਇਸ ਗਰੁੱਪ ਵੱਲੋਂ ਦਾਭੋਲਕਰ ਦੇ ਵਿਚਾਰ ਅਧਾਰਿਤ ਗੀਤਾਂ, ਗ਼ਜ਼ਲਾਂ, ਕਵਿਤਾਵਾਂ ਨੂੰ ਲੋਕ ਧੁਨੀਆਂ ਨਾਲ ਸੁਰਬੱਧ ਕਰਕੇ ਪੇਸ਼ ਕੀਤਾ ਜਾਂਦਾ ਹੈ । ਰਿੰਗਨ ਨਾਟਯ (ਕਤਾਰ ਬੰਨ੍ਹ ਕੇ ਲੋਕ ਨ੍ਰਿਤ) ਅਤੇ ਹੋਰ ਕਈ ਨੁੱਕੜ ਨਾਟਕਾਂ ਰਾਹੀਂ ਲੋਕਾਂ ਵਿੱਚ ਵਿਗਿਆਨਕ ਸੋਚ ਲੈ ਕੇ ਜਾਣ ਲਈ ਇਸ ਮਰਾਠੀ ਨਾਟਕਕਾਰ ਵੱਲੋਂ ਆਪਣੇ ਸਾਥੀਆਂ ਦੀ ਮੱਦਦ ਨਾਲ ਅਣਥੱਕ ਯਤਨ ਕੀਤੇ ਜਾ ਰਹੇ ਹਨ । ਪੈਥੇ ਆਖਦਾ ਹੈ ਕਿ "ਲੋਕਾਂ ਤੱਕ ਪਹੁੰਚ ਕਰਨ ਲਈ ਕਲਾ ਦਾ ਵਿਕੇਂਦਰੀਕਰਨ ਜ਼ਰੂਰੀ ਹੈ । ਇਹ ਨਾਟਕ ਇਹ ਵਿਚਾਰ ਪੇਸ਼ ਕਰਦਾ ਹੈ ਕਿ ਮਨੁੱਖ ਦਾ ਕਤਲ ਕੀਤਾ ਜਾ ਸਕਦਾ ਹੈ, ਪਰ ਉਸ ਦੇ ਵਿਚਾਰਾਂ ਦਾ ਨਹੀਂ । ਦਾਭੋਲਕਰ 'ਤੇ ਭਾਵੇਂ ਹਿੰਦੂ ਵਿਰੋਧੀ ਹੋਣ ਦਾ ਦੋਸ਼ ਲਾ ਕੇ ਕਤਲ ਕਰ ਦਿੱਤਾ ਗਿਆ ਪਰ ਉਸ ਦੇ ਵਿਚਾਰ ਹਮੇਸ਼ਾ ਜਿੰਦਾ ਰਹਿਣਗੇ ਅਤੇ ਵਧਣ-ਫੁੱਲਣਗੇ ।"

## ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਵੱਲੋਂ 20 ਅਗਸਤ ਨੂੰ ਸਾਰੇ ਜ਼ਿਲ੍ਹਾ ਹੈਡੱ-ਕੁਆਟਰਾਂ 'ਤੇ ਜ਼ਿਲ੍ਹਾ ਅਧਿਕਾਰੀਆਂ ਰਾਹੀਂ ਗ੍ਰਹਿ ਮੰਤਰੀ, ਭਾਰਤ ਸਰਕਾਰ ਨੂੰ ਭੇਜਿਆ ਯਾਦ-ਪੱਤਰ

**ਵਿਸ਼ਾ :- ਮਹਾਂਰਾਸ਼ਟਰ ਦੇ ਸਿਰਮੌਰ ਤਰਕਸ਼ੀਲ ਆਗੂ ਡਾ. ਦਾਭੋਲਕਰ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਨ ਅਤੇ ਸਜ਼ਾਵਾਂ ਦੇਣ ਬਾਰੇ ਅਤੇ ਅੰਧ-ਵਿਸ਼ਵਾਸਾਂ ਵਿਰੁੱਧ ਕਾਨੂੰਨ ਪਾਸ ਕਰਨ ਬਾਰੇ ।**

ਆਪ ਜੀ ਦੇ ਧਿਆਨ ਵਿੱਚ ਹੀ ਹੋਵੇਗਾ ਕਿ 20 ਅਗਸਤ, 2013 ਨੂੰ ਮਹਾਂਰਾਸ਼ਟਰ ਦੇ ਤਰਕਸ਼ੀਲ ਲਹਿਰ ਦੇ ਸਿਰਕੱਢ ਆਗੂ ਦਾ ਪੂਨੇ ਸ਼ਹਿਰ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ । ਹੈਰਾਨਗੀ ਦੀ ਗੱਲ ਇਹ ਵੀ ਹੈ ਕਿ ਡਾ. ਦਾਭੋਲਕਰ ਤਾਂ ਸੰਵਿਧਾਨ ਦੀ ਧਾਰਾ 51-ਏ ਰਾਹੀਂ ਹਰ ਨਾਗਰਿਕ ਦਾ ਵਿਗਿਆਨਕ ਪ੍ਰਚਾਰ-ਪ੍ਰਸਾਰ ਕਰਨ ਦਾ ਸੰਵਿਧਾਨਕ ਫਰਜ਼ ਹੀ ਨਿਭਾ ਰਿਹਾ ਸੀ ਕਿਉਂਕਿ ਸੰਵਿਧਾਨ ਦੀ ਧਾਰਾ 51-ਏ ਕਹਿੰਦੀ ਹੈ ਕਿ ਹਰ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਵਿਗਿਆਨਕ ਪ੍ਰਚਾਰ-ਪ੍ਰਸਾਰ ਕਰੇ । ਜੇਕਰ ਕਿਸੇ ਵੀ ਨਾਗਰਿਕ ਨੂੰ ਆਪਣਾ ਸੰਵਿਧਾਨਕ ਫਰਜ਼ ਨਿਭਾਉਣ 'ਤੇ ਹੀ ਕਤਲ ਕੀਤਾ ਜਾਂਦਾ ਹੈ ਤਾਂ ਸੰਵਿਧਾਨ ਨੂੰ ਕੌਣ ਲਾਗੂ ਕਰੇਗਾ ਜਾਂ ਸੰਵਿਧਾਨ ਦੀ ਕਿੰਨੀ ਕੁ ਕਦਰ ਰਹਿ ਜਾਵੇਗੀ ।

ਅਸੀਂ ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਵੱਲੋਂ ਪਹਿਲਾਂ ਵੀ ਜਲੰਧਰ ਵਿਖੇ ਪੰਜਾਬ ਪੱਧਰ ਦਾ ਰੋਸ ਮੁਜ਼ਾਹਰਾ ਕਰਕੇ ਜ਼ਿਲ੍ਹਾ ਮੈਜਿਸਟ੍ਰੇਟ ਜਲੰਧਰ ਰਾਹੀਂ ਮਿਤੀ 3 ਸਤੰਬਰ, 2013 ਨੂੰ ਡਾ. ਦਾਭੋਲਕਰ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਸੀ ਪਰ ਉਨ੍ਹਾਂ ਦੇ ਕਾਤਲਾਂ ਨੂੰ ਸਜ਼ਾਵਾਂ ਦੇਣ ਦੀ ਗੱਲ ਤਾਂ ਕੀ ਹੋਣੀ ਸੀ, ਅੱਜ ਤੱਕ ਬਾਕੀ ਪੰਨਾ ਨੰ: 46 ਤੇ



# ਪ੍ਰਤੀਕਰਮ


ਸੰਪਾਦਕ 'ਤਰਕਸ਼ੀਲ'
ਮੁੱਖ ਦਫਤਰ,
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਬਰਨਾਲਾ-148101 (ਪੰਜਾਬ)
E-mail : tarkshiloffice@gmail.com




ਜੁਲਾਈ-ਅਗਸਤ ਅੰਕ ਪੜ੍ਹਿਆ। ਬ੍ਰੇਨ ਪੀਡੀਆ ਬਾਰੇ ਰਿਪੋਰਟ ਬਹੁਤ ਰੌਚਕ ਸੀ। ਬੱਚਿਆਂ ਨੂੰ ਪੜਣ ਵਿੱਚ ਧਿਆਨ ਕੇਂਦਰਤ ਕਰਨਾ ਸਿਖਾਉਣ ਦੇ ਨਾਂ ਤੇ ਬ੍ਰੇਨ ਪੀਡੀਆ ਅਤੇ ਮਿਡ-ਬ੍ਰੇਨ ਐਕਟੀਵੇਸ਼ਨ ਵਰਗੇ ਮਾਫੀਆ ਗ੍ਰੋਹ ਸਾਰੇ ਦੇਸ਼ ਵਿੱਚ ਸਰਗਰਮ ਹਨ। ਜਿਸ ਦਿਨ ਦੇਸ਼ ਭਗਤ ਯਾਦਗਾਰ ਹਾਲ ਵਿੱਚ ਤਰਕਸ਼ੀਲ ਸੁਸਾਇਟੀ ਨੇ ਬ੍ਰੇਨ ਪੀਡੀਆ ਦਾ ਝੂਠ ਲੋਕਾਂ ਸਾਹਮਣੇ ਉਜਾਗਰ ਕੀਤਾ, ਉਸ ਦਿਨ ਮੈਂ ਛੁੱਟੀ ਲੈ ਕੇ ਜਲੰਧਰ ਪਹੁੰਚਿਆ ਸੀ। ਲੋਕਾਂ ਵਿੱਚ ਉਤਸ਼ਾਹ ਦੇਖਣ ਵਾਲਾ ਸੀ। ਤਰਕਸ਼ੀਲਾਂ ਨੂੰ ਅਤੇ ਆਮ ਲੋਕਾਂ ਨੂੰ ਬ੍ਰੇਨ ਪੀਡੀਆ ਵਾਲਿਆਂ ਤੇ ਫਰਾਡ ਦਾ ਪਰਚਾ ਦਰਜ ਕਰਾਉਣਾ ਚਾਹੀਦਾ ਹੈ। ਸਿਹਤ ਤੇ ਬਜਾਰ ਵਰਗੇ ਮਹੱਤਵਪੂਰਣ ਵਿਸ਼ੇ ਬਾਰੇ ਸ਼ਿਆਮ ਸੁੰਦਰ ਦੀਪਤੀ ਦਾ ਲੇਖ ਪੜ੍ਹਿਆ। ਪਰ ਲੇਖ ਕਿਤੇ-ਕਿਤੇ ਵਿਸ਼ੇ ਤੋਂ ਭਟਕ ਜਾਂਦਾ ਲੱਗਿਆ। ਖਬਰ ਹੈ ਕਿ ਕਾਲਮ ਵਿੱਚ ਅਖ਼ਬਾਰੀ ਖਬਰਾਂ ਦੀਆਂ ਹੂਬਹੂ ਕਾਤਰਾਂ ਛਾਪੀਆਂ ਜਾਣ ਤਾਂ ਕੀ ਜਿਆਦਾ ਠੀਕ ਨਹੀਂ? ਦੇਸ਼ ਵਿਦੇਸ਼ ਵਿੱਚ ਛਪਦੇ ਤਰਕਸ਼ੀਲ ਸੋਚ ਵਾਲੇ ਹੋਰ ਰਸਾਲਿਆਂ 'ਚੋਂ ਲੇਖ ਅਨੁਵਾਦ ਕਰਕੇ ਛਾਪਣੇ ਚਾਹੀਦੇ ਹਨ। ਹਰਿਆਊ ਸਕੂਲ ਦੇ ਬੱਚਿਆਂ ਦੁਆਰਾ ਕੀਤਾ ਜਾਂਦਾ ਕਿਤਾਬਾਂ ਦਾ ਸੰਖੇਪ ਰੀਵਿਊ ਵੀ ਸ਼ਲਾਘਾਯੋਗ ਹੈ। ਜਾਰਜ ਦੀ ਸੋਚ ਨੂੰ ਅਤੇ ਵਿਗਿਆਨ ਦੀ ਦੇਣ ਨੂੰ ਸਲਾਮ।

**-ਇੰਦਰਜੀਤ ਸਿੰਘ ਲੁਧਿਆਣਾ**

ਪਿਛਲੇ ਪੰਦਰਾਂ ਕੁ ਸਾਲਾਂ ਤੋਂ ਤਰਕਸ਼ੀਲ ਮੈਗਜ਼ੀਨ ਪੜ੍ਹ ਰਿਹਾ ਹਾਂ। ਜੁਲਾਈ-ਅਗਸਤ ਅੰਕ ਦਾ ਮੁੱਖ ਪੰਨਾ ਆਕਰਸ਼ਕ ਸੀ। ਆਮ ਤੌਰ ਤੇ ਮੁੱਖ ਪੰਨਾ ਖਿੱਚ ਭਰਪੂਰ ਨਹੀਂ ਹੁੰਦਾ। ਬ੍ਰੇਨ ਪੀਡੀਆ ਦੇ ਪਖੰਡ ਨੂੰ ਤੁਸੀਂ ਚੌਰਾਹੇ ਵਿੱਚ ਨੰਗਾ ਕੀਤਾ। ਸੱਚ ਦੀ ਆਖਰ ਜਿੱਤ ਹੋਈ ਹੈ। ਇਸ ਲਈ ਤਰਕਸ਼ੀਲ ਸੁਸਾਇਟੀ ਵਾਲੇ ਵਧਾਈ ਦੇ ਹੱਕਦਾਰ ਹਨ। ਪੁਲਿਸ ਨੂੰ ਬ੍ਰੇਨਪੀਡੀਆ ਦੇ ਪ੍ਰਬੰਧਕਾਂ ਨੂੰ ਧੋਖਾਧੜੀ ਦੇ ਕੇਸ ਵਿੱਚ ਗ੍ਰਿਫਤਾਰ ਕਰਨਾ ਚਾਹੀਦਾ ਸੀ। ਲੋਕ ਹੌਲੀ ਹੌਲੀ ਜਾਗਰੂਕ ਹੋ ਰਹੇ ਹਨ। ਗੁਰਦਾਸ ਰਾਮ ਆਲਮ ਦੀ ਕਵਿਤਾ ਕਮਾਲ ਦਾ ਵਿਅੰਗ ਹੈ। ਸਾਡੀ ਆਜ਼ਾਦੀ ਖਾਤਰ ਅਥਾਹ ਕੁਰਬਾਨੀਆਂ ਦਾ ਮੁੱਲ ਦੇਸ਼ ਦੇ ਹਾਕਮ ਹੀ ਵੱਟ ਰਹੇ ਹਨ। ਆਮ ਆਦਮੀ ਲਈ ਆਜ਼ਾਦੀ ਦੇ ਸੁਖ ਅਜੇ ਮ੍ਰਿਗਤ੍ਰਿਸ਼ਨਾ ਹੀ ਹਨ। ਸੰਪਾਦਕੀ ਵਿੱਚ ਲਗਾਤਾਰ ਸੁਧਾਰ ਹੋ ਰਿਹਾ ਹੈ। ਸ਼ਿਆਮ ਸੁੰਦਰ ਦੀਪਤੀ ਜੀ ਦੇ ਲੇਖ ਜਾਣਕਾਰੀ ਭਰਪੂਰ ਹੁੰਦੇ ਹਨ ਪਰ ਅਕਸਰ ਵਿਸਥਾਰ ਬੇਲੋੜਾ ਹੁੰਦਾ ਹੈ। ਲਗਦਾ ਹੈ ਦੀਪਤੀ ਜੀ ਲੇਖ ਲਿਖ ਕੇ ਖੁਦ ਸੰਪਾਦਿਤ (Self-Editing) ਨਹੀਂ ਕਰਦੇ। ਜਿਵੇਂ ਸਾਈਕਲ ਚਲਾਉਂਦੇ ਸਿੱਧੇ ਜਾਣ ਦੀ ਥਾਂ ਕਦੇ ਸੱਜੇ ਕਦੇ ਖੱਬੇ ਨਿਕਲ ਜਾਂਦੇ ਹਨ ਜਿਸ ਨਾਲ ਲਿਖਤ ਦਾ ਪ੍ਰਭਾਵ ਨਹੀਂ ਬੱਝਦਾ। ਬ੍ਰਹਿਮੰਡ ਯਾਤਰਾ ਚੰਗੀ ਚੱਲ ਰਹੀ ਹੈ। ਰੌਚਕ ਵੀ ਤੇ ਜਾਣਕਾਰੀ ਭਰਪੂਰ ਵੀ। ਵਿਗਿਆਨ ਬਨਾਮ ਧਰਮ ਜਸਪ੍ਰੀਤ ਕੌਰ, ਅਤੇ ਧਰਮ ਦੇ ਸਾਏ ਹੇਠ ਸੁਰਿੰਦਰ ਰਾਮਪੁਰਾ ਜੀ ਦੇ ਲੇਖਾਂ ਵਰਗੇ ਵਿਚਾਰ ਅਕਸਰ ਛਪਦੇ ਰਹਿੰਦੇ ਹਨ। ਨਿਰਾ ਦੁਹਰਾਉ ਹੀ ਸੀ। 'ਲਫਜ਼ਾਂ ਦੀ ਲੋਅ' ਵੱਧ ਪ੍ਰਭਾਵਸ਼ਾਲੀ ਹੋ ਸਕਦਾ ਹੈ। ਖਬਰ ਹੈ ਕਿ ਵਿੱਚ ਖਬਰਾਂ ਸਿਰਫ ਪੰਜਾਬੀ ਟ੍ਰਿਬਿਊਨ ਅਖਬਾਰ ਵਿੱਚੋਂ ਸਨ। ਬਾਕੀ ਅਖਬਾਰਾਂ ਵਿੱਚੋਂ ਵੀ ਲਈਆਂ ਜਾ ਸਕਦੀਆਂ ਹਨ। ਤਰਦੇ ਪੱਥਰ ਦਾ ਭੇਤ ਖੋਲਣ ਵਰਗੇ ਅਤੇ ਕੇਸ ਰਿਪੋਰਟਾਂ ਵਰਗੇ ਲੇਖ ਆਮ ਪਾਠਕਾਂ ਨੂੰ ਵੱਧ ਪ੍ਰਭਾਵਿਤ ਕਰਦੇ ਹਨ। ਬੱਚਿਆਂ ਨੂੰ ਜੋੜੀ ਰੱਖਣ ਲਈ ਕਾਲਮ ਦਸ ਸਵਾਲ ਫਿਰ ਤੋਂ ਸ਼ੁਰੂ ਕਰੋ। ਫੀਰਾ ਨੂੰ ਕੌਮੀ ਪੱਧਰ ਦਾ ਸਾਲ ਵਿੱਚ ਇੱਕ ਪ੍ਰੋਗਰਾਮ ਜਰੂਰ ਕਰਨਾ ਚਾਹੀਦਾ ਹੈ।

**-ਜਸਕਰਨ, ਖੋਖਰ**

ਜਦੋਂ ਮੈਂ ਆਪ ਜੀ ਦੇ ਮੈਗਜ਼ੀਨ ਤਰਕਸ਼ੀਲ ਦਾ ਅੰਕ ਮਈ-ਜੂਨ 2015 ਵੇਖਿਆ ਤਾਂ ਉਸਦੇ ਫਰੰਟ ਪੇਜ ਤੇ ਬਣੇ ਤਬਾਹੀ ਦੇ ਨੁਸਖੇ (ਧਰਮ+ਰਾਜਨੀਤੀ) ਨੂੰ ਵੇਖ ਕੇ ਮਨ ਨੂੰ ਦੁੱਖ ਹੋਇਆ। ਧਰਮ ਪਤਾ ਨਹੀਂ, ਆਪ ਨੇ ਧਰਮ ਸ਼ਬਦ ਦਾ ਅਰਥ ਕਿੱਥੋਂ ਤੇ ਕਿਵੇਂ ਲਿਆ ਹੈ? ਧਰਮ ਦੇ ਨਾਂਅ ਤੇ ਬਹੁਤ ਸਾਰੇ ਪਾਖੰਡ, ਰੀਤੀ ਰਿਵਾਜ, ਵਹਿਮ-ਭਰਮ, ਮਨੌਤਾਂ ਆਦਿ ਪ੍ਰਚੱਲਤ ਹਨ ਪਰ ਇਹਨਾਂ ਨੂੰ ਧਰਮ ਮੰਨਣਾ ਸਰਾਸਰ ਗਲਤ ਹੈ। ਜ਼ਿੰਦਗੀ ਜਿਉਣ ਦਾ ਵਧੀਆ ਤਰੀਕਾ ਹੀ ਧਰਮ ਹੈ। ਇਹ ਸਾਨੂੰ ਅੱਜ ਦੇ ਨੀਲੇ-ਪੀਲੇ ਚੋਲੇ ਪਾਏ ਡੇਢ-ਡੇਢ ਕੁਇੰਟਲ ਦੇ ਸੰਤਾਂ ਕੋਲੋਂ ਨਹੀਂ ਮਿਲ ਸਕਦਾ। ਮੈਂ ਆਪਣੇ ਮਨ ਦੀ ਭੜਾਸ ਕੱਢੀ ਹੈ। ਜਰੂਰ ਛਾਪ ਦੇਣਾ।

**-ਮਾ. ਸੁਖਵੀਰ ਸਿੰਘ, ਨਲਹੋਟੀ (ਰੂਪਨਗਰ)**

ਮਈ-ਜੂਨ 2015 ਅੰਕ ਬੜੇ ਹੀ ਵੈੱਲ-ਇਨ-ਟਾਈਮ ਮਿਲ ਗਿਆ। ਆਪ ਪੜ੍ਹਨ ਦੇ ਨਾਲ-ਨਾਲ ਸੱਜਣਾਂ ਮਿੱਤਰਾਂ ਨੂੰ ਵੀ ਪੜ੍ਹ ਕੇ ਸੁਣਾਇਆ। ਸਾਰਿਆਂ ਵੱਲੋਂ ਸ਼ਾਬਾਸ਼! ਜਿਗਿਆਸਾ ਵਿੱਚ ਨਵਨੀਤ ਕੌਰ ਫਤਿਹਗੜ੍ਹ ਸਾਹਿਬ ਦੇ ਪ੍ਰਸ਼ਨ ਰਾਹੀਂ ਸਾਡੀ ਬਹੁਤ ਵੱਡੀ ਜਿਗਿਆਸਾ ਸ਼ਾਂਤ ਹੋਈ। ਤਰਕਸ਼ੀਲ ਦੇ ਨਾਲ ਨਵਨੀਤ ਕੌਰ ਵੀ ਵਧਾਈ ਦੀ ਹੱਕਦਾਰ ਹੈ। ਤੁਹਾਨੂੰ ਦੋਹਾਂ ਨੂੰ ਸਾਡਾ ਸੈਲੂਟ ਹੈ। ਸੁਖਵਿੰਦਰ ਲੀਲ੍ਹ ਦੁਆਰਾ ਜਾਦੂ ਵਾਲੀ ਗਾਗਰ ਦੀ ਰਿਪੋਰਟ ਕਰਕੇ ਸਾਡੇ ਉੱਤੇ ਜਾਦੂ ਜਿਹਾ ਕਰ ਦਿੱਤਾ ਹੈ। ਜਸਵੰਤ ਜੀਰਖ ਨੇ ਸ਼ਹੀਦਾਂ ਦੇ ਨਾਮ ਤੇ ਲੋਕ ਵਿਰੋਧੀ ਸਿਆਸਤ ਪੇਸ਼ ਕਰਕੇ ਕਮਾਲ ਕਰ ਦਿੱਤਾ। ਸਿਆਸੀ ਲੋਕਾਂ ਦੇ ਭਿਉਂ-ਭਿਉਂ ਮਾਰੀਆਂ ਗਈਆਂ ਹਨ। ਪ੍ਰਤੀਕਰਮ ਸੰਬੰਧੀ ਪ੍ਰਤੀਕਰਮ ਕੀ ਵਧਦੀ ਆਬਾਦੀ ਸਭ ਸਮੱਸਿਆਵਾਂ ਦੀ ਜੜ੍ਹ ਹੈ? ਹੇਮ ਰਾਜ ਸਟੈਨੋ ਨੇ ਬਹੁਤ ਹੀ ਸਟੀਕ ਗੱਲਾਂ ਲਿਖੀਆਂ ਹਨ।

**ਜਰਨੈਲ ਸਿੰਘ ਖਹਿਰਾ, ਲੱਲ੍ਹ**

ਜੁਲਾਈ-ਅਗਸਤ 2015 ਦੇ ਅੰਕ ਦੇ ਸਫ਼ਾ 24 ਉੱਪਰ 'ਕਿਹੜੇ ਦਿਨ...... ਕੀ?' ਦੇ ਸਿਰਲੇਖ ਹੇਠਲੀ ਜਾਣਕਾਰੀ ਵਿੱਚ ਅਗਸਤ ਮਹੀਨੇ ਦੇ ਤਿੰਨ ਅਹਿਮ ਦਿਨ ਭੁੱਲ ਗਏ ਹਨ :

**9 ਅਗਸਤ, 1942** : ਭਾਰਤ ਛੱਡੋ ਅੰਦੋਲਨ ਦੀ ਸ਼ੁਰੂਆਤ ਜੋ ਸੰਸਾਰ ਦਾ ਸਭ ਤੋਂ ਵੱਡਾ ਲੋਕ ਅੰਦੋਲਨ ਬਣਿਆ।

**14 ਅਗਸਤ, 1947** : ਭਾਰਤ ਦੀ ਦੁਖਦਾਈ ਤਕਸੀਮ ਜਦੋਂ ਇੱਕ ਨਵਾਂ ਮੁਲਕ ਪਾਕਿਸਤਾਨ ਹੋਂਦ ਵਿੱਚ ਆਇਆ।

**15 ਅਗਸਤ, 1947** : ਭਾਰਤ ਦੀ ਆਜ਼ਾਦੀ ਦਾ ਦਿਨ ਜੋ ਸਿਰਫ਼ ਅੰਗਰੇਜ਼ਾਂ ਤੋਂ ਹੀ ਆਜ਼ਾਦੀ ਨਹੀਂ ਸੀ ਸਦੀਆਂ ਤੋਂ ਚੱਲੀ ਆ ਰਹੀ ਦੇਸੀ ਵਿਦੇਸ਼ੀ ਰਾਜਿਆਂ ਦੀ ਗੁਲਾਮੀ ਤੋਂ ਛੁਟਕਾਰਾ ਹੋਇਆ ਅਤੇ ਦੇਸ਼ ਦੀ ਵਾਗਡੋਰ ਦੇਸ਼ ਦੇ ਲੋਕਾਂ ਦੇ ਸਪੁਰਦ ਹੋਈ।

**- ਅਭੈ ਸਿੰਘ, ਮਨੀਮਾਜਰਾ**

ਜੁਲਾਈ-ਅਗਸਤ 2015 ਅੰਕ ਦੀ ਸੰਪਾਦਕੀ ਜਮਾਤੀ ਸੰਘਰਸ਼ ਦਾ ਸੁਨੇਹਾ ਛੱਡਦੀ ਸੀ ਜੋ ਕਿ ਬਹੁਤ ਵਧੀਆ ਲੱਗੀ। ਹਰ ਮੈਂਬਰ ਘੱਟੋ-ਘੱਟ ਜਮਾਤੀ ਨਜ਼ਰੀਆ ਜ਼ਰੂਰ ਅਪਨਾਵੇ। ਬ੍ਰੇਨ ਪੀਡੀਆ ਦਾ ਪਰਦਾਫਾਸ਼ ਕਰਨ ਦੀ ਸਰਗਰਮੀ ਨੇ ਜਥੇਬੰਦੀ ਦਾ ਕੱਦ ਹੋਰ ਵੀ ਉੱਚਾ ਕੀਤਾ ਹੈ। ਕੇਡਰ ਨੂੰ ਹੁਲਾਰਾ ਮਿਲਿਆ ਹੈ ਅਤੇ ਤਰਕਸ਼ੀਲ ਕਾਰਕੁੰਨ ਉਤਸ਼ਾਹਿਤ ਹੋਏ ਹਨ। ਸੂਬਾ ਪੱਧਰੀ ਕੋਈ ਨਾ ਕੋਈ ਸਰਗਰਮੀ ਹੁੰਦੀ ਰਹਿਣੀ ਚਾਹੀਦੀ ਹੈ। ਜੁਲਾਈ-ਅਗਸਤ ਅੰਕ ਵਿੱਚ ਹੇਮ ਰਾਜ ਸਟੈਨੋ ਦੀ ਗੈਰ-ਹਾਜ਼ਰੀ ਰੜਕਦੀ ਰਹੀ। ਸੁਰਿੰਦਰ ਰਾਮਪੁਰਾ ਜੀ ਨੇ ਵੀ ਜਮਾਤੀ ਘੋਲ ਨਾਲ ਸਾਂਝ ਪਾਉਣ ਦੀ ਗੱਲ ਕਰਕੇ ਵਧੀਆ ਕੀਤਾ ਹੈ। ਇਨਕਲਾਬੀ ਚੇਤਨਾ ਅਤੇ ਜਮਾਤੀ ਸੰਘਰਸ਼ ਅੱਜ ਦੇ ਹਾਲਾਤਾਂ ਦੀ ਭਖਵੀਂ ਲੋੜ ਹੈ। ਮੈਗਜ਼ੀਨ ਦਾ ਮੈਟਰ ਅਤੇ ਤਸਵੀਰਾਂ ਦੀ ਸੈਟਿੰਗ ਕਮਾਲ ਦੀ ਹੋਣ ਕਰਕੇ ਪ੍ਰਭਾਵਸ਼ਾਲੀ ਸੀ। ਡਾ. ਬਲਵੰਤ ਸਿੱਧੂ ਜੀ ਦੀ ਡੀ.ਵੀ.ਡੀ. ਕਾਬਲ-ਏ-ਤਾਰੀਫ਼ ਹੈ। ਤਰਕਸ਼ੀਲ ਮੈਗਜ਼ੀਨ ਰੋਲ ਮਾਡਲ, ਮਾਰਗ ਦਰਸ਼ਕ, ਪ੍ਰੇਰਨਾ ਸਰੋਤ ਅਤੇ ਸੁਚੱਜੀ ਜੀਵਨ-ਜਾਂਚ ਸਿਖਾਉਣ ਵਾਲਾ ਹੈ। ਸਮੁੱਚੇ ਅਦਾਰੇ, ਲੇਖਕਾਂ ਅਤੇ ਸੁਹਿਰਦ ਤਰਕਸ਼ੀਲ ਕਾਮਿਆਂ ਨੂੰ ਹਾਰਦਿਕ ਸਲਾਮ ਹੈ ਅਤੇ ਕਿਸੇ ਮਸ਼ਹੂਰ ਕਵੀ ਦੀਆਂ ਕੁੱਝ ਸਤਰਾਂ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ :-

**"ਕਿਸੇ ਦੇ ਰੋਕਿਆਂ ਰੁਕਦਾ ਨਹੀ, ਇਤਿਹਾਸ ਦਾ ਪਹੀਆ,**
**ਅਸੀਂ ਇਤਿਹਾਸ ਨੂੰ ਗੇੜਾ, ਸਵੇਰੇ ਸ਼ਾਮ ਦੇਵਾਂਗੇ।"**

**- ਅਜੀਤ ਪ੍ਰਦੇਸੀ, ਰੋਪੜ**

ਇਕਾਈ ਸਹਾਇਤਾ (ਸ਼ਾਹਕੋਟ) :
ਮਾਸਟਰ ਗਿਆਨ ਸਿੰਘ ਮਲਸੀਆਂ ਸ਼ਾਹਕੋਟ
ਦੇ ਸ਼ਰਧਾਂਜਲੀ ਸਮਾਰੋਹ ਸਮੇਂ ਉਹਨਾਂ ਦੀ
ਯਾਦ ਵਿੱਚ ਉਨ੍ਹਾਂ ਦੇ ਪਰਿਵਾਰ ਵੱਲੋਂ 5000 ਰੁਪਏ

ਪੰਨਾ ਨੰ: 44 ਦਾ ਬਾਕੀ

ਕਾਤਲਾਂ ਦਾ ਕੋਈ ਸੁਰਾਗ ਵੀ ਨਹੀਂ ਲੱਭਿਆ ਗਿਆ। ਇਸ ਤਰ੍ਹਾਂ ਦੇ ਵਤੀਰੇ ਦੀ ਅਸੀਂ ਪੁਰਜ਼ੋਰ ਸ਼ਬਦਾਂ 'ਚ ਨਿੰਦਾ ਕਰਦੇ ਹਾਂ ਅਤੇ ਅਸੀਂ, ਤਰਕਸ਼ੀਲ ਸੁਸਾਇਟੀ, ਪੰਜਾਬ ਵੱਲੋਂ ਆਪ ਜੀ ਤੋਂ ਮੰਗ ਕਰਦੇ ਹਾਂ ਕਿ ਤੁਸੀਂ ਇਸ ਵੱਲ ਨਿੱਜੀ ਪੱਧਰ 'ਤੇ ਧਿਆਨ ਦੇ ਕੇ ਉਨ੍ਹਾਂ ਦੇ ਕਾਤਲਾਂ ਨੂੰ ਫੜ ਕੇ ਸਖ਼ਤ ਸਜ਼ਾਵਾਂ ਦੇਣ ਲਈ ਉਚਿਤ ਕਾਰਵਾਈ ਕਰੋ। ਇਸ ਕੇਸ ਵਿੱਚ ਮਹਾਂਰਾਸ਼ਟਰ ਦੀ ਪੁਲਿਸ ਦੀ ਕਾਰਗੁਜ਼ਾਰੀ ਨਖਿੱਧ ਰਹੀ ਹੋਣ ਕਰਕੇ ਅਸੀਂ ਮੰਗ ਕਰਦੇ ਹਾਂ ਕਿ ਇਸ ਕਤਲ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾਵੇ।

ਇਸ ਤੋਂ ਇਲਾਵਾ ਅਸੀਂ ਇਸ ਮੰਗ-ਪੱਤਰ ਦੇ ਨਾਲ ਸਾਡੇ ਵੱਲੋਂ ਤਿਆਰ ਕੀਤਾ ਗਿਆ ਅੰਧ-ਵਿਸ਼ਵਾਸਾਂ ਵਿਰੁੱਧ ਕਾਨੂੰਨ ਖਰੜਾ ਨੱਥੀ ਕਰਕੇ ਭੇਜ ਰਹੇ ਹਾਂ ਅਤੇ ਮੰਗ ਕਰਦੇ ਹਾਂ ਕਿ ਇਸਨੂੰ ਕਾਨੂੰਨ ਬਣਾ ਕੇ ਅੰਧ-ਵਿਸ਼ਵਾਸਾਂ ਰਾਹੀਂ ਹੁੰਦੀ ਲੋਕਾਂ ਦੀ ਮਾਨਸਿਕ, ਸਰੀਰਕ ਅਤੇ ਆਰਥਿਕ ਲੁੱਟ ਨੂੰ ਖਤਮ ਕਰੋ।

ਅਸੀਂ ਆਸ ਕਰਦੇ ਹਾਂ ਕਿ ਸਾਡੀਆਂ ਇਨ੍ਹਾਂ ਦੋਨ੍ਹਾਂ ਮੰਗਾਂ ਵੱਲ ਤੁਸੀਂ ਉਚੇਚਾ ਧਿਆਨ ਦੇ ਕੇ ਆਪਣਾ ਸੰਵਿਧਾਨਕ ਫਰਜ਼ ਨਿਭਾਓਗੇ।

# ਪੇਸ਼ ਕਦਮੀਆਂ

**ਇਕਾਈ ਸੰਗਰੂਰ: ਤਰਕਸ਼ੀਲ ਨਾਟਕ ਮੇਲੇ ਦਾ ਆਯੋਜਨ:** 20 ਜੂਨ ਰਾਤ ਨੂੰ ਸਥਾਨਕ ਸ਼ਹਿਨਾਈ ਪੈਲੇਸ ਵਿਖੇ ਤਰਕਸ਼ੀਲ ਨਾਟਕ ਮੇਲੇ ਦਾ ਆਯੋਜਨ ਕੀਤਾ ਗਿਆ। ਸ਼ਮਾ ਰੌਸ਼ਨ ਕਰਵਾਉਣ ਉਪਰੰਤ ਮੇਲੇ ਦੀ ਸ਼ੁਰੂਆਤ ਕੀਤੀ। ਸਥਾਨਕ ਇਕਾਈ ਮੁਖੀ ਮਾਸਟਰ ਪਰਮਵੇਦ ਨੇ ਹਾਜ਼ਰੀਨ ਦਾ ਸਵਾਗਤ ਕਰਦਿਆਂ ਮੇਲੇ ਦੀ ਰੂਪ ਰੇਖਾ ਦੱਸੀ। ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਰਜਿੰਦਰ ਭਦੌੜ ਦਾ ਸੁਸਾਇਟੀ ਵਿੱਚ ਕੀਤੇ ਕੰਮਾਂ ਤੇ ਇਸਦੇ ਪ੍ਰਚਾਰ ਪ੍ਰਸਾਰ ਦੇ ਵਧਾਰੇ ਲਈ ਸਵੈ-ਇੱਛੁਕ ਸੇਵਾ ਮੁਕਤੀ ਲੈਣ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਲੋਕ ਸੰਗੀਤ ਮੰਡਲੀ ਛਾਜਲੀ ਨੇ ਪ੍ਰਿੰਸੀਪਲ ਦੇਸਰਾਜ ਛਾਜਲੀ ਦੀ ਅਗਵਾਈ ਵਿੱਚ ਅਗਾਂਹਵਧੂ ਗੀਤਾਂ ਰਾਹੀਂ ਵਿਗਿਆਨਕ ਵਿਚਾਰਾਂ ਦੀਆਂ ਕਿਰਨਾਂ ਵਿਖੇਰਦਿਆਂ ਲੋਕਾਂ ਨੂੰ ਪਾਖੰਡੀਆਂ ਦੇ ਭਰਮ ਜਾਲ ਵਿੱਚੋਂ ਨਿਕਲਣ ਦਾ ਸੰਦੇਸ਼ ਦਿੱਤਾ। ਕਿਰਤੀ ਕਲਾ ਮੰਚ ਮਾਲਵਾ, ਗੁਰਮੁੱਖ ਸਿੰਘ, ਜ਼ੋਰਾ ਸਿੰਘ ਖਿਆਲੀ ਤੇ ਅਮਰੀਕ ਗਾਗਾ ਨੇ ਵੀ ਗੀਤਾਂ ਰਾਹੀਂ ਹਾਜਰੀ ਲਵਾਈ। ਚਮਕੌਰ ਸਿੰਘ ਤੇ ਲੈਕ. ਕ੍ਰਿਸ਼ਨ ਸਿੰਘ ਨੇ ਜਾਦੂ ਸ਼ੋਅ ਪੇਸ਼ ਕਰਦਿਆਂ ਲੋਕਾਂ ਨੂੰ ਅੰਧ-ਵਿਸ਼ਵਾਸਾਂ ਤੋਂ ਮੁਕਤ ਹੋਣ ਦਾ ਸੁਨੇਹਾ ਦਿੱਤਾ। ਇਸ ਮੌਕੇ ਹੋਰ ਟ੍ਰਿਕਾਂ ਤੋਂ ਇਲਾਵਾ ਜਸ਼ਨਦੀਪ ਸ਼ਹਿਣਾ ਦੇ ਅੱਖਾਂ ਤੇ ਪੱਟੀ ਬੰਨ੍ਹ ਕੇ ਸੁੰਘ ਕੇ ਪੜ੍ਹਨ ਦਾ ਟ੍ਰਿਕ ਵੀ ਵਿਖਾਇਆ ਤੇ ਸਪੱਸ਼ਟ ਕੀਤਾ ਗਿਆ ਕਿ ਸੁੰਘ ਕੇ ਪੜ੍ਹਨ ਵਾਲੀ ਕੋਈ ਗੱਲ ਨਹੀਂ, ਸਗੋਂ ਅੱਖਾਂ ਨਾਲ ਦੇਖਕੇ ਹੀ ਪੜ੍ਹਿਆ ਜਾ ਸਕਦਾ ਹੈ। ਅਦਾਕਾਰ ਮੰਚ ਮੁਹਾਲੀ ਦੀ ਨਾਟਕ ਟੀਮ ਵੱਲੋਂ ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾ ਹੇਠ ਨਸ਼ਿਆਂ ਕਾਰਨ ਗਰਕ ਰਹੀ ਜਵਾਨੀ ਦੀ ਹਾਲਤ ਨੂੰ ਬਿਆਨਦਾ ਨਾਟਕ 'ਅੰਨ੍ਹੀ ਗਲੀ ਦੇ ਮੌੜ ਤੇ' ਅਤੇ ਭਗਤ ਸਿੰਘ ਦੀ ਸੋਚ ਤੇ ਅਧਾਰਿਤ ਨਾਟਕ 'ਜਖਮੀ ਖੰਭਾਂ ਦੀ ਪ੍ਰਵਾਜ਼' ਰਾਹੀਂ ਸੁਨੇਹਾ ਦਿੱਤਾ ਗਿਆ ਕਿ ਅਸੀਂ ਜਿਸ ਵੀ ਹਾਲਤ ਵਿੱਚ ਹਾਂ, ਸਾਨੂੰ ਚੰਗੀ ਜਿੰਦਗੀ ਜਿਉਣ ਲਈ ਸੰਘਰਸ਼ ਦੇ ਰਾਹ ਪੈਣਾ ਚਾਹੀਦਾ ਹੈ। ਇਸ ਮੇਲੇ ਵਿੱਚ ਤਰਕਸ਼ੀਲ ਸਾਹਿਤ ਦੀ ਪ੍ਰਦਰਸ਼ਨੀ ਤਰਕਸ਼ੀਲ ਵੈਨ ਦੇ ਇੰਚਾਰਜ ਜਸਵੀਰ ਸੋਨੀ ਨੇ ਲਗਾਈ। ਇਸ ਮੇਲੇ ਵਿੱਚ ਬਰਨਾਲਾ ਜ਼ੋਨ ਦੇ ਜਥੇਬੰਦਕ ਮੁਖੀ ਗੁਰਪ੍ਰੀਤ ਸਿੰਘ ਸਹਿਣਾ, ਮੀਡੀਆ ਮੁਖੀ ਸੁਖਦੇਵ ਧੂਰੀ, ਧੂਰੀ ਇਕਾਈ ਦੇ ਜਥੇਬੰਦਕ ਮੁਖੀ ਰਜਿੰਦਰ ਰਾਜੂ, ਸੁਨਾਮ ਤੋਂ ਰਾਜ ਬਲਵਿੰਦਰ, ਦਿੜ੍ਹਬਾ ਤੋਂ ਨਾਇਬ ਸਿੰਘ, ਮਨਪ੍ਰੀਤ ਸਿੰਘ ਰਾਣਾ, ਭਵਾਨੀਗੜ੍ਹ ਤੋਂ ਚਰਨਜੀਤ ਪਟਵਾਰੀ ਆਪਣੇ ਸਾਥੀਆਂ ਸਮੇਤ ਹਾਜਰ ਸਨ। ਇਸ ਨਾਟਕ ਮੇਲੇ ਵਿੱਚ ਸੰਗਰੂਰ ਦੀਆਂ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਤੇ ਲੋਕਾਂ ਨੇ ਪਰਿਵਾਰ ਸਮੇਤ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਮੇਲੇ ਦੀ ਸਫਲਤਾ ਲਈ ਸਥਾਨਿਕ ਇਕਾਈ ਦੇ ਮੈਂਬਰਾਂ ਸਵਰਨਜੀਤ ਸਿੰਘ, ਮਨਧੀਰ ਸਿੰਘ, ਸੁਰਜੀਤ ਸਿੰਘ ਭੱਠਲ, ਲੈਕ. ਕ੍ਰਿਸ਼ਨ ਸਿੰਘ, ਕੁਲਵੰਤ ਸਿੰਘ, ਚਮਕੌਰ ਸਿੰਘ, ਰਾਹੁਲ, ਵਰਿੰਦਰ ਕੁਮਾਰ, ਸੁਖਦੇਵ ਸਿੰਘ, ਹਰਦੇਵ ਰਾਠੀ, ਅਮਰੀਕ ਖੋਖਰ, ਧਰਮਵੀਰ ਸਿੰਘ, ਇੰਜੀ: ਦਵਿੰਦਰ ਸਿੰਘ, ਨਿਰਮਲ ਸਿੰਘ, ਮਨਜੀਤ ਸਿੰਘ ਉਪਲੀ, ਰਾਮ ਸਰੂਪ ਭਵਾਨੀਗੜ੍ਹ, ਡਾ. ਅਵਤਾਰ ਸਿੰਘ ਢੀਂਡਸਾ ਨੇ ਇੱਕ ਵਧੀਆ ਟੀਮ ਵਰਕ ਦੇ ਤੌਰ ਤੇ ਕੰਮ ਕੀਤਾ। **-ਸੁਰਜੀਤ ਸਿੰਘ ਭੱਠਲ**

**ਇਕਾਈ ਤਰਨਤਾਰਨ** :- ਨਹਿਰੂ ਯੁਵਾ ਕੇਂਦਰ ਤਰਨਤਾਰਨ ਵੱਲੋਂ ਨਸ਼ਾ ਵਿਰੋਧੀ ਮੁਹਿੰਮ ਤਹਿਤ ਪਿੰਡ ਬਾਗੜੀਆਂ ਵਿਖੇ ਨਸ਼ਾ ਵਿਰੋਧੀ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸ ਵਿੱਚ 10 ਪਿੰਡਾਂ ਦੇ ਕਲੱਬ ਮੈਂਬਰਾਂ, ਪੰਚਾਂ-ਸਰਪੰਚਾਂ ਤੋਂ ਇਲਾਵਾ ਆਮ ਜਨਤਾ ਨੇ ਭਾਗ ਲਿਆ । ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਜ਼ਿਲ੍ਹਾ ਯੂਥ ਕੁਆਰਡੀਨੇਟਰ ਬਿਕਰਮ ਸਿੰਘ ਗਿੱਲ ਸਨ । ਮੁੱਖ ਬੁਲਾਰੇ ਦੇ ਤੌਰ 'ਤੇ ਤਰਕਸ਼ੀਲ ਆਗੂ ਰਜਵੰਤ ਸਿੰਘ ਬਾਗੜੀਆਂ ਨੇ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਵੱਲੋਂ ਤਰਕਸ਼ੀਲ ਮੇਲਿਆਂ ਦੌਰਾਨ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਲਗਾਤਾਰ ਨਾਟਕ ਵਿਖਾਏ ਜਾ ਰਹੇ ਹਨ । ਉਨ੍ਹਾਂ ਨਸ਼ੇ ਦੇ ਕਾਰਣਾਂ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਸਮਾਜ ਦੇ ਹਰ ਵਰਗ ਅਤੇ ਪ੍ਰਸਾਸ਼ਨ ਨੂੰ ਵੀ ਆਪੋ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ । ਇਸ ਮੌਕੇ ਤਰਕਸ਼ੀਲ ਸੁਸਾਇਟੀ ਤੋਂ ਨਰਿੰਦਰ ਸਿੰਘ ਸੇਖਚੱਕ ਤੋਂ ਇਲਾਵਾ ਸਰਪੰਚ ਬਿਕਰਮਜੀਤ ਸਿੰਘ, ਸਰਪੰਚ ਜਸਵੰਤ ਸਿੰਘ, ਕਲੱਬ ਪ੍ਰਧਾਨ ਤਰਸੇਮ ਸਿੰਘ, ਮੁੱਖ ਅਧਿਆਪਕ ਬਲਬੀਰ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ।

**ਇਕਾਈ ਗੁਰਦਾਸਪੁਰ** :- ਗੁਰਦਾਸਪੁਰ ਵਿਖੇ ਤਰਕਸ਼ੀਲ ਮੇਲਾ ਕਰਵਾਇਆ ਗਿਆ । ਮੇਲੇ ਤੋਂ ਦੋ ਦਿਨ ਪਹਿਲਾਂ ਹੀ ਤਰਕਸ਼ੀਲ ਸਾਹਿਤ ਵੈਨ ਗੁਰਦਾਸਪੁਰ ਵਿਖੇ ਪਹੁੰਚੀ, ਜਿਸ ਨੂੰ ਜ਼ਿਲ੍ਹੇ ਦੇ ਐਸ.ਐਸ.ਪੀ. ਗੁਰਪ੍ਰੀਤ ਸਿੰਘ ਤੂਰ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ, ਵੈਨ ਸ਼ਹਿਰ ਦੇ ਵੱਖ-ਵੱਖ ਚੌਂਕਾਂ ਵਿੱਚ ਪਹੁੰਚੀ, ਜਿੱਥੇ ਸੁਸਾਇਟੀ ਸਬੰਧੀ ਅਤੇ ਤਰਕਸ਼ੀਲ ਮੇਲੇ ਪ੍ਰਤੀ ਪ੍ਰਚਾਰ ਕੀਤਾ ਅਤੇ ਆਮ ਜਨਤਾ ਨੇ ਵੱਡੀ ਮਾਤਰਾ ਵਿੱਚ ਤਰਕਸ਼ੀਲ ਸਾਹਿਤ ਖਰੀਦਿਆ। ਮੇਲੇ ਦੌਰਾਨ ਆਰਟ ਨਾਟ ਮੰਚ ਵੇਰਕਾ ਵੱਲੋਂ ਮਾਸਟਰ ਕੁਲਜੀਤ ਵੇਰਕਾ ਦੀ ਨਿਰਦੇਸ਼ਨਾਂ ਹੇਠ 'ਦੇਵ-ਪੁਰਸ਼ ਹਾਰ ਗਏ', 'ਅਰਮਾਨ', 'ਸਿਰਜਨਾ' ਨਾਟਕਾਂ ਤੋਂ ਇਲਾਵਾ ਕੋਰੀਓਗ੍ਰਾਫੀ 'ਚੋਰਾਂ ਦੇ ਵੱਸ ਪੈ ਕੇ ਧਰਤੀ ਮਾਂ ਕੁਰਲਾਉਂਦੀ ਹੈ' ਦੀ ਪੇਸ਼ਕਾਰੀ ਕੀਤੀ ਗਈ । ਇਸ ਮੌਕੇ ਨਵਾਂ ਜ਼ਮਾਨਾ ਅਖ਼ਬਾਰ ਦੇ ਮੁੱਖ ਸੰਪਾਦਕ ਜਤਿੰਦਰ ਪੰਨੂ ਨੇ ਦੱਸਿਆ ਕਿ ਤਰਕਸ਼ੀਲ ਲਹਿਰ ਸਮਾਜ ਨੂੰ ਵਿਗਿਆਨਿਕ ਸੇਧ ਦੇ ਰਹੀ ਹੈ ਅਤੇ ਜੇਕਰ ਆਮ ਜਨਤਾ ਆਪਣਾ ਨਜ਼ਰੀਆ ਵਿਗਿਆਨਿਕ ਬਣਾ ਲਵੇ ਤਾਂ ਸਮਾਜ ਪਾਖੰਡੀ ਸਾਧਾਂ, ਸੰਤਾਂ ਅਤੇ ਜੋਤਸ਼ੀਆਂ ਦੇ ਚੱਕਰਵਿਊ ਵਿੱਚੋਂ ਪੂਰੀ ਤਰ੍ਹਾਂ ਬਾਹਰ ਨਿੱਕਲ ਸਕਦਾ ਹੈ । ਉਨ੍ਹਾਂ ਦੱਸਿਆ ਕਿ ਅਜਿਹੇ ਪਾਖੰਡੀ ਰਾਜਸੀ ਪਾਰਟੀਆਂ ਦੀ ਵੋਟ ਬੈਂਕ ਹੁੰਦੇ ਹਨ, ਜਿਸ ਕਰਕੇ ਹੀ ਇਨ੍ਹਾਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈਆਂ ਨਹੀਂ ਕੀਤੀਆਂ ਜਾਂਦੀਆਂ । ਇਸ ਮੌਕੇ ਮਾਸਟਰ ਰਾਜਿੰਦਰ ਭਦੌੜ ਨੇ ਸੁਸਾਇਟੀ ਦੀ ਵਿਚਾਰਧਾਰਾ ਬਾਰੇ ਬੋਲਦਿਆਂ ਇਨਾਕੇ ਭਰ ਦੇ ਪਾਖੰਡੀ ਸਾਧਾਂ, ਸੰਤਾਂ ਅਤੇ ਜੋਤਸ਼ੀਆਂ ਨੂੰ ਚੁਣੌਤੀ ਦਿੱਤੀ। ਇਸ ਮੇਲੇ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਵਿੱਚ ਤਰਲੋਚਨ ਸਿੰਘ, ਸੁੱਚਾ ਸਿੰਘ, ਅਵਤਾਰ ਸਿੰਘ, ਜੀ.ਐਸ. ਪਾੜਾ, ਐਡਵੋਕੇਟ ਮੇਜਰ ਸੋਮਨਾਥ, ਜਸਬੀਰ ਸਿੰਘ, ਕੁਲਵੰਤ ਸਿੰਘ, ਅਜੀਤ ਸਿੰਘ, ਕੰਵਲਜੀਤ ਸਿੰਘ

ਆਦਿ ਨੇ ਵਿਸ਼ੇਸ ਭੂਮਿਕਾ ਨਿਭਾਈ।

**ਨਸ਼ਾ ਵਿਰੋਧੀ ਦਿਵਸ** :- ਪੰਜਾਬ ਪੁਲਿਸ ਵੱਲੋਂ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ 'ਤੇ ਗੁਰਦਾਸਪੁਰ ਵਿਖੇ ਨਸ਼ਾ ਵਿਰੋਧੀ ਪ੍ਰੋਗਰਾਮ ਕਰਵਾਇਆ ਗਿਆ ਜਿਸ ਦੇ ਮੁੱਖ ਮਹਿਮਾਨ ਜ਼ਿਲ੍ਹਾ ਪੁਲਿਸ ਮੁਖੀ ਗੁਰਪ੍ਰੀਤ ਸਿੰਘ ਤੂਰ ਸਨ। ਸੁਸਾਇਟੀ ਮੈਂਬਰਾਂ ਨੇ ਵੀ ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ। ਇਸ ਮੌਕੇ ਇਕਾਈ ਵੱਲੋਂ ਤਰਕਸ਼ੀਲ ਸਾਹਿਤ ਪ੍ਰਦਰਸ਼ਨੀ ਲਗਾਈ ਗਈ। ਪ੍ਰੋਗਰਾਮ ਵਿੱਚ ਹਾਜ਼ਰ ਲੋਕਾਂ ਨੇ ਸਾਹਿਤ ਖਰੀਦਣ ਵਿੱਚ ਕਾਫੀ ਉਤਸੁਕਤਾ ਵਿਖਾਈ ਅਤੇ ਪ੍ਰਦਰਸ਼ਨੀ ਵਿੱਚ ਰੱਖਿਆ ਸਾਹਿਤ ਧੜਾਧੜ ਖਰੀਦਿਆ ਗਿਆ। ਆਮ ਜਨਤਾ ਨੇ ਤਰਕਸ਼ੀਲਾਂ ਨਾਲ ਕਈ ਵਿਸ਼ਿਆਂ 'ਤੇ ਸਵਾਲ-ਜਵਾਬ ਕੀਤੇ, ਜਿਨ੍ਹਾਂ ਦੇ ਤਸੱਲੀਬਖਸ਼ ਉੱਤਰ ਦਿੱਤੇ ਗਏ। ਇਸ ਮੌਕੇ ਇਕਾਈ ਦੇ ਸਮੂਹ ਮੈਂਬਰ ਹਾਜ਼ਰ ਸਨ। **- ਰਜਵੰਤ ਸਿੰਘ ਬਾਗੜੀਆਂ**

**ਜ਼ੋਨ ਲੁਧਿਆਣਾ : ਇੱਕ ਰੋਜਾ ਵਰਕਸ਼ਾਪ** :- ਮਹਾਨ ਸ਼ਹੀਦ ਊਧਮ ਸਿੰਘ ਸੁਨਾਮ ਦੀ ਯਾਦ ਵਿੱਚ 'ਤਰਕਸ਼ੀਲਤਾ ਸੋਚ ਦੇ ਲੋਕਾਂ 'ਚ ਪਸਾਰ' ਵਿਸ਼ੇ ਉੱਪਰ ਇੱਕ ਰੋਜਾ ਵਰਕਸ਼ਾਪ ਦਾ ਆਯੋਜਨ ਸਰਕਾਰੀ ਸੀ:ਸੈਕੰ: ਸਕੂਲ ਜਵਾਹਰ ਨਗਰ ਵਿਖੇ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਇਕਾਈ ਕੁਹਾੜਾ, ਜਗਰਾਉਂ, ਮਲੇਰਕੋਟਲਾ, ਖੰਨਾ, ਲੁਧਿਆਣਾ, ਸੁਧਾਰ, ਮਾਛੀਵਾੜਾ ਅਤੇ ਜਰਗ ਦੇ ਵਰਕਰਾਂ ਨੇ ਭਾਗ ਲਿਆ। ਸਮਾਗਮ ਦੀ ਸ਼ੁਰੂਆਤ ਸ਼ਹੀਦ ਭਗਤ ਸਿੰਘ ਸਭਿਆਚਾਰ ਮੰਚ ਲੁਧਿਆਣਾ ਦੇ ਕਲਾਕਾਰਾਂ ਵੱਲੋਂ ਸੁਖਵਿੰਦਰ ਲੀਲ੍ਹ ਦੀ ਅਗਵਾਈ ਵਿੱਚ ਨੁੱਕੜ ਨਾਟਕ 'ਆਖਰ ਕਦੋਂ ਤੱਕ' ਨਾਲ ਹੋਈ। ਇਸ ਮੌਕੇ ਵਿਸੇਸ ਤੌਰ 'ਤੇ ਸ਼ਾਮਲ ਹੋਏ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਜਥੇਬੰਦਕ ਮੁਖੀ ਮਾ. ਰਾਜਿੰਦਰ ਭਦੌੜ ਨੇ ਸਮਾਗਮ 'ਚ ਪਹੁੰਚੇ ਸੁਸਾਇਟੀ ਦੇ ਆਗੂਆਂ ਅਤੇ ਵਰਕਰਾਂ ਨੂੰ ਲੋਕਾਂ ਵਿੱਚ ਜਾ ਕੇ ਉਹਨਾਂ ਨਾਲ ਗੱਲਬਾਤ ਕਰਨ ਅਤੇ ਭਾਸ਼ਣ ਦੇਣ ਦੇ ਢੰਗ ਤਰੀਕਿਆਂ ਦੀ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਸੁਸਾਇਟੀ ਪਿਛਲੇ ਲੰਮੇ ਸਮੇਂ ਤੋਂ ਸਮਾਜ ਅੰਦਰ ਫੈਲੇ ਅੰਧਵਿਸ਼ਵਾਸਾਂ ਖਿਲਾਫ਼ ਆਪਣੀ ਅਵਾਜ਼ ਬੁਲੰਦ ਕਰਦੀ ਆ ਰਹੀ ਹੈ ਅਤੇ ਹਮੇਸ਼ਾ ਕਰਦੀ ਰਹੇਗੀ, ਜਿਸ ਖਾਤਰ ਵਰਕਰਾਂ 'ਚੋਂ ਨਵੇਂ ਬੁਲਾਰਿਆਂ ਅਤੇ ਜਾਦੂ ਦੇ ਟਰਿਕ ਪੇਸ਼ ਕਰਨ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਮੌਕੇ ਸਤੀਸ਼ ਸੱਚਦੇਵਾ, ਦਲਵੀਰ ਕਟਾਣੀ, ਆਤਮਾ ਸਿੰਘ, ਡਾ. ਮਜੀਦ ਮਲੇਰਕੋਟਲਾ, ਪ੍ਰਿੰਸੀਪਲ ਹਰਭਜਨ ਸਿੰਘ, ਰਾਜਿੰਦਰ ਜੰਡਿਆਲੀ, ਰਾਪਿੰਦਰਪਾਲ ਸਿੰਘ, ਸਮਸ਼ੇਰ ਨੂਰਪੁਰੀ, ਮੋਹਨਜੀਤ ਥਰੀਕੇ, ਹਰਚੰਦ ਥਰੀਕੇ, ਬਖਸੀ ਰਾਮ, ਗੁਰਬਚਨ ਸਿੰਘ, ਕਰਨੈਲ ਸਿੰਘ, ਸੁਖਦੇਵ ਸਿੰਘ, ਮੁਹਿੰਦਰ ਸਿੰਘ ਤੋਂ ਇਲਾਵਾ ਵੱਖ-ਵੱਖ ਇਕਾਈਆਂ ਦੇ ਆਗੂਆਂ ਵੱਲੋਂ ਵੀ ਆਪਣੇ ਵਿਚਾਰ ਰੱਖੇ ਗਏ।

**- ਸੁਖਵਿੰਦਰ ਲੀਲ੍ਹ**

**ਇਕਾਈ ਕੋਹਾੜਾ : ਤਰਕਸ਼ੀਲ ਪਾਠਕ ਮਿਲਣੀ**: 'ਤਰਕਸ਼ੀਲ' ਮੈਗਜ਼ੀਨ ਅਤੇ ਸਾਹਿਤ ਦੇ ਪਾਠਕਾਂ ਨਾਲ ਰੂਬਰੂ ਹੋਣ ਲਈ ਪਾਠਕ ਮਿਲਣੀ ਕੀਤੀ ਗਈ। ਇਸ ਵਿੱਚ ਇਲਾਕੇ ਦੇ ਵਿਗਿਆਨਕ ਵਿਚਾਰਾਂ ਦੀ ਸਾਂਝ ਰੱਖਣ ਵਾਲੇ ਅਤੇ ਤਰਕਸ਼ੀਲ ਸਾਹਿਤ ਦੇ ਪਾਠਕ ਸ਼ਾਮਲ ਹੋਏ। ਸ਼ੁਰੂਆਤ ਇਕਾਈ ਦੇ ਜਥੇਬੰਦਕ ਮੁਖੀ ਰੁਪਿੰਦਰ ਪਾਲ ਸਿੰਘ ਨੇ ਸੁਸਾਇਟੀ ਦੀ ਜਾਣ-ਪਛਾਣ, ਕੰਮ-ਢੰਗ ਅਤੇ ਉਦੇਸ਼ ਬਾਰੇ ਗੱਲ ਕਰਦੇ ਹੋਏ ਕੀਤੀ ਅਤੇ ਆਏ ਪਾਠਕਾਂ ਨੂੰ ਜੀ ਆਇਆਂ ਕਿਹਾ। ਰਜਿੰਦਰ ਜੰਡਿਆਲੀ ਨੇ ਮੰਚ ਸੰਚਾਲਨ ਕਰਦੇ ਹੋਏ ਪਾਠਕ ਮਿਲਣੀ ਦਾ ਉਦੇਸ਼ ਦੱਸਿਆ। ਪਾਠਕਾਂ ਦੀ ਭਰਪੂਰ ਹਾਜ਼ਰੀ ਵਿੱਚ ਸੰਜੀਦਾ ਵਿਚਾਰ-ਚਰਚਾ ਹੋਈ। ਈਰਿੰਦਰ ਸਿੰਘ 'ਜੌਲੀ', ਆਤਮਾ ਸਿੰਘ, ਸੰਤੋਖ ਸਿੰਘ ਕੋਟਲਾ, ਸਰਪੰਚ ਅਜਮੇਰ ਸਿੰਘ, ਮਨਧੀਰ ਸਿੰਘ 'ਧੀਰਾ', ਮੈਡਮ ਗੁਲਜਿੰਦਰ ਕੌਰ, ਮੈਡਮ ਸੰਤੋਖ ਕੁਮਾਰੀ, ਮਨਿੰਦਰ ਪਾਲ ਕੌਰ, ਮਾ. ਤੇਲੂ ਰਾਮ ਕੋਹਾੜਾ, ਮਾ. ਹਰਪ੍ਰੀਤ ਸਿੰਘ, ਮਾ. ਸਮਸ਼ੇਰ ਸਿੰਘ, ਮਾ. ਬਲਵਿੰਦਰ ਸਿੰਘ, ਮਾ. ਜਸਵਿੰਦਰ ਸਿੰਘ, ਮਾ. ਸਕੰਦਰ ਸਿੰਘ, ਮਾ. ਜੋਗੇਸ਼ ਲੁਥਰਾ, ਜਗਪਾਲ ਸਿੰਘ ਕੋਹੜਾ, ਸੁਭਾਸ਼ ਚੰਦਰ ਕੂਮਕਲਾਂ, ਜਗਜੀਤ ਸਿੰਘ ਮਾਨ, ਅਮਨਦੀਪ ਜੰਡਿਆਲੀ ਆਦਿ ਨੇ ਚਰਚਾ ਵਿੱਚ ਭਾਗ ਲਿਆ। ਮੈਗਜ਼ੀਨ ਵਿੱਚ ਨਵੇਂ ਵਿਸ਼ੇ ਸ਼ਾਮਲ ਕਰਨ, ਨਵੇਂ ਲੇਖਕਾਂ ਦੀਆਂ ਲਿਖਤਾਂ ਨੂੰ ਸ਼ਾਮਲ ਕਰਨ, ਮੈਗਜ਼ੀਨ ਨੂੰ ਮਹੀਨਾਵਾਰ ਕਰਨ, ਇਸਤਰੀਆਂ ਨੂੰ ਤਰਕਸ਼ੀਲ ਵਿਚਾਰਾਂ ਨਾਲ ਜੋੜਨ ਲਈ ਸੰਜੀਦਾ ਯਤਨ ਕਰਨ, ਮੀਡੀਆ ਖਾਸ ਤੌਰ 'ਤੇ ਸ਼ੋਸਲ ਮੀਡੀਆ ਦੀ ਵਧੇਰੇ ਵਰਤੋਂ ਕਰਨ, ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਉਹਨਾਂ ਦੇ ਪੱਧਰ 'ਤੇ ਆ ਕੇ ਤਰਕਸ਼ੀਲ ਵਿਚਾਰਾਂ ਨਾਲ ਜੋੜਨ, ਵਧੇਰੇ ਬਾਲ ਸਾਹਿਤ ਪ੍ਰਕਾਸ਼ਿਤ ਕਰਨ, ਟੂਰਨਾਮੈਂਟ ਆਦਿ 'ਤੇ ਤਰਕਸ਼ੀਲ ਪ੍ਰੋਗਰਾਮ ਕਰਨ ਆਦਿ ਵਿਸ਼ੇ ਉੱਭਰ ਕੇ ਸਾਹਮਣੇ ਆਏ। ਮੌਜੂਦਾ ਸਮੇਂ ਉੱਭਰ ਰਹੇ ਫ਼ਾਸ਼ੀਵਾਦ ਦੇ ਟਾਕਰੇ ਲਈ ਤਰਕਸ਼ੀਲ ਵਿਚਾਰਾਂ ਦੇ ਪ੍ਰਚਾਰ-ਪ੍ਰਸਾਰ ਦੇ ਸੰਜੀਦਾ ਯਤਨਾਂ ਦੀ ਲੋੜ ਮਹਿਸੂਸ ਕੀਤੀ ਗਈ। ਸੁਸਾਇਟੀ ਦੇ ਮੈਂਬਰ ਮਨਜੀਤ ਘਣਗਸ, ਜਗਦੇਵ ਮਕਸੂਦੜਾ, ਸ਼ੀਤਲ ਕਟਾਣੀ, ਪ੍ਰੋ. ਸੁੰਦਰਜੀਤ ਸਿੰਘ ਆਦਿ ਨੇ ਵੀ ਆਪਣੇ ਵਿਚਾਰ ਰੱਖੇ। ਗੁਰਬਚਨ ਸਿੰਘ ਅਤੇ ਈਸ਼ ਕੁਮਾਰ ਨੇ ਸਾਰੇ ਵਿਚਾਰਾਂ ਨੂੰ ਨੋਟ ਕਰਦੇ ਹੋਏ ਨਿਚੋੜ ਰੂਪ 'ਚ ਪੇਸ਼ ਕੀਤਾ। ਜ਼ੋਨ ਲੁਧਿਆਣਾ ਦੇ ਮੀਡੀਆ ਵਿਭਾਗ ਮੁਖੀ ਦਲਬੀਰ ਕਟਾਣੀ ਨੇ ਪਾਠਕਾਂ ਦੇ ਸਵਾਲਾਂ ਦੇ ਜਵਾਬ ਦਿੱਤੇ। ਅੰਤ ਵਿੱਚ ਦੀਪ ਦਿਲਬਰ ਨੇ ਜੀਵਨ ਵਿੱਚ ਸਾਹਿਤ ਦੀ ਭੂਮਿਕਾ ਬਾਰੇ ਗੱਲ ਕਰਦੇ ਹੋਏ ਆਏ ਪਾਠਕਾਂ ਦਾ ਧੰਨਵਾਦ ਕੀਤਾ।

**- ਰਜਿੰਦਰ ਜੰਡਿਆਲੀ**

**ਇਕਾਈ ਮਹਿਲ ਕਲਾਂ** : ਸ਼ਹੀਦ ਕਰਤਾਰ ਸਿੰਘ ਸਰਾਭਾ ਕਲੱਬ, ਮਹਿਲ ਕਲਾਂ ਦੇ ਸਹਿਯੋਗ ਨਾਲ ਸੋਢਿਆਂ ਦੀ ਸੱਥ ਨੰਬਰ 1 ਵਿੱਚ ਜੋਤਿਸ਼ ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ ਜਿਸ ਨੂੰ ਮੁੱਖ ਬੁਲਾਰੇ ਸੁਰਜੀਤ ਦੌਧਰ ਅਤੇ ਸੂਬਾ ਆਗੂ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਇਕਾਈ ਪ੍ਰਧਾਨ ਗੁਰਦੀਪ ਸੋਢਾ ਨੇ ਜੀ ਆਇਆਂ ਨੂੰ ਕਿਹਾ। ਇਸ ਮੌਕੇ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ। ਕਲੱਬ ਅਤੇ ਇਕਾਈ ਮਹਿਲ ਕਲਾਂ ਵੱਲੋਂ ਇਸ ਮੌਕੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ ਵਿੱਚ ਲਾਇਬਰੇਰੀ ਖੋਲ੍ਹਣ ਦਾ ਮਤਾ ਵੀ ਪਾਸ ਕੀਤਾ ਗਿਆ। ਪ੍ਰੋਗਰਾਮ ਦੀ ਸਫਲਤਾ ਵਿੱਚ ਗੁਲਵੰਤ ਔਲਖ, ਪਰਗਟ ਸਿੰਘ ਮਹਿਲ ਖੁਰਦ, ਕੁਲਵਿੰਦਰ ਕਿੰਦਰ, ਜਗਸੀਰ ਕੈਲਾ, ਬੇਅੰਤ ਜੌਹਲ, ਬਹਾਦਰ ਜੌਹਲ, ਗੁਰਚਰਨ ਸੋਢਾ, ਮਾਸਟਰ ਯਸ਼ਪਾਲ,

ਪਾਲਾ ਟੈਂਟ ਵਾਲਾ, ਜੰਗ ਸਿੰਘ, ਅਵਤਾਰ ਸਿੰਘ ਆਦਿ ਦਾ ਪੂਰਾ ਸਹਿਯੋਗ ਰਿਹਾ। **- ਬੇਅੰਤ ਸਿੰਘ ਮਿੱਠੂ**

**ਇਕਾਈ ਲੌਂਗੋਵਾਲ : 'ਭਾਰਤ ਵਿੱਚ ਧਰਮ ਦੀਆਂ ਜੜ੍ਹਾਂ ਅਤੇ ਫਿਰਕਾਪ੍ਰਸਤੀ' ਵਿਸ਼ੇ 'ਤੇ ਸੈਮੀਨਾਰ** :- ਮਿਤੀ 9 ਅਗਸਤ 2015 ਨੂੰ ਇਹ ਸੈਮੀਨਾਰ ਅਗਰਵਾਲ ਭਵਨ, ਲੌਂਗੋਵਾਲ ਵਿਖੇ ਕਰਵਾਇਆ ਗਿਆ ਜਿਸਦੇ ਮੁੱਖ ਬੁਲਾਰੇ ਕਾਮਰੇਡ ਕਸ਼ਮੀਰ ਸਿੰਘ ਸਨ। ਕਾਮਰੇਡ ਕਸ਼ਮੀਰ ਸਿੰਘ ਨੇ ਆਪਣੇ ਤਿੰਨ ਘੰਟਿਆਂ ਦੇ ਭਾਸ਼ਣ ਦੌਰਾਨ ਬਹੁਤ ਹੀ ਰੌਚਿਕ ਸ਼ੈਲੀ ਵਿੱਚ ਪਦਾਰਥ, ਚੇਤਨਾ, ਜੀਵਨ, ਜਾਦੂ, ਧਰਮ, ਫਿਰਕਾਪ੍ਰਸਤੀ, ਹਿੰਦੂਤਵੀ ਵਿਚਾਰਧਾਰਾ ਆਦਿ ਬਾਰੇ ਵਿਸਥਾਰ ਵਿੱਚ ਪ੍ਰਭਾਵਸ਼ਾਲੀ ਗੱਲਬਾਤ ਸਾਂਝੀ ਕੀਤੀ। ਇਹਨਾਂ ਸਭ ਵਰਤਾਰਿਆਂ ਵਿੱਚ ਪੈਦਾਵਾਰੀ ਸ਼ਕਤੀਆਂ, ਪੈਦਾਵਾਰੀ ਸੰਬੰਧਾਂ ਬਾਰੇ ਉਹਨਾਂ ਵਿਸਥਾਰ ਵਿੱਚ ਗੱਲ ਕੀਤੀ। ਪ੍ਰੋਗਰਾਮ ਦੇ ਸ਼ੁਰੂ ਵਿੱਚ ਬਲਦੇਵ ਮੰਡੇਰ, ਦਿਲਜੋਤ ਬੰਟੀ, ਗਗਨਦੀਪ ਕੌਰ ਵੱਲੋਂ ਇਨਕਲਾਬੀ ਗੀਤ ਪੇਸ਼ ਕੀਤੇ ਗਏ। ਸਟੇਜ ਸੰਚਾਲਨ ਜ਼ੋਨ ਆਗੂ ਜੁਝਾਰ ਲੌਂਗੋਵਾਲ ਨੇ ਕੀਤਾ। ਸੂਬਾ ਆਗੂ ਬਲਬੀਰ ਚੰਦ ਲੌਂਗੋਵਾਲ ਨੇ ਵਿਸ਼ੇ ਅਤੇ ਬੁਲਾਰੇ ਬਾਰੇ ਮੁਢਲੀ ਜਾਣ-ਪਛਾਣ ਕਰਵਾਈ। ਅੰਤ ਵਿੱਚ ਸਭ ਦਾ ਧੰਨਵਾਦ ਇਕਾਈ ਆਗੂ ਕਮਲਜੀਤ ਸਿੰਘ ਵਿੱਕੀ ਵੱਲੋਂ ਕੀਤਾ ਗਿਆ। ਪ੍ਰੋਗਰਾਮ ਦੀ ਸਫਲਤਾ ਵਿੱਚ ਇਕਾਈ ਆਗੂਆਂ-ਮੈਂਬਰਾਂ ਰਣਜੀਤ ਸਿੰਘ, ਬੀਰਬਲ ਸਿੰਘ, ਗੁਰਜੀਤ ਸਿੰਘ, ਸੰਦੀਪ ਸਿੰਘ, ਗਗਨਦੀਪ ਸਿੰਘ, ਹਰਜੀਤ ਸਿੰਘ, ਗੋਬਿੰਦ ਸਿੰਘ ਦਾ ਮਹੱਤਵਪੂਰਨ ਯੋਗਦਾਨ ਰਿਹਾ। ਲਗਭਗ 100 ਦੀ ਗਿਣਤੀ ਵਿੱਚ ਸੈਮੀਨਾਰ ਵਿੱਚ ਸ਼ਾਮਲ ਵਿਅਕਤੀਆਂ ਨੇ ਭਾਸ਼ਣ 'ਤੇ ਪੂਰਨ ਤਸੱਲੀ ਪ੍ਰਗਟਾਉਂਦਿਆਂ ਮੁੱਖ ਬੁਲਾਰੇ ਦਾ ਪੂਰੀ ਬੇਸਿਕ ਜਾਣਕਾਰੀ ਪ੍ਰਭਾਵਸ਼ਾਲੀ ਰੂਪ ਵਿੱਚ ਪ੍ਰਦਾਨ ਕਰਨ ਦਾ ਪ੍ਰਭਾਵ ਕਬੂਲਿਆ। ਇਸ ਮੌਕੇ 'ਤੇ ਇਕਾਈ ਲੌਂਗੋਵਾਲ ਅਤੇ ਜਨ ਚੇਤਨਾ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ। **- ਕਮਲਜੀਤ ਸਿੰਘ**

**ਇਕਾਈ ਸੰਗਰੂਰ : 'ਜੀਵ ਵਿਕਾਸ ਅਤੇ ਅੰਧ-ਵਿਸ਼ਵਾਸ' 'ਤੇ ਇੱਕ ਰੋਜ਼ਾ ਵਿਚਾਰ-ਗੋਸ਼ਟੀ** :- ਜਥੇਬੰਦਕ ਵਿਭਾਗ ਦੇ ਮੁਖੀ ਪਰਮਵੇਦ ਦੀ ਪ੍ਰਧਾਨਗੀ ਹੇਠ 'ਜੀਵ ਵਿਕਾਸ ਅਤੇ ਅੰਧ ਵਿਸ਼ਵਾਸ' ਵਿਸ਼ੇ 'ਤੇ ਈਟਿੰਗ ਮਾਲ ਸੰਗਰੂਰ ਵਿਖੇ ਇੱਕ ਰੋਜ਼ਾ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਗੋਸ਼ਟੀ ਦੇ ਮੁੱਖ ਬੁਲਾਰੇ ਡਾ. ਅਵਤਾਰ ਸਿੰਘ ਢੀਂਡਸਾ ਨੇ ਵਿਸਥਾਰ ਪੂਰਵਕ ਜੀਵ ਵਿਕਾਸ ਅਤੇ ਨਾਲ-ਨਾਲ ਜੁੜਦੇ ਗਏ ਅੰਧ-ਵਿਸ਼ਵਾਸਾਂ ਦੀ ਵਿਆਖਿਆ ਕੀਤੀ। ਉਨ੍ਹਾਂ ਕਿਹਾ ਕਿ 21ਵੀਂ ਸਦੀ ਵਿਗਿਆਨ ਦੀ ਸਦੀ ਹੋਣ ਦੇ ਬਾਵਜੂਦ ਭਾਰਤੀ ਸਮਾਜ ਵਿੱਚ ਚੱਲ ਰਹੀ ਅਗਿਆਨਤਾ ਦੀ ਹਨੇਰੀ ਹੋਰ ਪ੍ਰਚੰਡ ਹੁੰਦੀ ਜਾ ਰਹੀ ਹੈ। ਧਰਤੀ ਉੱਪਰ ਜੀਵਨ ਦੀ ਸ਼ੁਰੂਆਤ ਵਿੱਚ ਰੱਬ ਦੇ ਯੋਗਦਾਨ ਨੂੰ ਬਗੈਰ ਕਿਸੇ ਸਬੂਤ ਦੇ ਹੀ ਮੰਨ ਲੈਣਾ ਸਾਡੀ ਵਿਗਿਆਨਕ ਸੂਝ-ਬੂਝ ਦੀ ਘਾਟ ਦਾ ਮੁਜ਼ਾਹਰਾ ਕਰਦਾ ਹੈ। ਸਭ ਤੋਂ ਪਹਿਲਾਂ ਯੂਨਾਨ ਦੇ ਸਾਹਿਤ ਵਿੱਚ ਰੱਬ ਵੱਲੋਂ ਹਨੇਰ੍ਹ ਵਿੱਚੋਂ ਧਰਤੀ ਬਣਾਉਣਾ, ਧਰਤੀ ਦਾ ਹਵਾ ਤੇ ਪਾਣੀ ਨੂੰ ਜਨਮ ਦੇਣਾ। ਇੰਝ ਹੀ ਧਰਤੀ ਦੀ ਕੁੱਖ ਵਿੱਚੋਂ ਦਿਨ-ਰਾਤ ਦਾ ਜਨਮ ਲੈਣਾ, ਫਿਰ ਪੂਰੀ ਧਰਤੀ ਸਾਜਣ ਤੋਂ ਬਾਅਦ ਰੱਬ ਦੁਆਰਾ ਸਾਰੇ ਜੀਵ-ਜੰਤੂ ਬਣਾ ਕੇ ਧਰਤੀ ਉੱਪਰ ਭੇਜਣਾ। ਇਹ ਸਭ ਕੁੱਝ ਥੋੜਾ ਬਹੁਤ ਫੇਰ ਬਦਲ ਨਾਲ ਹਰ ਇੱਕ ਧਰਮ ਵਿੱਚ ਲਿਖਿਆ ਹੋਇਆ ਹੈ ਪ੍ਰੰਤੂ ਵਿਗਿਆਨਕ ਖੋਜਾਂ ਧਰਤੀ ਉੱਤੇ ਜੀਵਨ ਦੀ ਸ਼ੁਰੂਆਤ ਦੀ ਸਬੂਤਾਂ ਸਮੇਤ ਚੰਗੀ ਤਰ੍ਹਾਂ ਵਿਆਖਿਆ ਕਰਦੀਆਂ ਹਨ। ਕਿਵੇਂ ਬਿਗਬੈਂਗ ਤੋਂ ਬਾਅਦ ਸੂਰਜ, ਧਰਤੀ, ਤਾਰੇ, ਗ੍ਰਹਿ, ਉਪ-ਗ੍ਰਹਿ ਬਣੇ। ਧਰਤੀ ਉੱਪਰ ਸਮੁੰਦਰੀ ਪਾਣੀ ਵਿੱਚ ਪ੍ਰਮਾਣੂ ਤੋਂ ਬਾਅਦ ਅਣੂ, ਫਿਰ ਹੋਰ ਵੱਡੇ ਅਣੂ.....ਫਿਰ ਕੋਐਸਰਵੇਟ, ਫਿਰ ਇੱਕ ਸੈਲੇ ਪੌਦੇ, ਫਿਰ ਵੱਡੇ ਪੌਦੇ, ਇੱਕ ਸੈਲੇ ਜੰਤੂ ਅਤੇ ਹਰ ਕਿਸਮ ਦੀ ਸ਼ੁਰੂਆਤ ਇਸ ਧਰਤੀ 'ਤੇ ਹੋਈ ਅਤੇ ਇੰਝ ਹੀ ਜੀਵ ਵਿਕਾਸ ਦੀ ਪੌੜੀ ਚੜ੍ਹਦਾ ਮਨੁੱਖ ਹੋਂਦ ਵਿੱਚ ਆਇਆ ਜਿਸ ਕੋਲ ਸੋਚਣ-ਸਮਝਣ ਦੀ ਸਮਰੱਥਾ ਹੈ। ਜਿਹੜੀ ਅੱਜ ਵੀ ਵਿਕਾਸ ਕਰਦੀ ਹੋਈ ਵੱਧ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਭ ਪ੍ਰੀਕ੍ਰਿਆ ਜਾਂ ਵਰਤਾਰੇ ਵਿੱਚ ਕਿਸੇ ਵੀ ਗੈਬੀ-ਸ਼ਕਤੀ ਦਾ ਕਿਤੇ ਵੀ ਕੋਈ ਰੋਲ ਨਜ਼ਰ ਨਹੀਂ ਆਉਂਦਾ। ਉਨ੍ਹਾਂ ਅੱਗੇ ਕਿਹਾ ਕਿ ਧਰਤੀ ਉੱਪਰ ਜੀਵਨ ਦੀ ਸ਼ੁਰੂਆਤ ਖਣਿਜਾਂ ਅਤੇ ਤੱਤਾਂ ਦੀ ਆਪਸੀ ਰਸਾਇਣਿਕ ਕਿਰਿਆ ਦਾ ਨਿਚੋੜ ਹੈ। ਇਹ ਕਿਰਿਆਵਾਂ ਅੱਜ ਵੀ ਵਾਪਰ ਰਹੀਆਂ ਹਨ। ਸਵਾਲ-ਜੁਆਬ ਸੈਸ਼ਨ ਵਿੱਚ ਸਵਰਨਜੀਤ ਸਿੰਘ, ਮਨਧੀਰ ਸਿੰਘ, ਚਮਕੌਰ ਸਿੰਘ, ਰਾਹੁਲ ਕੁਮਾਰ, ਅਮਰੀਕ ਸਿੰਘ, ਨਿਰਮਲ ਸਿੰਘ ਉੱਪਲੀ, ਧਰਮਵੀਰ ਸਿੰਘ, ਗੁਰਮੁੱਖ ਸਿੰਘ, ਰਮੇਸ਼ ਕੁਮਾਰ, ਸੁਖਦੇਵ ਸਿੰਘ, ਵਰਿੰਦਰ ਕੁਮਾਰ, ਗੁਰਪ੍ਰੀਤ ਸਿੰਘ, ਗੁਰਬਖਸ਼ੀਸ ਸਿੰਘ, ਪ੍ਰਿੰਸੀਪਲ ਰਜਿੰਦਰ ਕੁਮਾਰ ਸਿੰਗਲਾ, ਲੈਕ. ਕੁਲਵੰਤ ਸਿੰਘ, ਮਨਪ੍ਰੀਤ ਸਿੰਘ ਰਾਣਾ, ਲਖਵਿੰਦਰ ਸਿੰਘ ਦਿੜਬਾ, ਮੋਹਨ ਬਡਲਾ ਮਲੇਰਕੋਟਲਾ, ਡਾ. ਮਜ਼ੀਦ, ਸੁਖਦੇਵ ਧੂਰੀ, ਇੰਜੀ. ਦੇਵਿੰਦਰ ਸਿੰਘ, ਡਾ. ਐਮ.ਐਸ. ਗੋਸਲ, ਬੱਬੂ ਨਮੋਲ, ਤਰਸੇਮ ਧੂਰੀ, ਰਾਮ ਕੁਮਾਰ ਪਟਿਆਲਾ, ਮੈਡਮ ਅਕਵਿੰਦਰ ਕੌਰ, ਬਲਵਿੰਦਰ ਮਨਿਆਣਾ, ਦੀਪ ਸਿੰਘ, ਲੈਕ. ਪੂਜਾ ਗੋਇਲ ਨੇ ਭਾਗ ਲਿਆ। ਇਸ ਮੌਕੇ ਸੁਰਜੀਤ ਸਿੰਘ ਭੱਠਲ ਨੇ ਤਰਕਸ਼ੀਲ ਗੀਤਾਂ ਰਾਹੀਂ ਵਿਗਿਆਨਕ ਸੋਚ ਦਾ ਚਾਨਣ ਬਿਖੇਰਿਆ। ਤਰਕਸ਼ੀਲ ਆਗੂ ਲੈਕਚਰਾਰ ਕ੍ਰਿਸ਼ਨ ਸਿੰਘ ਨੇ ਗੋਸ਼ਟੀ ਵਿੱਚ ਸ਼ਾਮਲ ਸਾਰਿਆਂ ਦਾ ਧੰਨਵਾਦ ਕਰਦਿਆਂ ਲੋਕਾਂ ਨੂੰ ਆਪਣੀ ਸੋਚ ਵਿਗਿਆਨਕ ਲੀਹ 'ਤੇ ਤੋਰਨ ਲਈ ਪ੍ਰੇਰਿਆ ਅਤੇ ਇਸੇ ਤਰ੍ਹਾਂ ਸਹਿਯੋਗ ਦੇਣ ਦੀ ਆਸ ਪ੍ਰਗਟਾਈ। ਇਹ ਗੋਸ਼ਟੀ ਸਿੱਖਿਆਦਾਇਕ ਸਰੋਤ ਬਣ ਕੇ ਸਭਨਾ ਨੂੰ ਪ੍ਰੇਰਿਤ ਕਰ ਗਈ। **- ਸੁਰਜੀਤ ਸਿੰਘ ਭੱਠਲ**

**ਇਕਾਈ ਲੁਧਿਆਣਾ : ਤਰਕਸ਼ੀਲ ਪਾਠਕ ਮਿਲਣੀ** :- ਗ਼ਦਰੀ ਬਾਬਾ ਭਾਨ ਸਿੰਘ ਸੁਨੇਤ ਯਾਦਗਾਰ ਵਿਖੇ ਤਰਕਸ਼ੀਲ ਮੈਗਜ਼ੀਨ ਦੇ ਪਾਠਕਾਂ ਨਾਲ ਇੱਕ ਮਿਲਣੀ ਦਾ ਆਯੋਜਨ ਕੀਤਾ ਗਿਆ। ਇਸ ਦਾ ਸੰਚਾਲਨ ਤਰਕਸ਼ੀਲ ਸੁਸਾਇਟੀ ਦੇ ਲੁਧਿਆਣਾ ਜ਼ੋਨ ਦੇ ਜਥੇਬੰਦਕ ਮੁਖੀ ਜਸਵੰਤ ਜੀਰਖ ਨੇ ਕੀਤਾ ਅਤੇ ਇਸ ਦੀ ਪ੍ਰਧਾਨਗੀ ਤਰਕਸ਼ੀਲ ਮੈਗਜ਼ੀਨ ਦੇ ਸੰਪਾਦਕ ਬਲਬੀਰ ਚੰਦ ਲੌਂਗੋਵਾਲ ਅਤੇ ਇਕਾਈ ਲੁਧਿਆਣਾ ਦੇ ਜਥੇਬੰਦਕ ਮੁਖੀ ਹਰਚੰਦ ਥਰੀਕੇ ਨੇ ਕੀਤੀ। ਇਸ ਮਿਲਣੀ ਦਾ ਉਦੇਸ਼ ਪਾਠਕਾਂ ਦਾ ਮੈਗਜ਼ੀਨ ਪ੍ਰਤੀ ਦ੍ਰਿਸ਼ਟੀਕੋਣ ਜਾਨਣਾ ਅਤੇ ਇਸ ਨੂੰ ਭਵਿੱਖ ਵਿੱਚ ਹੋਰ ਬਿਹਤਰ ਬਣਾਉਣ ਲਈ ਉਸਾਰੂ ਸੁਝਾਅ ਪ੍ਰਾਪਤ ਕਰਨਾ ਸੀ। ਇਸ ਮਿਲਣੀ ਦੌਰਾਨ ਗ਼ਦਰੀ

ਯਾਦਗਾਰ ਸੁਨੇਤ ਟਰੱਸਟ ਦੇ ਪ੍ਰਧਾਨ ਕਰਨਲ (ਰਿਟਾ.) ਜੇ.ਐਸ. ਬਰਾੜ, ਪੀ.ਏ.ਯੂ. ਵਿੱਚ ਆਰਥਿਕ ਅਤੇ ਸਮਾਜਿਕ ਵਿਭਾਗ ਦੇ ਮੁਖੀ ਡਾ. ਸੁਖਪਾਲ, ਪ੍ਰਿੰਸੀਪਲ (ਰਿਟਾ.) ਜਸਵੰਤ ਸਿੰਘ ਗਿੱਲ, ਵਿਦਿਆਰਥੀ ਆਗੂ ਹਰਸਾ ਸਿੰਘ, ਤਰਕਸ਼ੀਲ ਸੁਸਾਇਟੀ ਦੇ ਜ਼ੋਨ ਆਗੂ ਦਲਬੀਰ ਕਟਾਣੀ, ਐਡਵੋਕੇਟ ਹਰਪ੍ਰੀਤ ਜੀਰਖ, ਨੌਜਵਾਨ ਸਭਾ ਦੇ ਆਗੂ ਰਾਕੇਸ ਆਜ਼ਾਦ, ਅਰਮਿੰਦਰ ਸਿੰਘ ਗੜਵਾਸੂ, ਇੰਦਰਜੀਤ ਸਿੰਘ, ਸੁਖਵਿੰਦਰ ਲੀਲ੍ਹ, ਅਰਵਿੰਦ ਆਦਿ ਨੇ ਉਸਾਰੂ ਸੁਝਾਅ ਪੇਸ਼ ਕੀਤੇ। ਪਾਠਕਾਂ ਨੇ ਮੈਗਜ਼ੀਨ ਮਾਸਿਕ ਕਰਨ, ਉਸਾਰੂ ਕੰਮਾਂ ਨੂੰ ਮੈਗਜ਼ੀਨ ਰਾਹੀਂ ਉਭਾਰਨ, ਨਵੀਆਂ ਕਲਮਾਂ ਨੂੰ ਉਤਸ਼ਾਹਤ ਕਰਨ, ਨੌਜਵਾਨਾਂ ਦੀ ਮਾਨਸਿਕਤਾ 'ਤੇ ਮੀਡੀਆ ਦੇ ਹੋ ਰਹੇ ਹਮਲੇ ਅਤੇ ਮੈਗਜ਼ੀਨ ਨੂੰ ਹੋਰ ਭਾਸ਼ਾਵਾਂ ਵਿੱਚ ਵੀ ਪ੍ਰਕਾਸ਼ਿਤ ਕਰਨ ਆਦਿ ਬਾਰੇ ਸੁਝਾਅ ਪੇਸ਼ ਕੀਤੇ। ਇਸ ਮੌਕੇ ਨੰਗੇ ਚਿੱਟੇ ਰੂਪ ਵਿੱਚ ਸਰਕਾਰ ਵੱਲੋਂ ਸਿੱਖਿਆ ਅਤੇ ਸਮਾਜ ਦਾ ਭਗਵਾਂਕਰਨ ਕੀਤੇ ਜਾਣ ਦਾ ਮੁੱਦਾ ਵੀ ਵਿਚਾਰ-ਚਰਚਾ ਅਧੀਨ ਆਇਆ। ਸਰਕਾਰਾਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਕਿਵੇਂ ਆਪਣੇ ਕਾਲੇ ਕਾਰਨਾਮੇਂ ਲੁਕਾਉਣ ਲਈ ਵਰਤ ਰਹੀਆਂ ਹਨ, ਇਸ ਬਾਰੇ ਵੀ ਪਾਠਕਾਂ ਨੇ ਖੁੱਲ੍ਹ ਕੇ ਵਿਚਾਰ ਪ੍ਰਗਟ ਕੀਤੇ। ਇਸ ਬਹਿਸ ਨੂੰ ਸਮੇਟਦਿਆਂ ਬਲਬੀਰ ਚੰਦ ਲੌਂਗੋਵਾਲ ਨੇ ਕਿਹਾ ਕਿ ਇਹਨਾਂ ਸੁਝਾਵਾਂ 'ਤੇ ਗੰਭੀਰਤਾ ਨਾਲ ਵਿਚਾਰ ਕਰਕੇ ਭਵਿੱਖ ਵਿੱਚ ਲਾਗੂ ਕੀਤਾ ਜਾਵੇਗਾ। ਇਸ ਬੈਠਕ ਨੂੰ ਸਫਲ ਬਣਾਉਣ ਲਈ ਸਤੀਸ਼ ਕੁਮਾਰ ਸੱਚਦੇਵਾ, ਆਤਮਾ ਸਿੰਘ, ਸਤਰੂਗਨ, ਸੁਰਜੀਤ ਸਿੰਘ ਸੁਨੇਤ ਅਤੇ ਬਲਵਿੰਦਰ ਸਿੰਘ ਦਾ ਅਹਿਮ ਯੋਗਦਾਨ ਰਿਹਾ। ਤਰਕਸ਼ੀਲ ਸਾਹਿਤ ਦੀ ਸਟਾਲ ਵੀ ਇਸ ਮੌਕੇ ਲਗਾਈ ਗਈ ਜਿੱਥੇ ਕਾਫੀ ਲੋਕਾਂ ਨੇ ਪੁਸਤਕਾਂ ਖਰੀਦਣ 'ਚ ਰੁਚੀ ਵਿਖਾਈ।

**- ਜਸਵੰਤ ਜੀਰਖ**

**ਫਗਵਾੜਾ ਇਕਾਈ ਦੀਆਂ ਸਰਗਰਮੀਆਂ :**

1) **ਸਰਕਾਰੀ ਹਾਈ ਸਕੂਲ ਉੱਚਾ ਪਿੰਡ** :- ਤਰਕਸ਼ੀਲ ਸੁਸਾਇਟੀ ਦੇ ਮਾਸਟਰ ਸੁਖਦੇਵ ਫਗਵਾੜਾ, ਸੁਰਿੰਦਰ ਜੀ ਅਤੇ ਹੈਡ ਮਾਸਟਰ ਗਿਆਨ ਚੰਦ ਦੀ ਟੀਮ ਨੇ ਇਸ ਸਕੂਲ ਵਿੱਚ ਸਕੂਲ ਦੀ ਹੈਡ ਮਿਸਟ੍ਰੈਸ ਸ੍ਰੀਮਤੀ ਸ਼ਸ਼ੀ ਕੁਮਾਰੀ ਦੀ ਨਿਗਰਾਨੀ ਹੇਠ ਜਾਦੂ ਦੇ ਟ੍ਰਿਕਾਂ ਮਗਰ ਹੇਰਾ ਫੇਰੀ ਅਤੇ ਵਿਗਿਆਨਕ ਰਸਾਇਣਾਂ ਨਾਲ ਕੀਤੇ ਜਾਂਦੇ ਟ੍ਰਿਕਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕਲਾ ਮਗਰ ਕਿਸੇ ਤੰਤਰ-ਮੰਤਰ ਦਾ ਕੋਈ ਹੱਥ ਨਹੀਂ ਹੁੰਦਾ। ਇਸ ਨੂੰ ਕੋਈ ਵੀ ਵਿਅਕਤੀ ਕੁਝ ਅਭਿਆਸ ਕਰਕੇ ਸਿੱਖ ਸਕਦਾ ਹੈ। ਆਪਣੇ ਭਾਸ਼ਣ ਰਾਹੀਂ ਸੁਖਦੇਵ ਫਗਵਾੜਾ ਨੇ ਦੱਸਿਆ ਕਿ ਭੂਤ, ਪ੍ਰੇਤ ਅਤੇ ਘਰਾਂ ਅੰਦਰ ਵਾਪਰਦੀਆਂ ਗੈਰ ਵਿਗਿਆਨਕ ਘਟਨਾਵਾਂ ਮਗਰ ਕਿਸੇ ਗੈਬੀ ਸ਼ਕਤੀ ਦਾ ਹੱਥ ਨਹੀਂ ਸਗੋਂ ਕਿਸੇ ਵਿਅਕਤੀ ਦੀ ਚਲਾਕੀ ਹੁੰਦੀ ਹੈ। ਪ੍ਰੋਗਰਾਮ ਤੋਂ ਬਾਅਦ ਕਿਤਾਬਾਂ ਦੀ ਸਟਾਲ ਲਗਾਈ ਗਈ। ਪ੍ਰੋਗਰਾਮ ਦੌਰਾਨ ਸਕੂਲ ਦੇ ਸਟਾਫ ਮੈਂਬਰਾਨ ਮਨਜੀਤਪਾਲ ਸਿੰਘ, ਸੁਰਿੰਦਰ ਵਸਿਸ਼ਟ, ਸੁਖਵਿੰਦਰ ਸਿੰਘ, ਮੈਡਮ ਊਸ਼ਾ ਰਾਣੀ, ਮੈਡਮ ਨੀਲਮ ਕੌਰ, ਜਗਤਾਰ ਸਿੰਘ ਅਤੇ ਮਿਸ ਲਵਲੀ ਭੱਲਾ ਆਦਿ ਨੇ ਹਾਜ਼ਰ ਹੋ ਕੇ ਵਿਸ਼ੇਸ ਯੋਗਦਾਨ ਪਾਇਆ।

2) **ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੌਲੀ** :- ਉਪਰੋਕਤ ਟੀਮ ਨੇ ਇਸ ਸਕੂਲ ਵਿੱਚ ਸ੍ਰੀ ਵਰਿੰਦਰ ਮੋਹਣ ਜੀ ਦੀ ਅਗਵਾਈ ਹੇਠ ਜਾਦੂ ਟ੍ਰਿਕ ਪੇਸ਼ ਕੀਤੇ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਲੈਕਚਰਾਰ ਸ੍ਰੀ ਭਗਤ ਰਾਮ ਜੀ ਨੇ ਨਿਭਾਈ। ਸਮੁੱਚੇ ਪ੍ਰੋਗਰਾਮ ਦੌਰਾਨ ਸਕੂਲ ਦੇ ਸਾਰੇ ਸਟਾਫ ਮੈਂਬਰ ਸਰਵ ਸ੍ਰੀ ਜੁਗਿੰਦਰਪਾਲ, ਅਸ਼ਵਨੀ ਭਾਟੀਆ, ਸਰਬਜੀਤ ਕੁਮਾਰ, ਸੁਭਾਸ਼ ਚੰਦ, ਸ੍ਰੀਮਤੀ ਬਲਵਿੰਦਰ ਕੌਰ, ਸ੍ਰੀਮਤੀ ਰੀਤੂ ਗੁਪਤਾ, ਸ੍ਰੀਮਤੀ ਭੁਪਿੰਦਰ ਕੌਰ, ਪ੍ਰਵੀਨ ਕੁਮਾਰੀ ਅਤੇ ਸ੍ਰੀਮਤੀ ਕੁਲਵਿੰਦਰ ਕੌਰ ਵਿਸ਼ੇਸ ਤੌਰ 'ਤੇ ਹਾਜ਼ਰ ਰਹੇ। ਪ੍ਰੋਗਰਾਮ ਦੀ ਸਮਾਪਤੀ ਸਮੇਂ ਕਿਤਾਬਾਂ ਦੀ ਸਟਾਲ ਵੀ ਲਗਾਈ ਗਈ।

3) **ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਾਣੋ ਕੀ** :- ਪ੍ਰਿੰਸੀਪਲ ਸ੍ਰੀ ਮਨਜੀਤ ਸਿੰਘ ਜੀ ਦੀ ਨਿਗਰਾਨੀ ਹੇਠ ਇਸ ਸਕੂਲ ਵਿੱਚ ਤਰਕਸ਼ੀਲ ਸੁਸਾਇਟੀ ਦੇ ਉਪਰੋਕਤ ਟੀਮ ਮੈਂਬਰਾਂ ਨੇ ਜਾਦੂ ਦੇ ਟ੍ਰਿਕ ਦਿਖਾ ਕੇ ਜਾਦੂ ਦੀ ਕਲਾ ਬਾਰੇ ਜਾਣਕਾਰੀ ਦਿੱਤੀ ਅਤੇ ਆਪਣੇ ਭਾਸ਼ਣ ਰਾਹੀਂ ਵਿਗਿਆਨਕ ਸੋਚ ਅਪਣਾਉਣ ਦਾ ਸੱਦਾ ਦਿੱਤਾ। ਪ੍ਰੋਗਰਾਮ ਦੌਰਾਨ ਸ੍ਰੀ ਗੁਰਮੇਲ ਸਿੰਘ, ਭਾਰਤ ਭੂਸ਼ਣ, ਸ੍ਰੀਮਤੀ ਹਰਿੰਦਰ ਕੌਰ, ਅਮਰਜੀਤ ਕੌਰ, ਸ਼ਮਾਂ ਖੋਸਲਾ ਅਤੇ ਸੀਮਾ ਆਦਿ ਸਟਾਫ ਮੈਂਬਰਾਂ ਨੇ ਹਾਜ਼ਰੀ ਲਗਵਾਈ।

4) **ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਗਤਪੁਰ ਜੱਟਾਂ** :- ਸੁਖਦੇਵ ਫਗਵਾੜਾ, ਸੁਰਿੰਦਰ ਪੱਟੀ ਅਤੇ ਹੈਡ ਮਾਸਟਰ ਗਿਆਨ ਚੰਦ ਦੀ ਟੀਮ ਨੇ ਪ੍ਰਿੰਸੀਪਲ ਸ੍ਰੀ ਗੁਰਮੀਤ ਰਾਮ ਜੀ ਦੀ ਨਿਗਰਾਨੀ ਹੇਠ ਪ੍ਰੋਗਰਾਮ ਪੇਸ਼ ਕੀਤਾ ਜਿਸ ਵਿੱਚ ਜਾਦੂ ਦੇ ਟ੍ਰਿਕਾਂ ਰਾਹੀਂ ਜਾਦੂ ਬਾਰੇ ਪਾਏ ਜਾਂਦੇ ਭਰਮ-ਭੁਲੇਖੇ ਦੂਰ ਕੀਤੇ ਗਏ। ਸੁਖਦੇਵ ਫਗਵਾੜਾ ਜ਼ੋਨ ਆਗੂ ਨੇ ਸੰਬੋਧਨ ਕੀਤਾ। ਪ੍ਰੋਗਰਾਮ ਦੀ ਸਫਲਤਾ ਲਈ ਸਟਾਫ ਦੇ ਮੈਂਬਰ ਲੈਕਚਰਾਰ ਹਰਭਜਨ ਸਿੰਘ, ਸ੍ਰੀਮਤੀ ਕਮਲੇਸ਼ ਕੁਮਾਰੀ, ਸ੍ਰੀਮਤੀ ਊਸ਼ਾ ਰਾਣੀ, ਸ੍ਰੀ ਸੰਤੋਖ ਸਿੰਘ ਸਾਇੰਸ ਮਾਸਟਰ, ਸ੍ਰੀ ਗਿਆਨ ਸਿੰਘ, ਜਸਵਿੰਦਰ ਸਿੰਘ, ਸ੍ਰੀਮਤੀ ਕਮਲਦੀਪ ਕੌਰ, ਸ੍ਰੀ ਰਮਨ ਕੁਮਾਰ, ਸ੍ਰੀ ਰਣਜੀਤ ਸਿੰਘ, ਸ੍ਰੀ ਗੁਰਮੀਤ ਸਿੰਘ, ਸ੍ਰੀ ਰੁਪਿੰਦਰ ਸਿੰਘ, ਮੈਡਮ ਗੀਤਾ ਰਾਣੀ ਅਤੇ ਮੈਡਮ ਜਮਨਦੀਪ ਵਿਸ਼ੇਸ ਤੌਰ 'ਤੇ ਹਾਜ਼ਰ ਸਨ।

5) **ਸਰਕਾਰੀ ਹਾਈ ਸਕੂਲ ਮੇਹਣਾਂ** :- ਤਰਕਸ਼ੀਲ ਸੁਸਾਇਟੀ ਪੰਜਾਬ ਫਗਵਾੜਾ ਦੀ ਟੀਮ ਮੈਂਬਰ ਸੁਖਦੇਵ ਫਗਵਾੜਾ, ਸੁਰਿੰਦਰ ਪੱਟੀ ਅਤੇ ਚਰਨ ਦਾਸ ਵੱਲੋਂ ਇਸ ਸਕੂਲ ਵਿੱਚ ਸ੍ਰੀਮਤੀ ਕਮਲੇਸ਼ ਪੱਬੀ ਮੁੱਖ ਅਧਿਆਪਕਾ ਜੀ ਦੀ ਨਿਗਰਾਨੀ ਹੇਠ ਵਿਦਿਆਰਥੀਆਂ ਵਿੱਚ ਵਹਿਮ-ਭਰਮ ਤੇ ਅੰਧਵਿਸ਼ਵਾਸਾਂ ਨੂੰ ਦੂਰ ਕਰਨ ਲਈ ਵਿਗਿਆਨਕ ਵਿਚਾਰਾਂ 'ਤੇ ਅਧਾਰਤ ਪ੍ਰੋਗਰਾਮ ਪੇਸ਼ ਕੀਤਾ ਗਿਆ। ਸ੍ਰੀ ਸੁਰਿੰਦਰ ਪੱਟੀ ਜੀ ਨੇ ਜਾਦੂ ਦੇ ਟ੍ਰਿਕ ਪੇਸ਼ ਕੀਤੇ। ਸਟੇਜ ਸੰਚਾਲਨ ਦਾ ਕੰਮ ਸਾਇੰਸ ਮਾਸਟਰ ਸ੍ਰੀ ਗੁਰਮੀਤ ਸਿੰਘ ਜੀ ਨੇ ਖੂਬਸੂਰਤ ਢੰਗ ਨਾਲ ਨਿਭਾਇਆ। ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਕੂਲ ਸਟਾਫ ਸਰਵ ਸ੍ਰੀ ਜਗਜੀਤ ਸਿੰਘ, ਗੁਰਵਿੰਦਰ ਸਿੰਘ, ਅਮਰਦੀਪ ਸਿੰਘ, ਜੋਗਿੰਦਰਪਾਲ, ਜਸਵਿੰਦਰ ਕੌਰ, ਰਾਕੇਸ਼ ਕੁਮਾਰ, ਮਨੀਸ਼ ਚੰਦਰ, ਹਰਭਜਨ ਸਿੰਘ, ਰਸ਼ਮੀ, ਰਵਿੰਦਰਜੀਤ ਕੌਰ, ਕਰੁਣਾ, ਮਮਤਾ ਰਾਣੀ ਅਤੇ ਸੁਨੀਤਾ ਦੇਵੀ ਗਿੱਲ ਆਦਿ ਸ਼ਾਮਲ ਹੋਏ।

6) **ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਠੌਲੀ** :- ਤਰਕਸ਼ੀਲ

ਸੁਸਾਇਟੀ ਫਗਵਾੜਾ ਦੀ ਉਕਤ ਟੀਮ ਮੈਂਬਰਾਂ ਨੇ ਇਸ ਸਕੂਲ ਵਿੱਚ ਪ੍ਰਿੰਸੀਪਲ ਸ੍ਰੀ ਸਤਪਾਲ ਸੋਢੀ ਜੀ ਦੀ ਆਗਿਆ ਨਾਲ ਤਰਕਸ਼ੀਲ ਪ੍ਰੋਗਰਾਮ ਦਿੱਤਾ । ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਜਾਦੂ ਦੇ ਟ੍ਰਿੱਕਾਂ ਰਾਹੀਂ ਵਿਦਿਆਰਥੀਆਂ ਵਿੱਚ ਰੌਚਿਕਤਾ ਪੈਦਾ ਕਰਕੇ ਜਾਦੂ ਬਾਰੇ ਭਰਮ-ਭੁਲੇਖਿਆਂ ਦਾ ਪਰਦਾਫ਼ਾਸ ਕੀਤਾ । ਜ਼ੋਨ ਆਗੂ ਮਾਸਟਰ ਸੁਖਦੇਵ ਫਗਵਾੜਾ ਨੇ ਸੰਬੋਧਨ ਕੀਤਾ । ਪ੍ਰੋਗਰਾਮ ਦੌਰਾਨ ਸਕੂਲ ਸਟਾਫ ਮੈਂਬਰ ਸ੍ਰੀ ਜੀਵਨ ਕੁਮਾਰ, ਮਾਨ ਸਿੰਘ, ਰਵੀਇੰਦਰ ਕੁਮਾਰ, ਨਰੇਸ਼ ਕੁਮਾਰ, ਕੁਲਦੀਪ ਕੁਮਾਰ, ਜਗਤਾਰ ਸਿੰਘ, ਮੰਗਲ ਸੈਨ, ਮੈਡਮ ਆਦਰਸ਼ ਬਾਲਾ, ਮੈਡਮ ਵੀਨਾ ਕੁਮਾਰੀ, ਮੈਡਮ ਮਿਨਾਕਸ਼ੀ, ਮੈਡਮ ਕੁਲਵਿੰਦਰ ਕੌਰ, ਮੈਡਮ ਅਨੀਤਾ, ਤਨਵੀਰ ਕੌਰ ਅਤੇ ਸ੍ਰੀਮਤੀ ਜਸਵਿੰਦਰ ਕੌਰ ਆਦਿ ਹਾਜ਼ਰ ਸਨ ।

7) **ਸਰਕਾਰੀ ਹਾਈ ਸਕੂਲ ਚੱਕ ਪ੍ਰੇਮਾਂ** :- ਮੈਡਮ ਸੁਦੇਸ਼ ਸ਼ਰਮਾਂ ਹੈਡ ਮਿਸਟ੍ਰੈਸ ਜੀ ਦੀ ਅਗਵਾਈ ਅਧੀਨ ਇਸ ਸਕੂਲ ਵਿਖੇ ਤਰਕਸ਼ੀਲ ਸੁਸਾਇਟੀ ਫਗਵਾੜਾ ਵੱਲੋਂ ਮਾ. ਸੁਖਦੇਵ ਫਗਵਾੜਾ, ਸੁਰਿੰਦਰਪਾਲ ਅਤੇ ਸ੍ਰੀ ਮਹਿੰਦਰ ਸੋਢੀ ਬੈਂਕ ਮੈਨੇਜਰ ਦੀ ਟੀਮ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਸਕੂਲ ਸਟਾਫ ਸਰਵ ਸ੍ਰੀ ਪਰਮਜੀਤ ਕੁਮਾਰ, ਰਾਮ ਗੋਪਾਲ, ਸ੍ਰੀਮਤੀ ਬਲਵੀਰ ਕਰ, ਕਰਮਜੀਤ ਸਿੰਘ ਅਤੇ ਸ੍ਰੀ ਵਰਿੰਦਰ ਕੰਬੋਜ਼ ਆਦਿ ਨੇ ਪੂਰਨ ਸਹਿਯੋਗ ਦਿੱਤਾ । ਪ੍ਰੋਗਰਾਮ ਦਾ ਸੰਚਾਲਨ ਸ੍ਰੀ ਕਰਮਜੀਤ ਸਿੰਘ ਨੇ ਬਾਖੂਬੀ ਨਿਭਾਇਆ ।

8) **ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੱਖਪੁਰ** :- ਪ੍ਰਿੰਸੀਪਲ ਸ੍ਰੀ ਰਾਮ ਕ੍ਰਿਸ਼ਨ ਜੀ ਦੀ ਨਿਗਰਾਨੀ ਹੇਠ ਪ੍ਰਿੰਸੀਪਲ ਸਾਹਿਬ ਦੇ ਵਿਸ਼ੇਸ ਸੱਦੇ 'ਤੇ ਇਸ ਸਕੂਲ ਵਿੱਚ ਤਰਕਸ਼ੀਲ ਸੁਸਾਇਟੀ ਦੀ ਉਪਰੋਕਤ ਟੀਮ ਨੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕਰਦਿਆਂ ਜਾਦੂ ਦੇ ਟ੍ਰਿੱਕਾਂ ਦੀ ਪੇਸ਼ਕਾਰੀ ਕੀਤੀ ਅਤੇ ਭਾਸ਼ਣ ਦੌਰਾਨ ਸੁਸਾਇਟੀ ਆਗੂਆਂ ਨੇ ਅਖੌਤੀ ਭੂਤ-ਪ੍ਰੇਤਾਂ, ਜਾਦੂ-ਟੂਣਿਆਂ ਅਤੇ ਤਾਂਤਰਿਕਾਂ ਦੇ ਚੱਕਰ ਵਿੱਚੋਂ ਨਿਕਲ ਕੇ ਸਮਾਜ ਦੇ ਸਭ ਮਸਲਿਆਂ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਅਤੇ ਖੋਜੀ ਵਿਰਤੀ ਅਨੁਸਾਰ ਹੱਲ ਕਰਕੇ ਚੰਗਾ ਸਮਾਜ ਸਿਰਜਣ ਦਾ ਸੱਦਾ ਦਿੱਤਾ ।

**- ਸੁਖਦੇਵ ਫਗਵਾੜਾ**

**ਜਲੰਧਰ ਜ਼ੋਨ ਦੀਆਂ ਸਰਗਰਮੀਆਂ:**

**ਇਕਾਈ ਭੂੰਗਾ ਅਤੇ ਬੁਲੋਵਾਲ ਦੀ ਵਰਕਸ਼ਾਪ** :- ਮਿਤੀ : 6/6/15 ਨੂੰ ਹਰਿਆਣਾ ਵਿਖੇ ਦੋਨ੍ਹਾਂ ਇਕਾਈਆਂ ਦੇ 22 ਮੈਂਬਰਾਂ ਦੀ ਵਰਕਸ਼ਾਪ ਲਗਾਈ ਗਈ ਜਿਸ ਵਿੱਚ ਸੁਸਾਇਟੀ ਦੇ ਕੰਮਕਾਜ ਨੂੰ ਸਿਧਾਂਤਕ ਰੂਪ ਵਿੱਚ ਅੱਗੇ ਵਧਾਉਣ ਲਈ ਸੁਸਾਇਟੀ ਦੀ ਸਮਝ, ਉਦੇਸ਼ ਅਤੇ ਕੰਮ ਦੀ ਜਰੂਰਤ ਵਰਗੇ ਮੁੱਦਿਆਂ 'ਤੇ ਹਾਜ਼ਰ ਮੈਂਬਰਾਂ ਨੇ ਵਿਸਥਾਰ ਪੂਰਵਕ ਚਰਚਾ ਵਿੱਚ ਹਿੱਸਾ ਲਿਆ ।ਆਖਰ ਵਿੱਚ ਜ਼ੋਨ ਮੁਖੀ ਸੁਖਦੇਵ ਫਗਵਾੜਾ ਨੇ ਮੈਗਜ਼ੀਨ 'ਤਰਕਸ਼ੀਲ' ਦੀ ਗਿਣਤੀ ਵਧਾਉਣ ਅਤੇ ਸੁਸਾਇਟੀ ਦੇ ਕੰਮ ਵਿੱਚ ਤੇਜ਼ੀ ਲਿਆਉਣ ਲਈ ਸਧਾਰਨ ਲੋਕਾਂ ਨਾਲ ਰਾਬਤਾ ਕਰਨ ਅਤੇ ਲੋਕ ਮਸਲਿਆਂ ਨੂੰ ਹੱਥ ਵਿੱਚ ਲੈ ਕੇ ਸਰਗਰਮੀਆਂ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ।ਇਸ ਵਰਕਸ਼ਾਪ ਵਿੱਚ ਅਸ਼ੋਕ ਨੰਦਨ, ਮਾ. ਮਦਨ ਲਾਲ, ਸੁਰਿੰਦਰ ਬਿੱਟੂ, ਬਲਵਿੰਦਰ ਸਿੰਘ, ਜਸਵੰਤ ਸਿੰਘ, ਦਲਜੀਤ ਸਿੰਘ, ਮਨਜੋਤ ਸਿੰਘ, ਸੁਖਜੀਤ ਸਿੰਘ, ਸੁਖਵੀਰ ਸਿੰਘ, ਸੰਦੀਪ ਸਿੰਘ, ਸੰਤੋਖ ਸਿੰਘ, ਸੰਜੀਵ ਕੁਮਾਰ, ਗੁਰਪਾਲ ਸਿੰਘ, ਦਲਜੀਤ ਸਿੰਘ, ਰਾਮ ਲੁਭਾਇਆ, ਦਿਲਰਾਜ ਕੁਮਾਰ, ਭੁਪਿੰਦਰ ਸਿੰਘ, ਧਰਮਿੰਦਰ ਸਿੰਘ, ਅਮਰੀਕ ਸਿੰਘ ਹਰਮੇਲ ਸਿੰਘ ਅਤੇ ਇਕਬਾਲ ਸਿੰਘ ਆਦਿ ਹਾਜ਼ਰ ਸਨ ।

**ਇਕਾਈ ਫਗਵਾੜਾ ਅਤੇ ਜਲੰਧਰ** :- ਮਿਤੀ : 26/7/2015 ਨੂੰ ਦੋਨ੍ਹਾਂ ਇਕਾਈਆਂ ਦੇ ਮੈਂਬਰਾਂ ਦੀ ਵਰਕਸ਼ਾਪ ਫਗਵਾੜਾ ਵਿਖੇ ਲਗਾਈ ਵਰਕਸ਼ਾਪ ਵਿੱਚ ਤਰਕਸ਼ੀਲ ਸੁਸਾਇਟੀ ਦੀ ਵਿਚਾਰਧਾਰਾ, ਉਦੇਸ਼ ਅਤੇ ਮਹੱਤਵ ਵਿਸ਼ੇ 'ਤੇ ਵੱਖ-ਵੱਖ ਮੈਂਬਰਾਂ ਨੇ ਆਪਣੇ ਵਿਚਾਰ ਰੱਖੇ ।ਸਾਥੀ ਜਸਵਿੰਦਰ ਫਗਵਾੜਾ ਨੇ ਸੁਸਾਇਟੀ ਦੀ ਵਿਚਾਰਧਾਰਾ ਨੂੰ ਜਮਾਤੀ ਦ੍ਰਿਸ਼ਟੀਕੋਣ ਤੋਂ ਦੇਖਣ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਤੇਜ਼ੀ ਨਾਲ ਵਧ ਰਹੇ ਫ਼ਾਸੀਵਾਦ ਦਾ ਮੁਕਾਬਲਾ ਕਰਨ ਲਈ ਸੁਸਾਇਟੀ ਦੇ ਕੰਮ ਨੂੰ ਜ਼ੋਰਦਾਰ ਢੰਗ ਨਾਲ ਕਰਨ ਅਤੇ ਲੋਕਾਂ ਨਾਲ ਸਾਂਝ ਨੂੰ ਮਜਬੂਤ ਕਰਨ ਦੀ ਪ੍ਰੇਰਣਾ ਦਿੱਤੀ ।ਜ਼ੋਨ ਆਗੂ ਸੁਖਦੇਵ ਫਗਵਾੜਾ ਨੇ ਆਏ ਮੈਂਬਰਾਂ ਨੂੰ ਸੁਸਾਇਟੀ ਦੇ ਕੰਮ ਨੂੰ ਸਮੱਰਪਣ ਦੀ ਭਾਵਨਾ ਅਤੇ ਇਮਾਨਦਾਰੀ ਨਾਲ ਕਰਨ ਲਈ ਭਰਪੂਰ ਯਤਨ ਕਰਦਿਆਂ ਲੋਕ ਮਸਲਿਆਂ ਵਿੱਚ ਦਖਲਅੰਦਾਜ਼ੀ ਕਰਕੇ ਲੋਕਾਂ ਨਾਲ ਸਾਂਝ ਪਾਉਣ ਦੀ ਪ੍ਰੇਰਣਾ ਦਿੱਤੀ ।ਵਰਕਸ਼ਾਪ ਵਿੱਚ ਹੈਡ ਮਾਸਟਰ ਗਿਆਨ ਚੰਦ, ਪਰਮਜੀਤ ਸਿੰਘ, ਜਸਵਿੰਦਰ ਸਿੰਘ, ਪਰਮਜੀਤ ਜਲੰਧਰ, ਹਰਜੀਤ ਸਿੰਘ, ਰਾਜੂ ਸੋਨੀ, ਵਿਜੈ ਰਾਹੀ, ਜਰਨੈਲ ਸਿੰਘ ਡਿਪਟੀ ਡੀ.ਈ.ਓ., ਵਿਸ਼ਵਾ ਮਿੱਤਰ ਵੰਮੀ, ਕਮਲਜੀਤ ਡਾ., ਮਨੋਜ਼ ਕੁਮਾਰ, ਬਲਕਾਰ ਸਿੰਘ, ਮਹਿੰਦਰ ਸਿੰਘ, ਸੁਰਿੰਦਰ ਪਾਲ ਦੁਸਾਂਝ, ਸੁਰਿੰਦਰ ਪਾਲ ਪੱਟੀ, ਜਗਤਾਰ ਸਿੰਘ, ਸਨੀ ਕੁਮਾਰ, ਵਿਜੈ ਕੁਮਾਰ, ਗੁਰਪ੍ਰੀਤ, ਨਿਰੰਜਨ ਲਵਲੀ, ਐਡਵੋਕੇਟ ਗਣੇਸ਼ ਕੁਮਾਰ ਆਦਿ ਸ਼ਾਮਲ ਸਨ ।

**- ਸੁਖਦੇਵ ਫਗਵਾੜਾ**

# ਤਰਕਸ਼ੀਲ ਸਾਹਿਤ ਵੈਨ ਦਾ ਸਫਰ

3-4 **ਜੁਲਾਈ** : ਇਕਾਈ ਗੋਬਿੰਦਗੜ੍ਹ : ਵੱਲੋਂ ਸ.ਸ.ਸ.ਸ. (ਲੜਕੇ) ਗੋਬਿੰਦਗੜ੍ਹ, ਡਡਹੇੜੀ, ਲੜਕੀਆਂ ਗੋਬਿੰਦਗੜ੍ਹ, ਹਰਬੰਸਪੁਰਾ ਆਦਿ ਸਕੂਲਾਂ ਵਿੱਚ ਤਰਕਸ਼ੀਲ ਵੈਨ ਦੀ ਆਮਦ ਤੇ ਵਿਗਿਆਨ ਵਰਧਕ ਪ੍ਰੋਗਰਾਮ ਪੇਸ਼ ਕੀਤੇ ਗਏ। ਮਾਸਟਰ ਜਰਨੈਲ ਸਿੰਘ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਸੂਬਾ ਆਗੂ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ ਅਤੇ ਜਸਵੀਰ ਸੋਨੀ ਨੇ ਜਾਦੂ ਦੇ ਟ੍ਰਿਕ ਵਿਖਾਏ। ਵੈਨ ਗੋਬਿੰਦਗੜ੍ਹ ਮੇਨ ਬਾਜ਼ਾਰ ਵਿੱਚ ਵੀ ਲਗਾਈ ਗਈ। ਇਹਨਾਂ ਪ੍ਰੋਗਰਾਮਾਂ ਦੀ ਸਫਲਤਾ ਵਿੱਚ ਸਮਸ਼ੇਰ ਮਲਿਕ, ਜਸਦੇਵ ਸਿੰਘ, ਬਲਦੇਵ ਸਿੰਘ ਬਿੱਟੂ, ਹਰਿੰਦਰ ਸਿੰਘ ਗਰਚਾ, ਵਿਕਰਮ ਸਿੰਘ, ਜਸਵੀਰ ਸਿੰਘ, ਕਾਮਰੇਡ ਬਲਬੀਰ ਸਿੰਘ, ਮਾਸਟਰ ਕਰਨੈਲ ਸਿੰਘ, ਗੁਰਮਿੰਦਰ ਸਿੰਘ, ਲਖਵੀਰ ਸਿੰਘ, ਰਸਪਾਲ ਸਿੰਘ, ਪ੍ਰਿਤਪਾਲ ਸਿੰਘ, ਹਰਦੀਪ ਸਿੰਘ, ਅਨਿਲ ਕੁਮਾਰ, ਗੁਰਮੁਖ ਸਿੰਘ, ਲਵਪ੍ਰੀਤ ਸਨੀ ਨੇ ਭਰਪੂਰ ਸਹਿਯੋਗ ਦਿੱਤਾ।

**ਇਕਾਈ ਸਰਹੰਦ** : 4 ਜੁਲਾਈ ਦੀ ਸ਼ਾਮ ਨੂੰ ਇਸ ਇਕਾਈ ਵੱਲੋਂ ਵੈਨ ਸਮੇਤ ਅਮਨ ਕਲੋਨੀ ਵਿਖੇ ਪ੍ਰੋਗਰਾਮ ਪੇਸ਼ ਕੀਤਾ ਗਿਆ।

5 ਜੁਲਾਈ ਨੂੰ ਵੈਨ ਫਤਿਹਗੜ੍ਹ ਗੁਰਦੁਵਾਰੇ ਕੋਲ ਅਤੇ ਫੁਹਾਰਾ ਚੌਂਕ ਵਿਖੇ ਲਗਾਈ ਗਈ। 6 ਜੁਲਾਈ ਨੂੰ ਸ.ਸ.ਸ. ਸਕੂਲ ਫਤਿਹਗੜ੍ਹ, ਕੋਟਲਾ ਬਜਵਾੜਾ ਸਕੂਲਾਂ ਵਿੱਚ ਪ੍ਰੋਗਰਾਮ ਪੇਸ਼ ਕੀਤੇ ਗਏ। ਜਿਹਨਾਂ ਨੂੰ ਜਸਵੀਰ ਸੋਨੀ ਨੇ ਸੰਬੋਧਨ ਕੀਤਾ। ਰਣਜੀਤ ਭਦੌੜ ਨੇ ਵੈਨ ਡਿਊਟੀ ਨਿਭਾਈ। ਜਥੇਬੰਦਕ ਮੁਖੀ ਹਰਚੰਦ ਸਿੰਘ, ਮਾਸਟਰ ਹਰਜੀਤ ਸਿੰਘ, ਬਲਦੇਵ ਜਲਾਲ, ਬਹਾਦਰ ਜਲਾਲ, ਪਰਵਿੰਦਰ ਤਰਖਾਣ ਮਾਜਰਾ, ਲੈਕਚਰਾਰ ਹਰਜੀਤ ਕੌਰ, ਮੀਡੀਆ ਮੁਖੀ ਜਗਜੀਤ ਸਿੰਘ, ਡਾ. ਦੀਦਾਰ ਸਿੰਘ, ਮਨਦੀਪ ਸਿੰਘ ਮਾਜਰੀ, ਸੰਦੀਪ ਸਿੰਘ, ਗੁਰਸੇਵਕ ਸਾਨੀਪੁਰ ਦਾ ਪੂਰਾ ਸਹਿਯੋਗ ਰਿਹਾ।

7-8 **ਜੁਲਾਈ** : ਇਕਾਈ ਬਸੀ ਪਠਾਣਾ : ਸ.ਸ.ਸ. ਸਕੂਲ, ਘੁਮੰਡਗੜ੍ਹ, ਸੰਤ ਹਰਨਾਮ ਸਿੰਘ ਪਬਲਿਕ ਹਾਈ ਸਕੂਲ ਰਸੂਲਪੁਰ, ਸ.ਸ.ਸ.ਸ. ਨਦਾਨਾ, ਮੁਸਤਾਬਾਦ ਵਿਖੇ ਵੈਨ ਦੀ ਆਮਦ ਤੇ ਇਕਾਈ ਨੇ ਪ੍ਰੋਗਰਾਮ ਕਰਵਾਏ। ਜਿੰਨਾਂ ਵਿੱਚ ਸੰਦੀਪ ਸਿੰਘ ਨੇ ਬੱਚਿਆਂ ਨੂੰ ਸੰਬੋਧਨ ਕੀਤਾ, ਜਸਵੀਰ ਸੋਨੀ ਨੇ ਜਾਦੂ ਦੇ ਟ੍ਰਿਕ ਵਿਖਾਏ। ਵੈਨ ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਅੱਗੇ ਵੀ ਲਗਾਈ ਗਈ। ਪ੍ਰੋਗਰਾਮਾਂ ਦੀ ਸਫਲਤਾ ਵਿੱਚ ਮਾਸਟਰ ਕਰਨੈਲ ਸਿੰਘ, ਮਾਸਟਰ ਕੁਲਦੀਪ ਸਿੰਘ ਦਰਦੀ ਦਾ ਪੂਰਨ ਸਹਿਯੋਗ ਰਿਹਾ। ਰਣਜੀਤ ਭਦੌੜ ਨੇ ਵੈਨ ਡਿਊਟੀ ਨਿਭਾਈ।

**ਇਕਾਈ ਸੰਘੋਲ** : 8 ਜੁਲਾਈ ਸ਼ਾਮ ਨੂੰ ਪਿੰਡ ਧੁੰਦਾ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ। 9 ਜੁਲਾਈ ਨੂੰ ਸ.ਸ.ਸ.ਸ. (ਲੜਕੀਆਂ) ਸੰਘੋਲ, ਲੜਕੇ ਸੰਘੋਲ, ਸ.ਹ.ਸ. ਲੁਹਾਰਮਾਜਰਾ, 10 ਜੁਲਾਈ ਨੂੰ ਗੁਰੂ ਨਾਨਕ ਪਬਲਿਕ ਸਕੂਲ ਖੰਟ, ਜੀ.ਟੀ.ਬੀ. ਸਕੂਲ ਖੰਟ ਵਿਖੇ ਪ੍ਰੋਗਰਾਮ ਕੀਤੇ ਗਏ ਜਿਹਨਾਂ ਨੂੰ ਸੂਬਾਈ ਆਗੂ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਜਸਵੀਰ ਸੋਨੀ ਨੇ ਜਾਦੂ ਦੇ ਟ੍ਰਿਕ ਵਿਖਾਏ। ਪ੍ਰੋਗਰਾਮਾਂ ਦੀ ਕਾਮਯਾਬੀ ਵਿੱਚ ਨਵਤੇਜ ਧੁੰਦਾ, ਅਨਵਰ ਅਲੀ, ਕਮਲ ਸੁਹਾਵੀ, ਡਾ. ਰਾਮ ਆਸਰਾ, ਨੰਬਰਦਾਰ ਰਜਿੰਦਰ ਰਾਜਾ, ਕਮਲਜੀਤ ਸਿੰਘ, ਅਸ਼ੋਕ ਕੁਮਾਰ, ਲੇਖ ਰਾਜ ਲੱਖੀ, ਜਸਵਿੰਦਰ ਪੱਪੀ, ਵਰਿੰਦਰ ਪੁਰੀ, ਨਰਿੰਦਰ ਖੰਟ, ਜਸ਼ਨਦੀਪ ਖੰਟ ਆਦਿ ਦਾ ਪੂਰਾ ਸਹਿਯੋਗ ਰਿਹਾ। ਪਿੰਡ ਮਹੇਸ਼ਪੁਰਾ ਵਿਖੇ ਵੀ ਪ੍ਰੋਗਰਾਮ ਪੇਸ਼ ਕੀਤਾ ਗਿਆ। ਵੈਨ ਡਿਊਟੀ ਰਣਜੀਤ ਭਦੌੜ ਨੇ ਨਿਭਾਈ। ਲਿਟਲ ਏਜਰ ਪਬਲਿਕ ਹਾਈ ਸਕੂਲ, ਸੰਘੋਲ ਵਿਖੇ ਵੀ ਪ੍ਰੋਗਰਾਮ ਪੇਸ਼ ਕੀਤਾ ਗਿਆ।

11 **ਜੁਲਾਈ** : ਇਕਾਈ ਰੋਪੜ : ਵੈਨ ਰੋਪੜ ਦੇ ਬੇਲਾ ਚੌਂਕ ਵਿਖੇ ਲਾਈ ਗਈ। ਜਸਵੀਰ ਸੋਨੀ, ਰਣਜੀਤ ਭਦੌੜ ਨੇ ਵੈਨ ਡਿਊਟੀ ਨਿਭਾਈ। ਅਜੀਤ ਪ੍ਰਦੇਸੀ, ਪਵਨ ਕੁਮਾਰ ਰੱਤੋ, ਕਰਨੈਲ ਸਿੰਘ ਦਾ ਪੂਰਨ ਸਹਿਯੋਗ ਰਿਹਾ।

**ਇਕਾਈ ਨੰਗਲ ਡੈਮ** : 12 ਜੁਲਾਈ ਨੂੰ ਨੰਗਲ ਦੇ ਵੱਖ ਵੱਖ ਸਥਾਨਾਂ ਤੇ ਵੈਨ ਲਗਾਈ ਗਈ। 13 ਜੁਲਾਈ ਨੂੰ ਸ.ਸ.ਸ.ਸ. ਪਿਯੋਰ ਸਾਹਿਬ, ਸ.ਸ.ਸ.ਸ. ਦਸਗਰਾਈ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤੇ ਗਏ। ਜਸਵੀਰ ਸੋਨੀ ਨੇ ਜਾਦੂ ਦੇ ਟ੍ਰਿਕ ਵਿਖਾਉਣ ਦੇ ਨਾਲ-ਨਾਲ ਸੰਬੋਧਨ ਵੀ ਕੀਤਾ। ਦਸਗਰਾਈ ਵਿਖੇ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਪ੍ਰੋਗਰਾਮਾਂ ਦੀ ਸਫਲਤਾ ਵਿੱਚ ਇਕਾਈ ਆਗੂ ਹਰਨੇਕ ਸਿੰਘ, ਮਾਸਟਰ ਗੁਰਨਾਮ ਸਿੰਘ, ਬਹਾਦਰ ਸਿੰਘ, ਰਾਮਪਾਲ ਪਾਲੀ, ਕੁਲਦੀਪ ਚੰਦ ਆਦਿ ਦਾ ਪੂਰਾ ਸਹਿਯੋਗ ਰਿਹਾ।

**ਇਕਾਈ ਲੌਂਗੋਵਾਲ** : 20-21 ਜੁਲਾਈ : ਵੈਨ ਦੀ ਆਮਦ ਤੇ ਸ.ਸ.ਸ.ਸ. (ਲੜਕੇ), ਲੜਕੀਆਂ ਲੌਂਗੋਵਾਲ, ਬੀਬੀ ਭਾਨੀ ਪਬਲਿਕ ਸਕੂਲ ਲੌਂਗੋਵਾਲ ਅਤੇ ਆਸ਼ੀਰਵਾਦ ਡੇ ਬੋਰਡਿੰਗ ਪਬਲਿਕ ਸਕੂਲ, ਝਾੜੋਂ ਵਿਖੇ ਪ੍ਰੋਗਰਾਮ ਪੇਸ਼ ਕੀਤੇ ਗਏ। ਇਹਨਾਂ ਪ੍ਰੋਗਰਾਮਾਂ ਨੂੰ ਸੂਬਾਈ ਆਗੂ ਰਜਿੰਦਰ ਭਦੌੜ, ਬਲਬੀਰ ਚੰਦ ਲੌਂਗੋਵਾਲ, ਜ਼ੋਨ ਆਗੂ ਜੁਝਾਰ ਲੌਂਗੋਵਾਲ, ਇਕਾਈ ਆਗੂ ਕਮਲਜੀਤ ਵਿੱਕੀ ਨੇ ਸੰਬੋਧਨ ਕੀਤਾ। ਜਸਵੀਰ ਸੋਨੀ ਨੇ ਜਾਦੂ ਦੇ ਟ੍ਰਿਕ ਵਿਖਾਏ। ਸ਼ਾਮ ਸਮੇਂ ਵੈਨ ਜਵਾਹਰ ਨਵੋਦਿਆ ਵਿਦਿਆਲਯ ਲੌਂਗੋਵਾਲ ਅਤੇ ਰਾਮਲੀਲਾ ਗਰਾਊਂਡ ਵਿਖੇ ਲਗਾਈ ਗਈ। ਪ੍ਰੋਗਰਾਮਾਂ ਦੀ ਸਫਲਤਾ ਵਿੱਚ ਸੰਦੀਪ ਸਿੰਘ, ਗਗਨਦੀਪ ਸਿੰਘ, ਗੁਰਜੀਤ ਸਿੰਘ, ਬੀਰਬਲ ਸਿੰਘ ਦਾ ਪੂਰਾ ਸਹਿਯੋਗ ਰਿਹਾ।

**ਇਕਾਈ ਸੁਨਾਮ** : 22-23 ਜੁਲਾਈ : ਸਰਕਾਰੀ ਹਾਈ ਸਕੂਲ ਨੰਗਲ, ਭਾਈ ਕੀ ਪਸ਼ੌਰ ਅਤੇ ਮਾਡਰਨ ਕਾਲਜ ਆਫ ਐਜੂਕੇਸ਼ਨ, ਬੀਰ ਕਲਾਂ ਵਿਖੇ ਵੈਨ ਦੀ ਆਮਦ ਤੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤੇ ਗਏ। ਸੂਬਾਈ ਆਗੂ ਹਰਿੰਦਰ ਲਾਲੀ ਨੇ ਸੰਬੋਧਨ ਕੀਤਾ, ਜਸਵੀਰ ਸੋਨੀ ਨੇ ਜਾਦੂ ਦੇ ਟ੍ਰਿਕ ਵਿਖਾਏ। ਵੈਨ ਮੇਨ ਬਾਜ਼ਾਰ ਸੁਨਾਮ ਵਿਖੇ ਵੀ ਦੋਵੇਂ ਦਿਨ ਲਗਾਈ ਗਈ। ਭੋਲਾ ਸਿੰਘ ਮਾਡਲ ਟਾਊਨ ਨੇ ਗੀਤ ਪੇਸ਼ ਕੀਤੇ। ਪ੍ਰੋਗਰਾਮਾਂ ਦੀ ਸਫਲਤਾ ਵਿੱਚ ਸੁਖਜਿੰਦਰ ਸਿੰਘ, ਰਾਜ ਸੁਨਾਮ ਦਾ ਭਰਪੂਰ ਸਹਿਯੋਗ ਰਿਹਾ।

**ਇਕਾਈ ਛਾਜਲੀ** : 24-25 ਜੁਲਾਈ : ਇਕਾਈ ਵੱਲੋਂ ਸ.ਸ.ਸ.ਸ. (ਲੜਕੀਆਂ) ਲਹਿਰਾਗਾਗਾ, ਸ.ਹ.ਸ. ਸੰਗਤਪੁਰਾ, ਸ.ਸ.ਸ.ਸ. (ਲੜਕੇ) ਲਹਿਰਾਗਾਗਾ, ਡੀ.ਏ.ਵੀ. ਪਬਲਿਕ ਸਕੂਲ ਖੋਖਰ ਅਤੇ ਪਿੰਡ ਛਾਜਲਾ ਦੀ ਸੱਥ ਵਿੱਚ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤੇ ਗਏ। ਇਹਨਾਂ ਪ੍ਰੋਗਰਾਮਾਂ ਨੂੰ ਸੂਬਾਈ ਆਗੂ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਜਸਵੀਰ ਸੋਨੀ ਨੇ ਜਾਦੂ ਦੇ ਟ੍ਰਿਕ ਵਿਖਾਏ। ਇਹਨਾਂ ਪ੍ਰੋਗਰਾਮਾਂ ਦੀ ਸਫਲਤਾ ਵਿੱਚ ਲਾਭ ਸਿੰਘ ਛਾਜਲਾ ਦਾ ਭਰਪੂਰ ਸਹਿਯੋਗ ਰਿਹਾ।

**ਇਕਾਈ ਦਿੜਬਾ** : 29-30 ਜੁਲਾਈ : ਇਕਾਈ ਵੱਲੋਂ ਸ.ਸ.ਸ.ਸ. ਕੌਹਰੀਆਂ, ਗੁਜਰਾਂ ਅਤੇ ਬਰਾਈਟ ਸਟਾਰ ਪਬਲਿਕ ਸਕੂਲ, ਦਿੜਬਾ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤੇ ਗਏ ਜਿੰਨ੍ਹਾਂ ਨੂੰ ਤਰਕਸ਼ੀਲ ਆਗੂ ਲਾਭ ਸਿੰਘ ਛਾਜਲਾ ਨੇ ਸੰਬੋਧਨ ਕੀਤਾ। ਜਸਵੀਰ ਸੋਨੀ ਨੇ ਜਾਦੂ ਦੇ ਟ੍ਰਿਕ ਵਿਖਾਏ। ਪ੍ਰੋਗਰਾਮਾਂ ਦੀ ਸਫਲਤਾ ਵਿੱਚ ਪੱਤਰਕਾਰ ਹਰਮੇਸ਼ ਮੇਸ਼ੀ, ਤਰਸੇਮ ਸਿੰਘ, ਮਨਪ੍ਰੀਤ ਰਾਣਾ, ਮਾਸਟਰ ਨੈਬ ਸਿੰਘ ਨੇ ਪੂਰਨ ਸਹਿਯੋਗ ਦਿੱਤਾ।

30 **ਜੁਲਾਈ** : ਸ਼ਾਮ ਵੇਲੇ ਵੈਨ ਇਕਾਈ ਸੁਨਾਮ ਵੱਲੋਂ ਕਚਿਹਰੀ, ਬਸ ਸਟੈਂਡ, ਉਗਰਸੈਨ ਚੌਂਕ ਵਿਖੇ ਲਗਾਈ ਗਈ। ਜਿਸ ਵਿੱਚ ਹਰਿੰਦਰ ਲਾਲੀ, ਰਾਜ ਬਲਵਿੰਦਰ, ਸੰਦੀਪ ਸਿੰਘ ਨੇ ਪੂਰਾ ਸਹਿਯੋਗ ਦਿੱਤਾ।

# ...ਮੈਂ ਤੁਰਦਾ ਹਾਂ ਤਾਂ ਰਾਹ ਬਣਦੇ



16 ਸਤੰਬਰ 1929 - 27 ਸਤੰਬਰ 2011

ਇੱਕ ਕਰਮਯੋਗੀ, ਚਿੰਤਕ, ਰੰਗਕਰਮੀ, ਪ੍ਰਤੀਬੱਧ ਲੇਖਕ, ਪ੍ਰਕਾਸ਼ਕ, ਸਭਿਆਚਾਰਕ ਅਤੇ ਇਨਕਲਾਬੀ ਵਿਚਾਰਧਾਰਾ ਦੇ ਧਾਰਨੀ ਵਜੋਂ, ਭਾਅ ਜੀ ਗੁਰਸ਼ਰਨ ਦੀ ਬਹੁ-ਪੱਖੀ ਸਖਸ਼ੀਅਤ ਦੇ ਕਈ ਪਾਸਾਰ ਹਨ, ਜੋ ਸਮਾਜਕ ਤਬਦੀਲੀ ਵਿੱਚ ਲੱਗੇ ਕਰਮੀਆਂ ਲਈ ਪ੍ਰੇਰਕ ਬਣੇ ਰਹਿਣਗੇ। ਸਮਾਜਕ ਬਰਾਬਰੀ ਉਹਨਾਂ ਦਾ ਆਦਰਸ਼ ਸੀ ਅਤੇ ਇਨਕਲਾਬੀ ਤਬਦੀਲੀ ਇਸ ਦਾ ਜ਼ਰੀਆ। ਚੜ੍ਹਦੀ ਉਮਰੇ ਹੀ ਉਹ ਆਪਣੇ ਆਦਰਸ਼ ਵਿੱਚ ਅਜਿਹੇ ਰੰਗੇ ਗਏ ਜੋ ਆਖਰੀ ਦਮ ਤੱਕ ਮਾਂਦ ਨਹੀਂ ਪਿਆ। ਆਦਰਸ਼ ਦੀ ਇਕਾਗਰਤਾ ਉਹਨਾਂ ਦੇ ਜੀਵਨ ਦੇ ਹਰ ਇਜ਼ਹਾਰ ਵਿੱਚ ਪ੍ਰਕਾਸ਼ਮਾਨ ਹੋਈ ਦਿਸਦੀ ਹੈ। ਤਬਦੀਲੀ ਦੀ ਇੱਛਾ ਕਰਦੇ ਬਹੁਤ ਕਾਮੇ ਮਨੋਰਥ ਦੀ ਇਕਾਗਰਤਾ ਦੇ ਇਸ ਗੁਣ ਤੋਂ ਵਿਰਵੇ ਰਹਿੰਦੇ ਹਨ ਤੇ ਉਹਨਾਂ ਦਾ ਸਾਰੀ ਉਮਰ ਦਾ ਕੰਮ ਵੀ ਸਮੇਂ ਦੀ ਰੇਤ 'ਤੇ ਕੋਈ ਨਿਸ਼ਾਨ ਨਹੀਂ ਛੱਡਦਾ ਪਰ ਭਾਅ ਜੀ ਦੀ ਵੱਖਰੀ ਪ੍ਰਾਪਤੀ ਹੈ। ਚਿੰਤਨ ਅਤੇ ਅਮਲ ਦੀ ਇੱਕਮਿਕਤਾ ਦੇ ਧਾਰਨੀ ਭਾਅ ਜੀ ਲਈ ਜ਼ਿੰਦਗੀ ਹਮੇਸ਼ਾਂ ਉਤਸਵ ਵਾਂਗ ਰਹੀ। ਉਹ ਕਦੇ ਢਹਿੰਦੀਆਂ ਕਲਾਂ 'ਚ ਨਹੀਂ ਦਿਸੇ। ਹਮੇਸ਼ਾਂ ਆਦਰਸ਼ਾਂ ਨਾਲ ਨਸ਼ਿਆਏ ਰਹੇ। ਉਹਨਾਂ ਨੂੰ ਯਾਦ ਕਰਨ ਦਾ ਮਤਲਬ ਉਹਨਾਂ ਦੇ ਆਦਰਸ਼ਾਂ ਨਾਲ ਜੁੜਨਾ ਹੈ ਤੇ ਉਸ ਰਾਹ 'ਤੇ ਸਾਬਤ ਕਦਮੀ ਤੁਰਨਾ ਹੈ ਜਿਸ ਦੀ ਮੰਜ਼ਿਲ ਜਿਸਦੀ ਮੰਜ਼ਿਲ ਭਰਮ ਮੁਕਤ ਬਰਾਬਰੀ ਵਾਲਾ ਸਮਾਜ ਹੈ।

* ਗੁਰਸ਼ਰਨ ਸਿੰਘ ਇੱਕ ਜਜ਼ਬਾ ਹੈ ਤੇ ਜਜ਼ਬਾ ਕਦੇ ਨਹੀਂ ਮਰਦਾ। *...ਡਾ. ਆਤਮਜੀਤ*
* ਉਹ ਪੰਜਾਬੀ ਰੰਗ ਮੰਚ ਦਾ ਅਜਿਹਾ ਬੋਹੜ ਹੈ ਜਿਸਨੇ ਆਪਣੀ ਛਾਂ ਥੱਲੇ ਲੋਕ ਚੇਤਨਾ ਦਾ ਛੱਟਾ ਦੇਣ ਲਈ ਅਨੇਕਾਂ ਰੁਖ ਪਾਲੇ। *...ਪ੍ਰੋ. ਅਜਮੇਰ ਔਲਖ*
* ਗੁਰਸ਼ਰਨ ਸਿੰਘ ਜਿਹੜੀ ਸੀਮੈਂਟ ਦੀ ਨੀਂਹ ਉਸਾਰ ਕੇ ਗਏ ਹਨ ਅਸੀਂ ਉਸ 'ਤੇ ਸਮਾਜਕ ਬਰਾਬਰੀ ਦੀ ਇਮਾਰਤ ਖੜ੍ਹੀ ਕਰਨੀ ਹੈ। *...ਅਰੁੰਧਤੀ ਰਾਏ*
* ਮੈਂ ਆਪਣੇ ਪਾਪਾ ਜੀ ਦੇ ਮੂੰਹੋਂ ਸਾਰੀ ਉਮਰ ਦੋ ਗੱਲਾਂ ਨਹੀਂ ਸੁਣੀਆਂ। ਪਹਿਲੀ ਗਾਲ੍ਹ 'ਤੇ ਦੂਸਰਾ ਰੱਬ। ਆਖਰੀ ਦਿਨਾਂ 'ਚ ਵੀ ਉਨ੍ਹਾਂ ਕਦੇ ਹਾਏ ਜਾਂ ਰੱਬਾ ਨਹੀਂ ਕਿਹਾ। *...ਡਾ. ਅਰੀਤ*

*ਪਲਸ ਮੰਚ ਵੱਲੋਂ ਵਿਸ਼ਵ ਰੰਗ ਮੰਚ ਦਿਵਸ 'ਤੇ ਗੁਰਸ਼ਰਨ ਭਾਅ ਜੀ ਦੀ ਯਾਦ 'ਚ 27 ਸਤੰਬਰ 2015 ਨੂੰ ਨਾਟਕਾਂ ਭਰੀ ਰਾਤ ਨਵੀਂ ਦਾਣਾ ਮੰਡੀ ਬਰਨਾਲਾ ਵਿਖੇ ਹੋ ਰਹੀ ਹੈ।*

## ਲੀਓ ਟਾਲਸਟਾਏ ਨੇ ਕਿਹਾ :



ਜਨਮ 9 ਸਤੰਬਰ 1828

* ਸਾਰੇ ਬੰਦੇ ਦੁਨੀਆਂ ਨੂੰ ਬਦਲਣ ਦੀਆਂ ਗੱਲਾਂ ਕਰਦੇ ਹਨ, ਆਪਣੇ ਆਪ ਨੂੰ ਬਦਲਣ ਦੀ ਗੱਲ ਕੋਈ ਨੀ ਕਰਦਾ।
* ਸੰਗੀਤ ਭਾਵਨਾਵਾਂ ਦੀ ਸ਼ਾਰਟਹੈਂਡ ਹੈ।
* ਤਹੱਮਲ ਤੇ ਸਮਾਂ , ਦੋ ਮਹਾਨ ਯੋਧੇ ਹਨ।
* ਜ਼ਿੰਦਗੀ ਦਾ ਇੱਕੋ ਇੱਕ ਅਰਥ, ਮਾਨਵਤਾ ਦੀ ਸੇਵਾ ਹੈ।
* ਸੱਚਾਈ, ਚੰਗਿਆਈ ਤੇ ਸਾਦਗੀ ਤੋਂ ਬਿਨ੍ਹਾਂ, ਕੋਈ ਮਹਾਨਤਾ ਨਹੀਂ ਹੋ ਸਕਦੀ।
* ਮੈਂ ਕਿਸੇ ਦੀ ਪਿੱਠ ਤੇ ਬੈਠਾ ਹਾਂ , ਉਸ ਦਾ ਦਮ ਘੁੱਟ ਰਿਹਾ ਹੈ, ਪਰ ਮੈਂ ਉਸ ਨੂੰ ਚਲਦੇ ਰਹਿਣ ਲਈ ਕਹਿ ਰਿਹਾ ਹਾਂ , ਨਾਲ ਦੀ ਨਾਲ ਆਪਣੇ ਆਪ ਤੇ ਦੂਜਿਆਂ ਨੂੰ ਵਿਸ਼ਵਾਸ਼ ਦੁਆਉਂਦਾ ਹਾਂ ਕਿ ਮੈਨੂੰ ਉਸ ਨਾਲ ਹਮਦਰਦੀ ਹੈ ਤੇ ਉਸ ਨੂੰ ਸੁਖਾਲਾ ਕਰਨ ਲਈ ਹਰ ਸੰਭਵ ਯਤਨ ਕਰਦਾ ਹਾਂ , ਸਿਵਾਏ ਉਸ ਦੀ ਪਿਠ ਤੋਂ ਲਹਿਣ ਦੇ।
* ਕਲਾ ਦਸਤਕਾਰੀ ਨਹੀਂ, ਇਹ ਕਲਾਕਾਰ ਦੁਆਰਾ, ਅਨੁਭਵ ਕੀਤੀਆਂ ਭਾਵਨਾਵਾਂ ਦੀ ਕਾਇਆਕਲਪ ਹੈ।
* ਸਾਰੇ ਖੁਸ਼ ਪਰਿਵਾਰ, ਇੱਕ ਦੂਜੇ ਨਾਲ ਮਿਲਦੇ ਜੁਲਦੇ ਹਨ ਪਰ ਨਾਖੁਸ਼ ਪਰਿਵਾਰ, ਆਪਣੇ ਨਿਵੇਕਲੇ ਅੰਦਾਜ ਵਿੱਚ ਨਾਖੁਸ਼ ਹੁੰਦਾ ਹੈ।

ਜਿਲਦ ਨੰ. 12 ਰਜਿ ਨੰ: PUNPUN/2002/5393 ਅੰਕ : 5

## ਕੌਮੀ ਤਰਕਸ਼ੀਲ ਲਹਿਰ ਦੀ ਪੁਲਾਂਘ







ਅੰਧ ਸ਼ਰਧਾ ਨਿਰਮੂਲਨ ਸਮਿਤੀ ਮਹਾਂਰਾਸ਼ਟਰ ਦੀ ਸਿਲਵਰ ਜੁਬਲੀ 'ਤੇ 7-9 ਅਗਸਤ ਨੂੰ
ਪੂਨਾ ਵਿਖੇ ਹੋਏ ਸਮਾਰੋਹ ਦੀਆਂ ਝਲਕਾਂ

ਤਸਵੀਰ : ਹਰਚੰਦ ਭਿੰਡਰ

## ਪਾਠਕਾਂ ਸੰਗ ਸੰਵਾਦ



ਲੁਧਿਆਣਾ ਜੋਨ 'ਚ ਕੋਹਾੜਾ ਇਕਾਈ ਵੱਲੋਂ ਕਰਵਾਈ ਗਈ ਤਰਕਸ਼ੀਲ ਪਾਠਕ ਮਿਲਣੀ
ਦਾ ਇੱਕ ਭਾਵਪੂਰਤ ਦ੍ਰਿਸ਼

ਤਸਵੀਰ : ਰਾਜਿੰਦਰ ਜੰਡਿਆਲੀ

If undelivered please return to :

**Tarksheel**

**Tarksheel Bhawan, Tarksheel Chowk,**
**Sanghera ByPass, BARNALA-148101**
**Post Box No. 55**

Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ..........................................................

..........................................................

..........................................................